# ਚਿਰਾਗ

ਜੁਲਾਈ-ਸਤੰਬਰ 2010

**July-September 2010**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਚਿਰਾਗ਼



20 ਰੁਪਏ 73 ਜੁਲਾਈ-ਸਤੰਬਰ 2010

# ਚਿਰਾ.ਗ ਤਿਮਾਹੀ
## ਜੁਲਾਈ-ਸਤੰਬਰ 2010


ਸੰਪਾਦਕ ਹਰਭਜਨ ਸਿੰਘ ਹੁੰਦਲ
ਸੰਪਾਦਕੀ ਮੰਡਲ- ਡਾ. ਕਰਮਜੀਤ ਸਿੰਘ, ਸੁਰਜੀਤ ਗਿੱਲ,
ਲਾਲ ਸਿੰਘ, ਸੁਲੱਖਣ ਸਰਹੱਦੀ, ਜਰਨੈਲ ਸਿੰਘ ਟਰਾਂਟੋ
ਪ੍ਰਤੀਨਿਧ- ਗਿਆਨ ਸਿੰਘ ਬਿਲਗਾ, ਯੂ.ਐਸ.ਏ., ਨਵਤੇਜ ਸਿੰਘ (ਕੈਨੇਡਾ)


## ਤਤਕਰਾ


| | |
|---|---|
| ❖ ਸੰਪਾਦਕੀ ਟਿੱਪਣੀ | ਲੇਖਕ ਤੇ ਰਾਜਨੀਤੀ |
| ❖ ਇਸ ਵਾਰ ਦਾ ਵਿਸ਼ੇਸ਼ ਕਵੀ | ਪ੍ਰੋ. ਹਰਦਿਆਲ ਸਾਗਰ ਦੀਆਂ ਪੰਜ ਸੱਜਰੀਆਂ .ਗਜ਼ਲਾਂ |
| ❖ ਨਜ਼ਮਾਂ | ਡਾ. ਗੁਰਬਖਸ਼ ਸਿੰਘ, ਹਰੀ ਸਿੰਘ ਮੋਹੀ |
| ❖ ਵਤਨੋਂ ਦੂਰ | ਵਰਿੰਦਰ ਪ੍ਰੀਹਾਰ ਦੀਆਂ ਨਜ਼ਮਾਂ |
| ❖ ਪੰਜਾਬੀ ਕਹਾਣੀ | ਸੁੱਚਾ (ਅਮਰ ਸੂ.ਫੀ), ਜੁਗਨੂੰ ਤੇ ਵੱਡਾ ਕਾਮਰੇਡ (ਪ੍ਰੋ. ਦਵਿੰਦਰ ਮੰਡ) |
| ❖ ਵਾਹਗਿਓਂ ਪਾਰ | ਬਾਬਾ ਨਜਮੀਂ (ਅ.ਫਜ਼ਲ ਤੌਸੀ.ਫ), .ਗਜ਼ਲ (ਗੁਲਾਮ ਮੁਸਤਫਾ ਬਿਲਮਿਲ) ਇੰਟਰਵਿਊ (ਫਹਿਮੀਦਾ ਰਿਆਜ਼) |
| ❖ ਯਾਦਾਂ ਸੰਨ ਸੰਤਾਲੀ | ਜੋਤਹੀਣ ਅੱਖਾਂ ਦਾ ਦਰਦ (ਤਲਵਿੰਦਰ ਸਿੰਘ), ਕਵਿਤਾ (ਹਰੀ ਸਿੰਘ ਮੋਹੀ) |
| ❖ ਸਾਹਿਤ ਚਿੰਤਨ | ਕਵਿਤਾ ਦੀ ਸਿਰਜਣਾ (ਹਰਭਜਨ ਸਿੰਘ ਹੁੰਦਲ), ਲੇਖਕ ਦੀ ਸ਼ਕਤੀ (ਯੂਰੀ ਕਾਜ਼ਾ ਕੋਵ) |
| ❖ .ਗਜ਼ਲਾਂ | ਕੁਲਵਿੰਦਰ ਬੱਛੋਆਣਾ, ਗੁਰਭਜਨ ਗਿੱਲ, ਸੋਮਦੱਤ ਦਿਲਗੀਰ, ਹਰਚਰਨ ਸ਼ਰੀ.ਫ, ਭੁਪਿੰਦਰ ਸੰਧੂ |
| ❖ ਪੁਸਤਕ ਪੜਚੋਲ | ਪੰਜ ਵਿਸ਼ਵ ਕਵੀ (ਡਾ. ਪ੍ਰੇਮ ਸਿੰਘ), ਬਾਬਾ ਬੂਝਾ ਸਿੰਘ, ਢਾਹਵਾਂ ਦਿੱਲੀ ਦੇ ਕਿੰਗਰੇ (ਕਾਮਰੇਡ ਸੁਰਜੀਤ ਗਿੱਲ), ਟੁਕੜੇ-ਟੁਕੜੇ ਸੂਰਜ, ਧਰਤੀ ਅੰਬਰ ਤੇ ਖੁਸ਼ਬੂ (ਸੁਲੱਖਣ ਸਰਹੱਦੀ) |
| ❖ ਪੁਸਤਕ ਪ੍ਰਾਪਤੀ | ❖ ❖ ❖ |
| ❖ ਮੁੱਖ ਚਿੱਤਰ | ਲੱਕੜ ਕਲਾ (ਚਰਨਜੀਤ ਸਿੰਘ ਜੈਤੋ) |



Postal Address:
Harbhajan Singh Hundal,
V.FAtu Chak,
P.O. Dhilwan
Distt. Kapurthala -144804
(Pb.) India
Phone No. 01822-273188
(M) 99150-42242
Website : www.punjabilokyan.com



ਚੰਦਿਆਂ ਦਾ ਵੇਰਵਾ

| | |
|---|---|
| ਦੇਸ਼ ਵਾਰਸ਼ਿਕ | : 80 ਰੁ. |
| ਇਕ ਪਰਚਾ | : 20 ਰੁ. |
| ਸੰਸਥਾਵਾਂ (ਵਾਰਸ਼ਿਕ) | : 100 ਰੁ. |
| ਯੂਰੋਪ | : 10 ਪੌਂਡ |
| ਅਮਰੀਕਾ | : 12 ਡਾਲਰ |
| ਕੈਨੇਡਾ | : 15 ਡਾਲਰ |

Email : kjskurukshetra@yahoo.com

ਚੰਦਾ ਸਿਰ.ਫ ਮਨੀ ਆਰਡਰ ਰਾਹੀਂ ਭੇਜਿਆ ਜਾਵੇ।

ਚਿਰਾ.ਗ ਡਾਇਰੈਕਟਰ ਸਿੱਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ. 4/1-96
ਐਡੀਟਰ (ਪੰ) ਮਿਤੀ 3-9-1096 ਦੇ ਅਨੁਸਾਰ ਹਾਈ /ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ।



ਰਚਨਾ 'ਚ ਦਰਜ ਵਿਚਾਰਾਂ ਲਈ ਲੇਖਕ ਖੁਦ ਜ਼ਿੰਮੇਵਾਰ ਹੈ। ਕਿਸੇ ਕਿਸਮ ਦੀ ਅਦਾਲਤੀ ਕਾਰਵਾਈ ਸਿਰ.ਫ ਜਲੰਧਰ 'ਚ ਹੋ ਸਕਦੀ ਹੈ।



ਡਾ. ਅਨੂਪ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਛਾਬੜਾ ਕੰਪਿਊਟਰ ਅਤੇ ਪ੍ਰਿੰਟਰਜ਼
282 -ਢੰਨ ਰੋਡ, ਜਲੰਧਰ (ਫੋਨ- 98142-73311) ਤੋਂ ਛਪਵਾ ਕੇ ਸ਼ਹੀਦ ਸਰਵਣ ਸਿੰਘ ਚੀਮਾ ਭਵਨ
352 /1 ਗੜ੍ਹਾ (ਜਲੰਧਰ) ਫੋਨ-0181-2483033 ਤੋਂ ਪ੍ਰਕਾਸ਼ਿਤ ਕੀਤਾ।

ਪ੍ਰਕਾਸ਼ਨ ਮਿਤੀ - 30 ਜੂਨ, 2010




# ਲੇਖਕ ਤੇ ਰਾਜਨੀਤੀ

## (ਸੰਦਰਭ ਪੰਜਾਬੀ ਸਾਹਿਤ ਅਕੈਡਮੀ ਦੀ ਚੋਣ)

2 ਮਈ 2010 ਨੂੰ ਪੰਜਾਬੀ ਸਾਹਿਤ ਅਕੈਡਮੀ ਦੀ ਚੋਣ ਹੋਣੀ ਸੀ। ਕਾ.ਫੀ ਦੇਰ ਪਹਿਲਾਂ ਤੋਂ ਹੀ ਸਰਗਰਮੀਆਂ ਤੇਜ਼ ਹੋ ਗਈਆਂ। ਇਹ ਚੋਣ ਕਿਸੇ ਚੀ.ਫ ਮਨਿਸਟਰ ਦੀ ਚੋਣ ਤੋਂ ਘੱਟ ਨਹੀਂ ਸੀ। ਇਸ ਲਈ ਸਮਝੌਤੇ ਦੇ ਯਤਨ ਆਰੰਭ ਹੋਏ। ਇਕ ਪਾਸੇ ਗਿੱਲ ਧੜਾ ਤੇ ਦੂਜੇ ਪਾਸੇ ਖੱਬੇ ਪੱਖੀ। ਗਿੱਲ ਧੜੇ ਨੇ ਸਮਝੌਤੇ ਦਾ ਸਿਰ.ਫ ਇੱਕ ਮੁੱਦਾ ਰੱਖਿਆ ਕਿ ਸੁਰਜੀਤ ਪਾਤਰ ਪ੍ਰਧਾਨ ਦੇ ਤੌਰ 'ਤੇ ਪ੍ਰਵਾਨ ਕਰ ਲਿਆ ਜਾਵੇ ਤੇ ਬਾਕੀਆਂ ਸੀਟਾਂ ਉੱਪਰ ਚੋਣ ਲੜੀ ਜਾਵੇ। ਅਮਰਜੀਤ ਗਰੇਵਾਲ ਆਖ਼ਿਰ ਤੱਕ ਇਸੇ ਨੁਕਤੇ ਤੇ ਅੜਿਆ ਰਿਹਾ। ਅਸਲ ਵਿਚ ਇਹ ਸਮਝਤਾ ਨਾ ਹੋਣਾ ਸੀ ਤੇ ਨਾ ਹੀ ਹੋਇਆ। ਦੋਨੋਂ ਧਿਰਾਂ ਮੈਦਾਨ ਵਿਚ ਆ ਗਈਆਂ।

ਹੁਣ ਛਿੜੀ ਸਾਈਬਰ ਜੰਗ। ਈ. ਮੇਲਾਂ, ਐਸ. ਐਮ. ਐਸ. ਨਾਲ ਘੜਮੱਸ ਮੱਚ ਗਿਆ। ਵਿਅਕਤੀਗਤ ਐਸ. ਐਮ. ਐਸ. ਸਮੂਹ ਵਲੋਂ ਐਸ. ਐਮ. ਐਸ.। ਇਥੋਂ ਤੱਕ ਕਿ ਅਜੇ ਪ੍ਰਧਾਨ ਚੋਣ ਜਿੱਤਿਆ ਹੀ ਸੀ ਕਿ ਲੰਬੇ ਐਸ. ਐਮ. ਐਸ. ਦਾ ਹੜ੍ਹ ਆ ਗਿਆ। ਜਿਸਦਾ ਵਿਸ਼ਾ ਇਹ ਸੀ ਕਿ ਪਾਤਰ ਐਂਡ ਕੰਪਨੀ ਨੇ ਬੜੀ ਤਰਕ ਪੂਰਨ ਢੰਗ ਨਾਲ ਸਹੀ ਧੜੇ ਨੂੰ ਸਮਰਥਨ ਦਿੱਤਾ ਸੀ। ਜਦੋਂ ਅਗਾਂਹ ਕੁਝ ਲੋਕ ਹਾਰਨ ਲੱਗੇ ਤਾਂ ਇ ਐਸ. ਐਮ. ਐਸ. ਨਹੀਂ ਦੁਹਰਾਇਆ ਗਿਆ। ਅਖ਼ਬਾਰਾਂ ਵਿਚ ਹਰ ਰੋਜ਼ ਇਸ਼ਤਿਆਹਬਾਜ਼ੀ, ਬਿਆਨਬਾਜ਼ੀ ਜਾਰੀ ਰਹੀ। ਡਾਕ ਰਾਹੀਂ ਪੈਨਲਾਂ ਦੇ ਅਤੇ ਵਿਅਕਤੀਗਤ ਪੱਤਰ ਲੋਕਾਂ ਤੱਕ ਪਹੁੰਚਦੇ ਰਹੇ। ਪਾਤਰ ਦੇ ਵਿਸ਼ੇਸ਼ ਬਿਆਨ ਵੀ ਛਪਦੇ ਰਹੇ ਕਿ ਉਸਨੇ ਸਹੀ ਧੜੇ ਦਾ ਸਮਰਥਨ ਕੀਤਾ ਹੈ। ਦਿੱਕਤ ਉੱਥੇ ਆਉਂਦੀ ਹੈ, ਜਦੋਂ ਪਾਤਰ ਨੂੰ ਸੀਨੀਅਰ ਉਪ-ਪ੍ਰਧਾਨ ਦਾ ਉਮੀਦਵਾਰ ਹਰਭਜਨ ਸਿੰਘ ਹੁੰਦਲ ਸਮਰਥਨ ਲਈ ਫੋਨ ਕਰਦਾ ਹੈ ਤਾਂ ਉਹ ਇਹ ਕਹਿੰਦਾ ਹੈ ਕਿ ਸਾਰੇ ਕਮਿਊਨਿਸਟ ਮਿਲਕੇ ਰਾਜਨੀਤੀ ਕਰ ਰਹੇ ਹਨ। ਭਾਵੇਂ ਹੁੰਦਲ ਇੰਨਾ ਹੀ ਜਵਾਬ ਦਿੰਦਾ ਹੈ ਕਿ ਚੋਣਾਂ ਵਿਚ ਜਾਣ ਸਮੇਂ ਰਾਜਨੀਤੀ ਨੂੰ ਘਰ ਨਹੀਂ ਛੱਡ ਕੇ ਜਾਇਆ ਜਾ ਸਕਦਾ। ਪਰ ਗੱਲ ਇਸ ਤੋਂ ਅਗਾਂਹ ਵਿਚਾਰਨ ਦੀ ਹੈ ਕਿ ਕੀ ਗਿੱਲ ਧੜਾ ਕਿਸੇ ਰਾਜਨੀਤਿਕ ਪਾਰਟੀ ਨਾਲ ਨਹੀਂ ਸੀ ਜੁੜਿਆ ਹੋਇਆ? ਜਦੋਂ ਪਟਿਆਲਾ ਯੂਨੀਵਰਸਿਟੀ ਦਾ ਵਾਈਸ ਚਾਂਸਲਰ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੇ ਪ੍ਰਧਾਨ ਨੂੰ ਗਿੱਲ ਧੜੇ ਦੇ ਸਮਰਥਨ ਲਈ ਜ਼ੋਰ ਦੇਵੇ ਤਾਂ ਇਸਦਾ ਅਰਥ ਕੀ ਹੈ?

ਇਸਦਾ ਅਰਥ ਇਹ ਹੈ ਕਿ ਵੀ. ਸੀ. ਸਾਹਿਬ ਅਗਾਂਹ ਸੱਤਾਧਾਰੀ ਅਕਾਲੀ ਪਾਰਟੀ ਨਾਲ ਜੁੜੇ ਹੋਏ ਹਨ। ਡਾ. ਸਤਿੰਦਰ ਸਿੰਘ ਨੂਰ ਅਤੇ ਸਾਹਿਤ ਅਕੈਡਮੀ ਦਿੱਲੀ ਦੇ ਵਾਈਸ ਪ੍ਰਧਾਨ ਹਨ। ਉਹ ਅੱਜਕੱਲ ਮਨਮੋਹਨ ਸਿੰਘ ਦੀ ਬਹੁਤ ਸਿ.ਫਤ ਕਰ ਰਹੇ ਹਨ, ਸਿੱਧੀ ਕਾਂਗਰਸ ਦੀ ਭਾਵੇਂ ਨਹੀਂ। ਮਨਮੋਹਨ ਦੀਪਕ ਦੀ ਪਾਰਟੀ ਕਮਿਟਮੈਂਟ ਬਾਰੇ ਕਿਸੇ ਨੂੰ ਸ਼ੱਕ ਨਹੀਂ। ਕਿਤੇ ਬੀ. ਜੇ. ਪੀ. ਵੀ ਸਾਥ ਦੇ ਰਹੀ ਸੀ, ਕੁਲ ਮਿਲਾ ਕੇ ਕਾਂਗਰਸ, ਅਕਾਲੀ ਇਕ

ਪਾਸੇ ਅੱਧ-ਪਚੱਧੀਆਂ ਇਸ ਕਰਕੇ ਕਿ ਕੁਝ ਖੱਬੀਆਂ ਧਿਰਾਂ ਨੇ ਆਪਸੀ ਅੰਤਰ ਵਿਰੋਧਤਾਈਆਂ ਦੇ ਚਲਦੇ ਜਾਂ ਵਿਅਕਤੀਗਤ ਇੱਛਾਵਾਂ ਕਰਕੇ ਜਾਂ ਫਿਰ ਵਾਈਸ ਚਾਂਸਲਰਾਂ ਨੂੰ ਖੁਸ਼ ਕਰਨ ਲਈ ਗਿੱਲ ਧੜੇ ਦਾ ਸਮਰਥਨ ਕੀਤਾ। ਕੁਝ ਕੁ ਲੋਕਾਂ ਨੇ ਇਹ ਮੁੱਦਾ ਵੀ ਬਣਾਇਆ ਕਿ ਖੱਬੀ ਧਿਰ ਦਾ ਪ੍ਰਧਾਨ ਆਪਣੀਆਂ ਪਿਛਲੀਆਂ ਕਾਰਗੁਜ਼ਾਰੀਆਂ ਕਰਕੇ, ਸਾਹਿਤਕ ਪੱਧਰ ਕਾਰਣ ਅਤੇ ਵਿਅਕਤੀਗਤ ਸੀਮਾਵਾਂ ਕਾਰਣ ਕਮਜ਼ੋਰ ਪ੍ਰਧਾਨ ਸੀ। ਇਸ ਵਿਚ ਸੱਚਾਈ ਵੀ ਸੀ ਜਿਸ ਕਾਰਣ ਐਸ. ਤਰਸੇਮ ਸਭ ਤੋਂ ਵੱਧ ਵੋਟਾਂ ਨਾਲ ਹਾਰਿਆ।

ਪਰ ਗਿੱਲ ਧੜੇ ਦੇ 'ਹੂੰਝਾ ਫੇਰੂ ਜਿੱਤ ਦੇ ਸੁਪਨੇ' ਪੂਰੇ ਨਹੀਂ ਹੋ ਸਕੇ। ਸਕੱਤਰ ਦੇ ਤੌਰ ਤੇ ਡਾ. ਸੁਖਦੇਵ ਸਿੰਘ 'ਸਿਰਸਾ', ਬਾਵਜੂਦ ਆਪਣੇ ਭਰਾ ਦੇ ਕਤਲ ਹੋਣ ਦੇ ਜਿੱਤ ਗਿਆ। ਤਿੰਨ ਮੀਤ ਪ੍ਰਧਾਨ ਵੀ ਗਿੱਲ ਧੜੇ ਤੋਂ ਬਾਹਰ ਦੇ ਆ ਗਏ। ਜੋ ਮੌਕਾਪ੍ਰਸਤ ਕਾਮਰੇਡ ਜੋ ਗਿੱਲ ਧੜੇ ਨਾਲ ਸਨ, ਵੀ ਚੋਣ ਜਿੱਤ ਗਏ। ਇਵੇਂ ਅੱਠ ਦੇ ਕਰੀਬ ਕਾਰਜਕਾਰਨੀ ਦੇ ਮੈਂਬਰ ਵੀ ਜਿੱਤ ਗਏ। ਰਾਜਨੀਤੀ ਦੋਨੋਂ ਪਾਸੇ ਦੀ ਸੀ। ਪਰ ਇਕ ਪਾਸੇ 'ਗੁੰਡਾਗਰਦੀ' ਵਰਗਾ ਮਾਹੌਲ ਬਣਾਇਆ ਜਾ ਰਿਹਾ ਸੀ। ਲੜ ਰਿਹਾ ਪ੍ਰਧਾਨ ਫੜ-ਫੜ ਵੋਟਾਂ ਭੁਗਤਾ ਰਿਹਾ ਸੀ। ਅਕੈਡਮੀ ਦੇ ਗੇਟ ਤੱਕ ਵੋਟਾਂ ਬਣਾਉਣ ਲਈ ਮੇਜ਼ ਲਗਾਏ ਗਏ ਸਨ। ਵਿਚ-ਵਿਚ ਉੱਚੀ-ਉੱਚੀ ਬੋਲ ਕੇ ਲੇਖਕਾਂ ਨੂੰ ਪਹਿਲਾਂ ਹੀ ਡਰਾਉਣ ਦਾ ਯਤਨ ਕੀਤਾ ਜਾ ਰਿਹਾ ਸੀ।

ਅਸਲ ਵਿਚ ਅਜਿਹਾ ਸਭ ਕੁਝ ਕਿਉਂ ਹੋ ਰਿਹਾ ਸੀ? ਸਰਕਾਰ ਦੇ ਨਜ਼ਦੀਕ ਹੋਣ ਲਈ। ਅਕੈਡਮੀ ਦੇ ਪੈਸੇ ਨੂੰ ਮਨਮਰਜ਼ੀ ਨਾਲ ਖਰਚ ਕਰਨ ਦੀ ਨੀਅਤ ਨਾਲ। ਕੁਝ ਇਕ ਪੁਸਤਕ ਲਾਬੀ ਵੀ ਸ਼ਾਇਦ ਇਸ ਕਰਕੇ ਤਰਸੇਮ ਲਾਬੀ ਦਾ ਵਿਰੋਧ ਕਰ ਰਹੀ ਸੀ। ਉਨ੍ਹਾਂ ਨੂੰ ਸਜੀਆਂ ਦੁਕਾਨਾਂ ਉੱਪਰ ਮੁੜ ਕਾਬਜ਼ ਹੋਣ ਦੀ ਆਸ ਸੀ। ਜੋ ਵੀ ਸੀ ਪਰ ਇਹ ਗੈਰ-ਰਾਜਨੀਤੀਕ ਚੋਣ ਨਹੀਂ ਸੀ ਜਿਵੇਂ ਕਿ ਕਿਹਾ ਜਾ ਰਿਹਾ ਸੀ। ਬਹੁਤ ਕੁਝ ਵਾਪਰਿਆ ਜਦੋਂ ਕੁਝ ਸੀਟਾਂ ਤੇ ਹਾਰ ਹੋ ਰਹੀ ਸੀ ਤਾਂ ਡਾ. ਸੁਖਦੇਵ ਸਿੰਘ ਦੇ ਰਿਸ਼ਤੇਦਾਰਾਂ ਦੇ ਲਾਈਸੈਂਸੀ ਹਥਿਆਰ ਪੁਲਿਸ ਕੋਲ ਜਮ੍ਹਾਂ ਕਰਵਾ ਦਿੱਤੇ ਗਏ। ਜਦਕਿ ਕੁਝ ਦਿਨ ਪਹਿਲਾਂ ਉਸਦੇ ਭਰਾ ਦਾ ਕਤਲ ਹੋ ਕੇ ਹਟਿਆ ਸੀ। ਨੀਅਤ ਸ਼ਾਇਦ ਚੋਣ-ਗਿਣਤੀ ਰੋਕਣ ਤੇ ਹੇਰਾਫੇਰੀ ਕਰਨ ਦੀ ਸੀ।

ਇਹ ਵੀ ਸੱਚ ਹੈ ਕਿ ਅਕੈਡਮੀ ਨੂੰ ਲੋਕ-ਪੱਖੀ ਰੱਖਣ ਦਾ ਚਾਹਵਾਨ ਧੜਾ ਗਿੱਲ ਧੜੇ ਦੇ ਹਮਲਾਵਰ ਰੁੱਖ ਦੇ ਬਰਾਬਰ ਦਾ ਪੈਂਤੜਾ ਨਹੀਂ ਬਣਾ ਸਕਿਆ। ਫਿਰ ਵੀ ਪਹਿਲੀ ਵਾਰ ਗੰਭੀਰਤਾ ਨਾਲ ਅਕੈਡਮੀ ਦੀ ਚੋਣ ਵਿਚ ਉਤਰੇ ਖੱਬੇ ਧੜੇ ਨੂੰ ਕਾਫ਼ੀ ਸਫ਼ਲਤਾ ਮਿਲੀ ਹੈ। ਪਹਿਲਾਂ ਤਾਂ ਇਸ ਧੜੇ ਦੀ ਜ਼ਿੰਮੇਦਾਰੀ ਇਹੀ ਬਣਦੀ ਹੈ ਕਿ ਅਕੈਡਮੀ ਵਿਚ ਕਿਸੇ ਵੀ ਤਰ੍ਹਾਂ ਦੀ ਆਪਹੁਦਰੇਪਣ ਨੂੰ ਰੋਕ ਕੇ ਰੱਖਿਆ ਜਾਵੇ। ਤਥਾਕਥਿਤ ਮਹਾਨ ਅਤੇ ਅਲੀਟ ਕਿਸਮ ਦੇ ਸਾਹਿਤਕਾਰਾਂ ਅਤੇ ਆਲੋਚਕਾਂ ਨੂੰ ਅਕੈਡਮੀ ਦੀਆਂ ਕਾਰਗੁਜ਼ਾਰੀਆਂ ਵਿਚ ਦਖਲ ਦੇਣ ਦੀ ਇਜ਼ਾਜਤ ਨਾ ਦਿੱਤੀ ਜਾਵੇ ਅਤੇ ਅਕੈਡਮੀ ਦੇ ਕਾਰਜਾਂ ਨੂੰ ਸਹੀ ਦਿਸ਼ਾ ਪ੍ਰਦਾਨ ਕੀਤੀ ਜਾਵੇ। ਇਥੋਂ ਹੀ ਤੈਅ ਹੋਵੇਗਾ ਕਿ ਅਗਲੇ ਸਮੇਂ ਵਿਚ ਲੋਕਪੱਖੀ ਰਾਜਨੀਤੀ ਦੀ ਕੀ ਸਥਿਤੀ ਰਹਿੰਦੀ ਹੈ। •

- ਸੰਪਾਦਕੀ ਮੰਡਲ





# ਪੰਜ ਗ਼ਜ਼ਲਾਂ

- ਹਰਦਿਆਲ ਸਾਗਰ

ਹਰਦਿਆਲ ਸਾਗਰ ਪੰਜਾਬੀ ਵਿਚ ਡਾ. ਜਗਤਾਰ ਤੇ ਗੁਰਦੀਪ ਵਾਂਗ ਡੂੰਘੇ ਰਾਜਸੀ ਅਰਥਾਂ ਵਾਲਾ ਗ਼ਜ਼ਲ ਕਹਿਣ ਲਈ ਪ੍ਰਸਿੱਧ ਹੈ। ਉਸ ਵਿਚ ਉਸਤਾਦ ਗ਼ਜ਼ਲਗੋਆਂ ਵਰਗੀ ਪਕਿਆਈ ਹੈ। ਪੇਸ਼ ਹਨ ਉਨ੍ਹਾਂ ਦੀਆਂ ਪੰਜ ਗ਼ਜ਼ਲਾਂ

1.

ਬਨੇਰੇ ਤੇ ਜਾਂ ਮੱਥੇ ਵਿਚ ਜਗੇ ਦੀਵਾ ਬਗ਼ਾਵਤ ਹੈ।
ਇਹੀ ਕਹਿੰਦਾ ਹਨ੍ਹੇਰਾ ਹੈ, ਇਹੀ ਕਹਿੰਦੀ ਹਕੂਮਤ ਹੈ।

ਅਸੀਂ ਮਿੱਟੀ ਦੀ ਥਾਂ ਮੁੱਠੀ ਦੇ ਵਿਚ ਹੀ ਬੀਜ ਫੜ ਰੱਖੇ,
ਮਗਰ ਇਸ ਕਤਲ ਦਾ ਇਕ ਖ਼ੂਬਸੂਰਤ ਨਾਂ ਹਿਫ਼ਾਜ਼ਤ ਹੈ।

ਨਹੀਂ ਮਨਜ਼ੂਰ ਥਾਂ ਥਾਂ ਭਟਕਣ, ਗੁਲਦਸਤਿਆਂ ਵਾਂਗਰ,
ਅਸੀਂ ਫੁੱਲ ਹਾਂ, ਅਸਾਡੇ ਕੋਲ ਆ, ਜੇਕਰ ਜ਼ਰੂਰਤ ਹੈ।

ਮੁਹੱਬਤ ਵਿਚ ਝੁਕੇ ਜਿੰਨਾ ਬੁਲੰਦੀ ਮਿਲ ਗਈ ਓਨੀ,
ਬੜਾ ਨੀਵਾਂ ਹੈ ਦਰਵਾਜ਼ਾ, ਬੜੀ ਉੱਚੀ ਇਮਾਰਤ ਹੈ।

ਤੁਸੀਂ ਕਲੀਆਂ ਤੁਹਾਡਾ ਹੱਕ ਹੈ ਖਿੜਣਾ ਚਮਨ ਅੰਦਰ,
ਬਣੋ ਨਾ ਫੁੱਲ ਤਾਂ ਹਥਿਆਰ ਬਣ ਜਾਣਾ, ਇਜਾਜ਼ਤ ਹੈ।

ਤੁਹਾਡਾ ਸ਼ਹਿਰ ਮੇਰੇ ਮੁਲਕ ਦਾ ਹਿੱਸਾ ਨਹੀਂ ਸ਼ਾਇਦ,
ਕਿ ਇਸ ਵਿਚ ਮੌਤ ਨੂੰ ਸੱਦਾ ਬਣੀ ਮੇਰੀ ਸ਼ਨਾਖ਼ਤ ਹੈ।

ਮਹਾਭਾਰਤ ਤੋਂ ਭਾਰਤ ਤੱਕ ਇਹੀ ਇਤਿਹਾਸ ਹੈ ਦੱਸਦਾ,
ਕਿ ਇਸਦਾ ਤਖ਼ਤ ਅੰਨ੍ਹੇ ਹਾਕਮਾਂ ਦੀ ਹੀ ਅਮਾਨਤ ਹੈ।

ਅਸਾਵੇਂ ਤਖ਼ਤ ਨੂੰ ਚਲਣ ਨਹੀਂ ਦੇਣਾ, ਉਹ ਕਹਿੰਦੇ ਨੇ,
ਜੋ ਖ਼ੁਦ ਇਕ ਲੱਤ ਨੇ ਇਸ ਤਖ਼ਤ ਦੀ, ਕੈਸੀ ਸਿਆਸਤ ਹੈ।

2.

ਕਰਦੈ ਜ਼ਿਬ੍ਹਾ ਹਰ ਖ਼ਾਬ ਜੋ ਖੰਜਰ ਤਲਾਸ਼ ਕਰ।
ਹਰ ਮੋੜ ਤੇ ਲਲਕਾਰਦੀ ਚਾਂਘਰ ਤਲਾਸ਼ ਕਰ।

ਥਾਂ-ਥਾਂ ਤੇ ਪਰਚਮ ਝੂਲਦੇ ਨਾ ਦੇਖ ਦੇਖ ਰੀਝ,
ਕਿੱਥੇ ਨੇ ਤੇਰੇ ਜਿਸਮ ਦੇ ਵਸਤਰ ਤਲਾਸ਼ ਕਰ।

ਕਿਸ ਕਿਸ ਨੇ ਤੇਰੀ ਸੋਚ ਨੂੰ ਕੀਤਾ ਹੈ ਤਾਰ ਤਾਰ,
ਕਿਸ ਕਿਸ ਚੁਰਾਈ ਜਿਸਮ ਦੀ ਕਾਤਰ ਤਲਾਸ਼ ਕਰ।

ਜੇਕਰ ਮਸੀਹਾ ਲੱਭਣੈ ਇਸ ਦੌਰ ਦਾ ਤਾਂ ਸੁਣ,
ਦਰ ਦਰ ਤੇ ਭਟਕਣ ਦੀ ਜਗ੍ਹਾ, ਅੰਦਰ ਤਲਾਸ਼ ਕਰ।

ਦਿੱਤੇ ਨੇ ਕਿਸਨੇ ਇਸ਼ਕ ਦੇ ਪੈਰਾਂ ਨੂੰ ਜ਼ਖ਼ਮ ਇਹ,
ਕਿਸਨੇ ਚੁਰਾਈ ਹੁਸਨ ਦੀ ਝਾਂਜਰ ਤਲਾਸ਼ ਕਰ।

ਨਾ ਪਹੁੰਚਿਆ ਮੰਜ਼ਿਲ ਤੇ ਹੀ, ਨਾ ਪਰਤਿਆ ਵਾਪਸ,
ਉਸ ਕਾਫ਼ਲੇ ਨੂੰ ਭੁੱਲ ਜਾ, ਰਹਿਬਰ ਤਲਾਸ਼ ਕਰ।

3.

ਵਤਨ ਨੂੰ ਪਿਆਰ ਕਰਦਾ ਹਾਂ, ਵਤਨ ਦੀ ਖ਼ੈਰ ਚਾਹੁੰਦਾ ਹਾਂ।
ਮੈਂ ਏਸੇ ਵਾਸਤੇ, ਹਾਕਮ ਲਈ ਹਰ ਵਕਤ ਖ਼ਤਰਾ ਹਾਂ।

ਤੂੰ ਆਵੇਂ ਸਾਹਮਣੇ ਤਾਂ ਕਾਸ਼ ਮੈਂ ਇੱਕ ਬੁੱਤ ਬਣ ਜਾਵਾਂ,
ਕਿ ਬਿਨ ਝਪਕਾਏ ਅੱਖਾਂ ਫਿਰ ਤਾਂ ਤੈਨੂੰ ਦੇਖ ਸਕਦਾ ਹਾਂ।

ਤੇਰੇ ਰੁਖ਼ਸਾਰ ਤੇ ਤਿਲ ਬਣ ਸਕਾਂ ਤਾਂ ਭਟਕਣਾ ਮੁੱਕੇ,
ਕਿਸੇ ਜੋਗੀ ਦੇ ਹੱਥੋਂ ਟੁੱਟ ਗਈ ਮਾਲਾ ਦਾ ਮਣਕਾ ਹਾਂ।

ਕਦੀਂ ਸੂਰਜ, ਕਦੀਂ ਖ਼ੁਸ਼ਬੂ, ਕਦੀਂ ਰੱਬ ਨੂੰ ਕਦੀ ਤੈਨੂੰ,
ਮੈਂ ਛੂਹ ਕੇ ਦੇਖਣਾ ਚਾਹੁੰਦਾ, ਮੈਂ ਹਾਲੇ ਤੀਕ ਬੱਚਾ ਹਾਂ।

ਜੋ ਨਿੱਬ ਦੀ ਨੋਕ ਪਰਖਣ ਵਾਸਤੇ ਬਸ ਵਰਤਿਆ ਜਾਂਦੈ,
ਮੈਂ ਬੇਮਤਲਬ ਲਕੀਰਾਂ ਵਾਸਤੇ ਦਰਪੇਸ਼ ਵਰਕਾ ਹਾਂ।

ਕਿਤਾਬਾਂ ਦੀ ਜਗ੍ਹਾਂ ਜ਼ਿੱਲਤ ਹੀ ਜ਼ਿੱਲਤ ਹੈ ਭਰੀ ਜਿਸ ਵਿਚ,
ਕਿਸੇ ਖੋਖੇ ਤੇ ਝਿੜਕਾਂ ਖਾ ਰਹੇ ਬੱਚੇ ਦਾ ਬਸਤਾ ਹਾਂ।

ਕਿਸੇ ਦੇ ਵਾਸਤੇ ਵੀ ਇਸ ਕਦਰ ਤਰਸੀ ਨਹੀਂ ਦੁਨੀਆਂ,
ਖ਼ੁਦਾ ਹਾਂ ਨਾ ਪੈਗੰਬਰ ਹਾਂ, ਅਦਦ ਰੋਟੀ ਦਾ ਟੁਕੜਾ ਹਾਂ।

4.

ਅੱਖ ਦਾ ਹੰਝੂ ਬਣਾ ਜਾਂ ਤਾਰ ਤੇ ਤੁਪਕਾ ਬਣਾ,
ਬੂੰਦ ਇੱਕ ਦਿੱਤੀ ਹੈ ਤੈਨੂੰ, ਜੋ ਵੀ ਹੈ ਬਣਦਾ ਬਣਾ।

ਲਿਖ ਗ਼ਜ਼ਲ ਇਸ ਜ਼ਿੰਦਗੀ ਦੀ ਖ਼ੂਬਸੂਰਤ ਬਹਿਰ 'ਤੇ,
ਯਾਰ ਨੂੰ ਮਤਲਾ ਤੇ ਇਸ ਸੰਸਾਰ ਨੂੰ ਮਕਤਾ ਬਣਾ।

ਇਸ ਤਰ੍ਹਾਂ ਰੁਲ-ਰੁਲ ਕੇ ਵੀ ਜੀਣਾ ਹੈ ਕੋਈ ਜ਼ਿੰਦਗੀ,
ਦਿਨ ਕਟੀ ਹੈ, ਦਿਨ ਕਟੀ ਨੂੰ ਜ਼ਿੰਦਗੀ ਵਰਗਾ ਬਣਾ।



ਸਿਰਜ ਹੁਣ ਯੁੱਗ ਪੰਜਵਾਂ ਤੇ ਨਾਲ ਮੇਰੀ ਅਰਜ਼ ਹੈ,
ਆਦਮੀ ਦੀ ਨਸਲ ਨੂੰ, ਕੁਝ ਸੋਧ ਕੇ ਬੰਦਾ ਬਣਾ।

ਉਮਰ ਭਰ ਉਹ ਭਟਕਦਾ, ਲੱਭਦਾ ਰਿਹਾ ਪਗਡੰਡੀਆਂ
ਮੈਂ ਕਦਮ ਪੁੱਟਿਆ, ਲਿਆ ਪਲ ਵਿਚ ਨਵਾਂ ਰਸਤਾ ਬਣਾ।

ਐ ਖ਼ੁਦਾ ਬਣ ਜਾਏਗਾ ਮੇਰਾ ਵਤਨ ਆਪੇ ਬਹਿਸ਼ਤ,
ਬਸ ਤੂੰ ਮੇਰੇ ਮੁਲਕ ਦੇ ਰਹਿਬਰ ਨੂੰ ਦੇ ਬੱਚਾ ਬਣਾ।

ਹਰ ਕਿਤੇ ਸਜਦੇ 'ਚ ਹੀ ਝੁਕਦਾ ਰਹੇ ਵਾਜਿਬ ਨਹੀਂ,
ਸਿਰ ਜੇ ਮਿਲਿਆ ਹੈ ਤਾਂ ਇਸ ਨੂੰ ਕਾਬਿਲੇ ਸਜਦਾ ਬਣਾ।

5.

ਇਹ ਵਾਦਾ ਹੈ ਮਸੀਹੇ ਦਾ ਬੜਾ ਸਤਿਕਾਰ ਹੋਵੇਗਾ।
ਕਦੀ ਸੂਲੀ, ਕਦੀ ਸੂਲਾਂ ਦਾ ਗਲ ਵਿਚ ਹਾਰ ਹੋਵੇਗਾ।

ਚਮਨ ਉਹ, ਕਹਿਰ ਦਾ ਹਰ ਹਾਲ ਵਿਚ ਹੱਕਦਾਰ ਹੋਵੇਗਾ,
ਜਿਹਦੇ ਫੁੱਲਾਂ ਲਈ, ਤਿਤਲੀ ਦਾ ਮਤਲਬ ਭਾਰ ਹੋਵੇਗਾ।

ਮੈਂ ਤੈਨੂੰ ਮਿਲਣ ਤੋਂ ਪਹਿਲਾਂ ਨਹੀਂ ਸੀ ਸੋਚ ਵੀ ਸਕਦਾ,
ਕਿ ਕੋਈ ਐਨ ਮੇਰੀ ਸੋਚ ਦੇ ਅਨੁਸਾਰ ਹੋਵੇਗਾ।

ਤਸ਼ੱਦਦ ਤਾਂ ਤਸ਼ੱਦਦ ਹੈ, ਜੇ ਪਹਿਲੀ ਵਾਰ ਹੈ ਤਾਂ ਕੀ?
ਗਿਆ ਨਾ ਰੋਕਿਆ ਜੇਕਰ, ਹਜ਼ਾਰਾਂ ਵਾਰ ਹੋਵੇਗਾ।

ਉਹ ਛੱਡ ਕੇ ਸ਼ਹਿਰ ਜੰਗਲ ਵੱਲ ਜਦੋਂ ਤੁਰਿਆ ਤਾਂ ਕਹਿੰਦਾ ਸੀ,
ਕਿ ਜੰਗਲ ਦਾ ਕੋਈ ਤਾਂ ਆਪਣਾ ਕਿਰਦਾਰ ਹੋਵੇਗਾ।

ਕਿਹਾ ਸੀ ਮੈਂ ਤਾਂ ਐਵੇਂ ਸ਼ੁਗਲ ਵਿਚ "ਆ ਬੈਠ ਜਾ ਦਿਲ ਵਿਚ",
ਪਤਾ ਕੀ ਸੀ ਕਦਰ ਇਸ, ਦਰਦ ਬਰਖ਼ੁਰਦਾਰ ਹੋਵੇਗਾ।

ਖਰੀਦੋ ਜਿਸਮ ਇਕ ਤੇ ਨਾਲ ਪਾਓ ਮੁਫ਼ਤ ਵਿਚ ਇਕ ਦਿਲ,
ਅਸਾਡੇ ਸ਼ਹਿਰ ਇਕ ਦਿਨ ਇਹ ਵੀ ਕਾਰੋਬਾਰ ਹੋਵੇਗਾ।

ਮੇਰੇ ਹੱਥ ਵਿਚ ਚੁਭੀ ਛਿਲਤਰ ਦਾ ਇਕ ਹਿੱਸਾ ਹੈ ਜੋ ਬਾਹਰ,
ਰਤਾ ਠਹਿਰੋ ਉਹੀ ਹਿੱਸਾ ਮੇਰਾ ਹਥਿਆਰ ਹੋਵੇਗਾ।

( ਲੈਕਚਰਾਰ, ਡੀ. ਏ. ਵੀ. ਕਾਲਜ ਨਕੋਦਰ, ਜਲੰਧਰ)

# ਝੋਨੇ ਦੀ ਪਹਿਲੀ ਗ਼ਜ਼ਲ

ਵਰਿੰਦਰ ਪ੍ਰੀਹਾਰ

## 1.

**ਦ੍ਰਿਸ਼ : ਵਰਤਮਾਨ+ਭਵਿੱਖ ਦਾ ਪੰਜਾਬ**

ਢਾਈ ਕੁ ਦਰਿਆਵਾਂ ਦਾ
ਪਾਣੀ ਪੀ ਕੇ
ਝੋਨਾ ਤੇ ਕਣਕ ਖਾ ਕੇ
ਜੀਊਂਦਾ ਹੈ ਪੰਜਾਬ ਅਜੇ।

ਦੂਰ ਦੁਰਾਡੇ ਪਿੰਡਾਂ ਵਿਚ
ਕੱਚੀਆਂ ਇੱਟਾਂ ਮਕਾਨ ਦੀਆਂ
ਸੋਚਦੀਆਂ

ਸ਼ੁਕਰ ਹੈ ਰੱਬ ਦਾ
ਅਸੀਂ ਕੱਚੀਆਂ ਇੱਟਾਂ
ਸ਼ੁਕਰ ਹੈ ਰੱਬ ਦਾ
ਅਸੀਂ ਬੰਦੇ ਨਹੀਂ ਕਿਤੇ ਬਣੀਆਂ।

ਤੇ ਓਧਰ ਬੰਦਿਆਂ ਉੱਤੇ ਦੈਂਤ ਹਾਸੇ ਹੱਸਦੇ
ਸਿਪਾਹੀ ਰਾਜੇ ਦੇ
ਗਲ਼ੀਆਂ 'ਚ ਫਿਰਦੇ ਨੇ ਮਸਤ ਹਾਥੀ
ਆਖਦੇ :

ਡਰੋ ਨਾ! ਡਰੋ ਨਾ ਬੰਦਿਓ
ਅਸੀਂ ਹਾਂ ਨਾ ਏਥਰ।

ਅਕਸਰ ਲਗਦੈ ਮੈਨੂੰ
ਕਿਤੇ ਦੂਰ
ਚਾਂਦੀ ਦੇ ਖੇਤਾਂ 'ਚ ਹੁਣ
(ਇਸ) ਰਾਜੇ ਲਈ ਉਸਦੇ ਕਾਮੇ
ਸੋਨੇ ਦੀ ਕਣਕ
ਤੇ ਸੋਨੇ ਦਾ ਧਾਨ ਬੀਜ ਰਹੇ ਹੋਣਗੇ।

ਪਤਾ ਨਹੀਂ ਕਿੱਧਰ ਨੂੰ ਜਾ ਰਹੀ
ਨੇਰ੍ਹੀ ਇਸ ਪਤਲੀ ਪਗਡੰਡੀ 'ਤੇ ਟੁਰਦਿਆਂ
ਲਗਦੈ ਕਈ ਵੇਰ ਮੈਨੂੰ ਏਦਾਂ।

ਪਰਲੋ ਪਲਾਂ ਵਿਚ
ਪੰਜਾਬ ਜਦ ਇਹ ਸਾਰਾ ਰੁੜ੍ਹ ਜਾਣਾ
ਗੈਸ ਬਣ ਜਾਣਾ
ਮਿੱਟੀ ਧੂੜ
ਜਾਂ ਏਧਰ ਇੱਕ ਮਹਾਂ-ਪੱਥਰ ਹੀ
ਪਿੱਛੇ ਰਹਿ ਜਾਣਾ, ਤੇ
ਏਸੇ ਪੱਥਰ ਦੀ ਓਟ ਵਿਚ ਕਿਤੇ ਖੜ੍ਹਾ ਕੰਬਦਾ
ਆਖ਼ਰੀ ਬੰਦਾ ਕੱਲਾ ਕਾਰਾ
ਪੰਜਾਬ ਦਾ ਇਕੋ ਇਕ ਬਚਿਆ
ਮੈਂ ਹੋਵਾਂਗਾ
ਤੇ ਹੋਵੇਗੀ
ਮੇਰੇ ਪੈਰਾਂ ਕੋਲ ਹੀ ਪਈ ਲੁੜਕਦੀ
ਇੱਕ ਗੋਲੀ ਬੰਦੂਕ ਦੀ ਹਿੱਲਦੀ
ਰੂਹ ਪੰਜਾਬ ਦੀ
ਮੇਰੇ ਵਾਂਗ
ਮੁਕਤੀ ਜਿਹਦੀ ਨਾ ਹੋ ਸਕੀ।

**ਦ੍ਰਿਸ਼ : ਭੂਤਕਾਲ, ਵਰਤਮਾਨ ਤੇ ਭਵਿੱਖ ਦਾ ਪੰਜਾਬ**

ਵਿਹਲੇ ਛਿਣਾਂ 'ਚ
ਅਕਸਰ
ਯਾਦ ਆਉਂਦਾ ਰਹਿੰਦਾ ਹੈ
ਮੈਨੂੰ ਲਾਲ ਕਿਲ੍ਹਾ
ਮੁਕੰਮਲ ਹੋਏ ਕਿਲ੍ਹੇ ਦੀ ਛੱਤ 'ਤੇ ਚੜ੍ਹ ਕੇ
ਪਹਿਲੀ ਵੇਰ
ਰਾਜੇ ਨੇ ਜਦ
ਥੱਲੇ ਪੂਰੀ ਦਿੱਲੀ ਵੱਲ ਵੇਖਿਆ ਹੋਣੈ
ਇੱਕ ਵੀ ਬੰਦਾ ਉਹਨੂੰ ਉੱਥੇ ਉਦੋਂ



ਨਜ਼ਰ ਨਹੀਂ ਆਇਆ ਹੋਣੈ।
ਉਹਦੇ ਰੱਥ ਲਈ
ਸੜਕ ਬਣਾ ਰਹੇ
ਗ਼ੁਲਾਮਾਂ ਦੀਆਂ ਅੱਖਾਂ ਵਿਚ
ਉਹਨੂੰ ਮੌਤ ਨਹੀਂ ਦਿਸੀ ਹੋਣੀ।

ਅੱਧੋਰਾਣੀ ਚਾਦਰ 'ਚ
ਫੁੱਲ ਕੱਢ ਰਹੀ ਨਾਰ ਦਾ
ਕੱਲ੍ਹ ਨਹੀਂ ਉਸਨੂੰ ਦਿਸਿਆ ਹੋਣਾ।

"ਰਾਜਾ ਕੀ ਜੈਯ ਹੋ
ਰਾਜਾ ਕੀ ਜੈਯ ਹੋ"
ਇਹ ਉਸਨੂੰ ਪਰ ਉਦੋਂ ਜ਼ਰੂਰ ਸੁਣਿਆ ਹੋਣੈ

ਚਾਂਦਨੀ ਚੌਕ ਦੇ
ਭਰੇ ਖਚਾਖਚ ਬਾਜ਼ਾਰ 'ਚ
ਆਉਂਦੇ ਜਾਂਦੇ ਲੱਖਾਂ ਸਿਰਾਂ ਨੂੰ ਵੇਖਦੀ
ਬਾਂਸ 'ਤੇ ਬੈਠੀ ਇੱਕ ਘੁੱਗੀ ਭੁੱਖੀ
ਜਦ ਅਸਮਾਨ ਵੱਲ ਨੂੰ ਨਿਰਾਸ਼ ਹੈ ਉੱਡਦੀ
ਮੇਰਾ ਕਾਲਜਾ ਮੂੰਹ ਵਿਚ ਆਉਂਦਾ
ਪ੍ਰੇਤ ਹੋ ਗਈ
ਰੂਹ ਪੰਜਾਬ ਦੀ
ਗੋਲ਼ੀ ਓਹ ਆਖ਼ਰੀ, ਕਿਤੇ
ਇਸ ਘੁੱਗੀ ਦੀ ਛਾਤੀ 'ਚ ਹੀ ਨਾ ਜਾ ਵੱਜੇ।

**ਦ੍ਰਿਸ਼ : ਪਰਲੋ ਤੋਂ ਬਾਅਦ ਦਾ ਨਵਾਂ ਪੰਜਾਬ**

ਬੰਦੇ ਦੀ ਦੇਹ ਰੰਗੀ ਮਿੱਟੀ 'ਚ
ਝੋਨੇ ਦੇ ਬਰੂਟੇ
ਫੇਰ ਤੋਂ ਉੱਗ ਰਹੇ

ਰੁਮਕਦੀ ਹਵਾ 'ਚ ਝੂੰਮਦਾ
ਬੀ ਹੋਣ ਤੋਂ ਪਹਿਲਾਂ ਦਾ
ਫੁੱਲ ਪਹਿਲਾਂ ਝੋਨੇ ਦਾ
ਕਣਕ ਦੇ ਪਹਿਲੇ ਫੁੱਲ ਨੂੰ
ਪਹਿਲੀ ਆਪਣੀ ਗ਼ਜ਼ਲ ਦਾ
ਪਹਿਲਾ ਸ਼ੇਅਰ ਹੈ ਸੁਣਾ ਰਿਹਾ

ਹੈਰਾਨ ਨਹੀਂ ਹਾਂ ਮੈਂ ਬਿਲਕੁਲ
(ਕੋਲ ਹੀ ਬੰਨ੍ਹੇ 'ਤੇ ਖੜ੍ਹਾ)

ਨਾ ਰਦੀਫ਼ 'ਚ
ਨਾ ਕਾਫ਼ੀਏ 'ਚ
ਪੂਰੇ ਸ਼ੇਅਰ 'ਚ
ਗ਼ਜ਼ਲ ਪੂਰੀ 'ਚ
ਪੰਜਾਬ ਦਾ ਨਾਂਅ
ਕਿਤੇ ਵੀ ਨਹੀਂ ਆ ਰਿਹਾ

## 2. ਕਵੀ

ਪੂਰੇ ਦਿਲ
ਤੇ ਪੂਰੀ ਜਾਨ ਨਾਲ
ਕਾਗਤ 'ਤੇ ਉਹਨੇ
ਇੱਕ ਅੱਖਰ ਪਾਇਆ।

ਸੈਨਤ ਕਰ ਉਸ ਅੱਖਰ ਨੇ
ਦੂਏ ਅੱਖਰ ਨੂੰ ਕੋਲ ਬੁਲਾਇਆ।

ਸ਼ਬਦ.... ਸਤਰ.... ਪੰਨੇ.... ਹੌਲੇ ਹੌਲੇ
ਕਾਗਤ 'ਤੇ ਪੂਰਾ ਇੱਕ
ਜਹਾਨ ਵੱਸ ਆਇਆ।

ਪੈਨ ਪਰ੍ਹਾਂ ਧਰ
ਖ਼ੁਸ਼ੀ ਦੇ ਅੱਥਰੂ ਪੂੰਝ
ਓਹ ਬਰੜਾਇਆ।

ਕਦੇ ਨਹੀਂ
ਸ਼ਬਦ ਨੂੰ
ਕਦੇ ਨਹੀਂ ਮਾਰ ਸਕੋਗੇ ਤੁਸੀਂ।

•••

# ਸੁੱਚਾ

– ਅਮਰ 'ਸੂਫ਼ੀ'

ਉਹਦਾ ਨਾਂ ਨੌਰੰਗ ਸਿੰਘ ਸੀ, ਪਰ ਸਾਰੇ ਉਸਨੂੰ ਸੁੱਚਾ ਕਹਿਕੇ ਹੀ ਬੁਲਾਉਂਦੇ ਸਨ। ਉਹ ਦਸਵੀਂ ਜਮਾਤ ਤੱਕ ਸ਼ਿਮਲੇ ਦੇ ਕਿਸ ਅੰਗਰੇਜ਼ੀ ਮਾਧਿਅਮ ਵਾਲੇ ਚੰਗੇ ਸਕੂਲ 'ਚੋਂ ਪੜ੍ਹਕੇ ਆਇਆ ਸੀ। ਗਿਆਰਵੀਂ ਜਮਾਤ ਕਿਸੇ ਹੋਰ ਥਾਂ ਤੋਂ ਕਰਕੇ, ਬਾਰ੍ਹਵੀਂ ਜਮਾਤ 'ਚ ਮੇਰੇ ਸਕੂਲ ਆ ਦਾਖ਼ਲ ਹੋਇਆ ਸੀ। ਲੰਮਾ-ਝੰਮਾ ਦਰਸ਼ਨੀ ਗੱਭਰੂ। ਸੋਹਣਾ ਵੀ ਰੱਜ ਕੇ ਅਤੇ ਸਿਆਣਾ ਵੀ ਪੁੱਜ ਕੇ ਸੀ। ਉਹ ਸਕੂਲ ਦੀ ਵਰਦੀ ਬਹੁਤ ਹੀ ਸਲੀਕੇ ਨਾਲ ਪਹਿਨਦਾ। ਕਾਲੀ ਫ਼ਿਫ਼ਟੀ ਲਾ ਕੇ, ਖ਼ੂਬਸੂਰਤ ਬੰਨ੍ਹੀ ਹੋਈ ਫਾੜੀਦਾਰ ਉਨਾਭੀ ਪੱਗ ਵੇਖਣ ਵਾਲੇ ਨੂੰ ਫਾੜੀਓ-ਫਾੜੀ ਕਰ ਦਿੰਦੀ। ਬੋਲਦਾ ਤਾਂ ਮੂੰਹੋਂ ਮਾਖਿਓਂ ਮਿੱਠੇ ਬੋਲ ਫੁੱਟਦੇ। ਫੁੱਲ-ਪੱਤੀਆਂ ਵਰਗੇ ਬੁੱਲ੍ਹ ਸੰਗੀਤਕ ਧੁਨ ਪੈਦਾ ਕਰਦੇ। ਉਹਦੇ ਬੁੱਲ੍ਹਾਂ ਉੱਤੇ ਮੁਸਕਰਾਹਟ ਹਮੇਸ਼ਾਂ ਖੇਡਦੀ ਰਹਿੰਦੀ। ਅੰਗਰੇਜ਼ੀ ਬੋਲਦਾ ਤਾਂ ਇੰਝ ਲੱਗਦਾ ਜਿਵੇਂ ਕੋਈ ਅੰਗਰੇਜ਼ ਬੋਲ ਰਿਹਾ ਹੋਵੇ। ਪਰੰਤੂ ਪੰਜਾਬੀ ਬੋਲਦਿਆਂ ਮਜ਼ਾਲ ਹੈ ਕੋਈ ਵੀ ਅੰਗਰੇਜ਼ੀ ਦਾ ਸ਼ਬਦ ਮੂੰਹੋਂ ਨਿਕਲ ਜਾਵੇ। ਬੜਾ ਹੀ ਪਿਆਰਾ ਅਤੇ ਆਗਿਆਕਾਰੀ ਵਿਦਿਆਰਥੀ ਸੀ।

ਮੈਂ ਉਹਦੇ ਵਾਲੀ ਬਾਰ੍ਹਵੀਂ ਜਮਾਤ ਦੀ ਹਾਜ਼ਰੀ ਲਾਉਂਦਾ ਸਾਂ। ਮੇਰੀ ਪਹਿਲੀ ਘੰਟੀ 'ਚ ਉਹ ਮੂਹਰਲੇ ਬੈਂਚ 'ਤੇ ਬੈਠਦਾ। ਕਿਸੇ ਵੀ ਪੁੱਛੇ ਜਾਣ ਵਾਲੇ ਸਵਾਲ ਦਾ ਜਵਾਬ ਉਹ ਬਹੁਤ ਦੀ ਤਸੱਲੀ-ਬਖਸ਼ ਢੰਗ ਨਾਲ ਦਿੰਦਾ। ਘਰੋਂ ਕਰਕੇ ਲਿਆਉਣ ਲਈ ਦਿੱਤਾ ਹੋਇਆ ਕੰਮ ਵੀ ਸੁਹਣੀ ਲਿਖਾਈ 'ਚ ਪੂਰਾ ਕਰਕੇ ਲਿਆਉਂਦਾ। ਇਹਨਾਂ ਗੁਣਾਂ ਕਰਕੇ ਉਹ ਮੇਰਾ ਚਹੇਤਾ ਵਿਦਿਆਰਥੀ ਬਣ ਬੈਠਾ, ਮੇਰੇ ਮੋਹ ਦਾ ਪਾਤਰ। ਮੇਰਾ ਮਨ ਉਸ ਨਾਲ ਰਸਮੀ ਪੜ੍ਹਾਈ ਤੋਂ ਇਲਾਵਾ ਹੋਰ ਬਾਹਰਲੀਆਂ ਗੱਲਾਂ ਕਰਨ ਨੂੰ ਵੀ ਕਰਦਾ।

"ਸੁੱਚਿਆ, ਕਿਹੜਾ ਪਿੰਡ ਐ ਤੇਰਾ?" ਇੱਕ ਦਿਨ ਮੈਂ ਉਸਨੂੰ ਜਮਾਤ 'ਚ ਹੀ ਪੁੱਛ ਲਿਆ ਸੀ।

"ਬੁੱਧ ਸਿੰਘ ਵਾਲੇ ਜੀ।" ਉਹ ਆਪਣੀ ਥਾਂ 'ਤੇ ਖੜਾ ਹੋ ਕੇ ਬੋਲਿਆ।

"ਤੇਰੇ ਡੈਡੀ ਕੀ ਕਰਦੇ ਐ?" ਮੈਂ ਉਸਨੂੰ ਬੈਠਣ ਦਾ ਇਸ਼ਾਰਾ ਕਰਦਿਆਂ ਪੁੱਛਿਆ।

"ਮੇਰੇ ਪਿਤਾ ਜੀ ਖੇਤੀ ਕਰਵਾਉਂਦੇ ਐ ਜੀ। ਚਾਰ ਟਰੱਕ ਵੀ ਐ ਜੀ। ਅੱਠ-ਦਸ ਮੱਝਾਂ ਵੀ ਰੱਖੀਆਂ ਹੋਈਆਂ ਨੇ ਜੀ।" ਉਸਨੇ ਸਾਰੇ ਸ਼ਬਦ ਮੇਰੇ ਅੱਗੇ ਟਿਕਾਅ ਕੇ ਰੱਖ ਦਿੱਤੇ।

ਮੈਂ 'ਡੈਡੀ' ਸ਼ਬਦ ਬੋਲਿਆ ਸੀ ਪਰ ਉਸਨੇ ਡੈਡੀ ਦੀ ਥਾਂ 'ਪਿਤਾ ਜੀ' ਕਿਹਾ ਸੀ। ਮੈਨੂੰ ਮਹਿਸੂਸ ਹੋਇਆ ਕਿ ਉਹ ਆਪਣੀ ਮਾਂ-ਬੋਲੀ ਪ੍ਰਤੀ ਬਹੁਤ ਹੀ ਸੁਚੇਤ ਹੈ ਅਤੇ ਮੈਂ ਪੰਜਾਬੀ ਭਾਸ਼ਾ ਦਾ ਅਧਿਆਪਕ ਹੋਣ ਦੇ ਬਾਵਜੂਦ ਵੀ ਕਈ ਵਾਰੀ ਅੰਗਰੇਜ਼ੀ ਦੇ ਸ਼ਬਦ ਬੋਲ ਜਾਂਦਾ ਹਾਂ।



"ਇਹ ਨੌਰੰਗ ਅਤੇ ਸੁੱਚੇ ਵਾਲਾ ਕੀ ਚੱਕਰ ਐ?" ਮੈਂ ਮਨ 'ਚ ਉੱਠੇ ਸਰਸਰੀ ਸ਼ੰਕੇ ਨੂੰ ਦੂਰ ਕਰਨਾ ਚਾਹੁੰਦਾ ਸੀ।

"ਕਾਗਜ਼ਾਂ 'ਚ ਮੇਰਾ ਨਾਂ ਨੌਰੰਗ ਸਿੰਘ ਈ ਐ ਜੀ। ਪਰ ਦਾਦੀ ਮੈਨੂੰ ਸੁੱਚਾ ਕਹਿੰਦੀ ਹੁੰਦੀ ਸੀ ਜੀ। ਫਿਰ ਸਾਰੇ ਹੀ ਕਹਿਣ ਲੱਗ ਪਏ। ਹੁਣ ਇਹ ਨਾਂ ਪੱਕ ਗਿਆ ਜੀ।" ਉਹ ਪੂਰਾ ਵਿਸਥਾਰ ਦੱਸ ਗਿਆ। ਬੋਲਦਿਆਂ ਉਸਨੇ 'ਸੁੱਚਾ' ਸ਼ਬਦ 'ਤੇ ਵਧੇਰੇ ਬਲ ਦਿੱਤਾ ਸੀ।

"ਸ਼ਿਮਲੇ ਵਰਗੇ ਠੰਢੇ ਅਤੇ ਸੁੰਦਰ ਇਲਾਕੇ ਨੂੰ ਛੱਡ ਕੇ ਇੱਧਰ ਕਿਉਂ ਆ ਗਿਆ?" ਮੈਂ ਅਗਲੀ ਪੁੱਛ ਪਾਈ।

"ਛੱਡ ਕੇ ਨਹੀਂ ਆਇਆ, ਛੱਡਣਾ ਪਿਆ ਜੀ। ਮੈਂ ਉੱਥੇ ਮੁੱਕੇਬਾਜ਼ੀ ਕਰਦਾ ਹੁੰਦਾ ਸੀ ਜੀ। ਪੜ੍ਹਨ 'ਚ ਵੀ ਕਿਸੇ ਦੇ ਧੀ-ਪੁੱਤ ਨਾਲੋਂ ਘੱਟ ਨਹੀਂ ਸੀ ਜੀ। ਮੇਰੇ ਨਾਲ ਪੜ੍ਹਦੀ ਇੱਕ ਕੁੜੀ ਮੈਨੂੰ ਚਾਹੁੰਦੀ ਸੀ ਜੀ। ਉਹਦੇ ਪ੍ਰਿੰਸੀਪਲ ਪਿਉ ਨੂੰ ਪਤਾ ਲੱਗ ਗਿਆ, ...... ਤੇ ਉਹਨੇ ਮੈਨੂੰ ਅਗਲੀ ਜਮਾਤ 'ਚ ਦਾਖਲਾ ਦੇਣ ਦੀ ਥਾਂ ਸਕੂਲੋਂ ਕੱਢ ਦਿੱਤਾ ਜੀ।" ਥੋੜ੍ਹਾ ਜਿਹਾ ਮੁਸਕਰਾਉਂਦਿਆਂ, ਉਹ ਇਕੋ ਸਾਹੇ ਬੜੀ ਹੀ ਬੇਬਾਕੀ ਨਾਲ, ਬਿਨਾਂ ਕਿਸੇ ਵਲ-ਫਰੇਬ, ਕਿੰਨਾ ਕੁਝ ਹੀ ਦੱਸ ਗਿਆ ਸੀ। ਗੱਲ ਕਰਦਿਆਂ ਉਹ ਭੋਰਾ ਵੀ ਨਹੀਂ ਸੀ ਜਕਿਆ। ਉਹ ਇੰਝ ਬੋਲ ਰਿਹਾ ਸੀ, ਜਿਵੇਂ ਉਹ ਆਪਣੇ ਅਧਿਆਪਕ ਨਾਲ ਨਹੀਂ ਸਗੋਂ ਕਿਸੇ ਹਮਉਮਰ ਆੜੀ ਨਾਲ ਗੱਲ ਕਰ ਰਿਹਾ ਹੋਵੇ। ਉਹਦੀ ਸਾਫ਼ ਬਿਆਨੀ ਮੈਨੂੰ ਚੰਗੀ ਲੱਗ ਰਹੀ ਸੀ ਅਤੇ ਹੈਰਾਨ ਵੀ ਕਰ ਰਹੀ ਸੀ।

ਉਸਦੀ ਇਹ ਗੱਲ ਸੁਣ ਕੇ ਉਸਦੇ ਨੇੜੇ ਬੈਠੇ ਵਿਦਿਆਰਥੀ ਘੁਰ-ਮਸੂਰੇ ਹੋਣ ਲੱਗ ਪਏ ਸਨ।

"ਫੇਰ? ਫੇਰ ਕੀ ਹੋਇਆ?" ਮੈਂ ਅਗਲੀ ਗੱਲ ਜਾਨਣ ਦੀ ਉਤਸੁਕਤਾ ਵੱਸ ਪੁੱਛਿਆ।

"ਫੇਰ ਕੀ ਹੋਣਾ ਸੀ ਜੀ। ਜੁੱਲੀ-ਬਿਸਤਰਾ ਚੁੱਕਿਆ ਅਤੇ ਘਰੇ ਆ ਗਿਆ। ਆ ਕੇ ਪਿਤਾ ਜੀ ਹੁਰਾਂ ਨੂੰ ਸਾਰੀ ਗੱਲ ਦੱਸ ਦਿੱਤੀ।" ਉਹ ਬੜੀ ਹੀ ਸਹਿਜ ਅਵਸਥਾ 'ਚ ਬੋਲਿਆ। ਉਸਦੇ ਚਿਹਰੇ 'ਤੇ ਕਿਸੇ ਵੀ ਕਿਸਮ ਦਾ ਕੋਈ ਨਵਾਂ ਭਾਵ ਨਹੀਂ ਸੀ ਆਇਆ।

"ਕੁੜੀ ਵਾਲੀ ਵੀ?" ਮੈਂ ਉਸ ਵੱਲ ਸਿੱਧਾ ਝਾਕਦਿਆਂ ਪੁੱਛਿਆ।

"ਇਹਦੇ 'ਚ ਨਾ ਦੱਸਣ ਵਾਲੀ ਕਿਹੜੀ ਗੱਲ ਸੀ ਜੀ। ਨਾਲੇ ਇਹੋ ਤਾਂ ਅਸਲ ਕਾਰਨ ਸੀ ਉਥੋਂ ਨਿਕਲਣ ਦਾ।" ਉਹ ਇੰਝ ਬੇਪ੍ਰਵਾਹੀ ਨਾਲ ਬੋਲ ਰਿਹਾ ਸੀ ਜਿਵੇਂ ਇਹ ਕੋਈ ਮਾੜੀ-ਮੋਟੀ ਜਿਹੀ ਨਾ ਗੌਲਣ-ਯੋਗ ਗੱਲ ਹੁੰਦੀ ਹੈ।

"ਉਸ ਤੋਂ ਬਾਅਦ.....?" ਮੈਂ ਗੱਲ ਦੀ ਤਹਿ ਤੱਕ ਪਹੁੰਚਣਾ ਚਾਹੁੰਦਾ ਸੀ।

"ਉਸ ਤੋਂ ਬਾਅਦ ਪਿਤਾ ਜੀ ਨੇ ਮੈਨੂੰ ਚੰਡੀਗੜ੍ਹ ਦੇ ਮਾਨਵ ਮੰਦਿਰ ਸਕੂਲ 'ਚ ਦਾਖਲ ਕਰਵਾ ਦਿੱਤਾ। ਨਾਂ ਦਾ ਹੀ ਮਾਨਵ ਮੰਦਰ ਸੀ ਜੀ। ਉਥੋਂ ਦੇ ਅਧਿਆਪਕਾਂ ਨੂੰ ਮੇਰੇ 'ਤੇ ਬੜੀ ਔਖ ਰਹਿੰਦੀ ਸੀ ਕਿ ਮੈਂ ਉਹਨਾਂ ਤੋਂ ਸਵਾਲ ਦਰ ਸਵਾਲ ਪੁੱਛਦਾ ਰਹਿੰਦਾ ਹਾਂ। ਸਾਲ ਮਸਾਂ

ਪੂਰਾ ਕੀਤਾ। ਉੱਥੇ ਰਹਿਣ ਨੂੰ ਮੇਰਾ ਵੀ ਮਨ ਨਹੀਂ ਸੀ ਕਰਦਾ। ਉਂਝ ਅਗਲੀ ਜਮਾਤ 'ਚ ਦਾਖਲਾ ਦੇਣ ਤੋਂ ਉਹਨਾਂ ਵੀ ਜਵਾਬ ਦੇ ਦਿੱਤਾ ਸੀ।" ਉਹ ਸਹਿਜੇ-ਸਹਿਜੇ ਸਾਰਾ ਕੁਝ ਹੀ ਦੱਸ ਗਿਆ।

"ਅਸੀਂ ਨਹੀਂ ਕੱਢਦੇ ਤੈਨੂੰ .... ਜਿੰਨੇ ਜੀਅ ਚਾਹੇ ਅਤੇ ਜਿਹੋ ਜਿਹੇ ਮਰਜ਼ੀ ਸਵਾਲ ਪੁੱਛ ਲਿਆ ਕਰ।" ਮੈਂ ਉਸ ਦੇ ਨੇੜ ਨੂੰ ਹੁੰਦਿਆਂ ਕਿਹਾ।

"ਮੈਨੂੰ ਪਤੈ ਜੀ .... ਤੁਸੀਂ ਤਾਂ ਨਹੀਂ ਕੱਢਦੇ.... ਪਰ....।" ਉਹ ਗੱਲ ਨੂੰ ਅੱਧ-ਵਿਚਾਲੇ ਹੀ ਛੱਡ ਗਿਆ ਸੀ। ਉਸਦੇ ਚਿਹਰੇ ਤੋਂ ਲੱਗਦਾ ਸੀ ਕਿ ਉਸਦੇ ਮਨ 'ਚ ਕੋਈ ਵੱਡਾ ਸਾਰਾ ਸਵਾਲ ਉਪਜਿਆ ਹੈ ਪਰ ਉਸਦੀ ਜ਼ੁਬਾਨ 'ਤੇ ਨਹੀਂ ਆ ਰਿਹਾ।

"ਪਰ ਕੀ....?" ਮੈਂ ਜਾਨਣਾ ਚਾਹੁੰਦਾ ਸੀ ਕਿ ਉਹ ਕੀ ਕਹਿਣਾ ਚਾਹੁੰਦਾ ਹੈ।

"ਫਿਰ ਦੱਸਾਂਗਾ ਜੀ.... ਜਦੋਂ ਕਦੇ ਦੱਸਣ ਦਾ ਵੇਲਾ ਆਇਆ।" ਕਹਿੰਦਿਆਂ ਉਹ ਮਿੰਨਾ ਜਿਹਾ ਮੁਸਕਰਾ ਪਿਆ ਸੀ। ਉਸਦੀ ਮੁਸਕਣੀ ਨਾਲ ਉਸਦੀ ਖੱਬੀ ਗੱਲ੍ਹ 'ਤੇ ਟੋਆ ਪੈ ਗਿਆ ਸੀ। ਟੋਆ ਪੈਣ ਨਾਲ ਉਹਦਾ ਚਿਹਰਾ ਹੋਰ ਸੁੰਦਰ ਲੱਗਣ ਲੱਗ ਪਿਆ ਸੀ।

ਵਿਦਿਆਰਥੀਆਂ ਨੂੰ ਪੜ੍ਹਾਉਂਦਿਆਂ ਮੈਂ ਉਹਦੀ ਭਾਸ਼ਾ, ਸ਼ਬਦ-ਚੋਣ, ਗੱਲਬਾਤ ਦਾ ਅੰਦਾਜ਼ ਅਤੇ ਗੱਲ ਕਹਿਣ ਦੀ ਦਲੇਰੀ ਬਾਰੇ ਹੀ ਸੋਚਦਾ ਰਿਹਾ ਹਾਂ। ਬਹੁਤ ਦੇਰ ਤੱਕ ਉਸ ਦੀਆਂ ਇਹਨਾਂ ਗੱਲਾਂ ਨੇ ਮੇਰਾ ਪਿੱਛਾ ਨਹੀਂ ਸੀ ਛੱਡਿਆ। ਘਰ ਆ ਕੇ ਵੀ ਮੈਂ ਇਸੇ ਸੋਚ 'ਚ ਘਿਰਿਆ ਰਿਹਾ ਸਾਂ।

ਗਰਮੀ ਦੀਆਂ ਛੁੱਟੀਆਂ ਤੋਂ ਬਾਅਦ ਉਹ ਹਫ਼ਤੇ 'ਚ ਇੱਕ-ਅੱਧਾ ਨਾਗਾ ਪਾਉਣ ਲੱਗ ਪਿਆ ਸੀ। ਕਈ ਹਫ਼ਤਿਆਂ 'ਚ ਦੋ-ਤਿੰਨ ਨਾਗੇ ਵੀ ਹੋਣ ਲੱਗ ਪਏ ਸਨ।

"ਰੋਲ ਨੰਬਰ ਸਤਾਈ.... ਨੌਰੰਗ ਸਿੰਘ।" ਕਈ ਦਿਨਾਂ ਬਾਅਦ ਦਿਸਿਆ ਹੋਣ ਕਰਕੇ ਹਾਜ਼ਰੀ ਲਾਉਂਦੇ ਮੈਂ ਉਸਦਾ ਨਾਂ ਬੋਲਿਆ।

"ਹੈਗਾਂ ਜੀ....।" ਹੱਥ ਖੜ੍ਹਾ ਕਰਕੇ 'ਯੈੱਸ ਸਰ' ਕਹਿਣ ਦੀ ਥਾਂ ਮਿੱਠੀ ਲਮਕਵੀਂ ਪੰਜਾਬੀ ਬੋਲੀ 'ਚ ਉਸਨੇ ਮੋੜਾ ਦਿੱਤਾ।

"ਤੂੰ ਤਿੰਨ ਦਿਨ - ਸੋਮ, ਮੰਗਲ ਅਤੇ ਬੁੱਧ - ਲਗਾਤਾਰ ਗ਼ੈਰਹਾਜ਼ਰ ਰਿਹੈਂ।" ਮੈਂ ਥੋੜ੍ਹੀ ਜਿਹੀ ਕਰੜਾਈ ਨਾਲ ਬੋਲਿਆ।

"ਗੈਰ-ਹਾਜ਼ਰ ਨਹੀਂ, ਅਰਜ਼ੀ ਦੇ ਕੇ ਗਿਆ ਸੀ ਜੀ।" ਉਹ ਬੋਲਦਿਆਂ ਆਪਣੀ ਥਾਂ 'ਤੇ ਖੜ੍ਹਾ ਹੋ ਗਿਆ ਸੀ।

"ਕੀਹਨੂੰ ਦੇ ਕੇ ਗਿਆ ਸੀ ਅਰਜ਼ੀ?" ਮੈਂ ਤਲਖ਼ ਹੋ ਗਿਆ।

"ਹਰਕੀਰਤ ਸਿੰਘ ਨੂੰ ਜੀ।" ਉਹ ਆਪਣੇ ਨਾਲ ਬੈਠੇ ਮੁੰਡੇ ਵੱਲ ਇਸ਼ਾਰਾ ਕਰਕੇ ਬੋਲਿਆ।

"ਕਿਉਂ ਕੀਰਤ? ਅਰਜ਼ੀ ਦੇ ਕੇ ਗਿਆ ਸੀ ਇਹ?" ਮੈਂ ਹਰਕੀਰਤ ਨੂੰ ਸੰਬੋਧਿਤ ਹੋਇਆ।



"ਅਰਜ਼ੀ ਤਾਂ ਦੇ ਗਿਆ ਸੀ ਜੀ...।" ਬੋਲਦਿਆਂ ਕੀਰਤ ਦੀ ਨੀਵੀਂ ਪੈ ਗਈ ਸੀ।

"ਤੂੰ ਫੜਾਈ ਕਿਉਂ ਨਹੀਂ....? ਮੈਨੂੰ ਕੀਰਤ 'ਤੇ ਗੁੱਸਾ ਆ ਰਿਹਾ ਸੀ।

"ਉਹ ਫੜਾਉਣ ਵਾਲੀ ਨਹੀਂ ਸੀ ਜੀ।" ਉਹ ਹੋਰ ਨੀਵੀਂ ਪਾ ਗਿਆ।

"ਕਿਉਂ? ਫੜਾਉਣ ਵਾਲੀ ਕਿਉਂ ਨਹੀਂ ਸੀ?" ਮੈਂ ਰੁੱਖਾਪਣ ਵਿਖਾਇਆ।

"ਲਓ.... ਪੜ੍ਹ ਲਓ ਜੀ।" ਕੀਰਤ ਨੇ ਤਹਿ ਹੋਇਆ ਇੱਕ ਕਾਗਜ਼ ਮੇਰੇ ਅੱਗੇ ਕਰ ਦਿੱਤਾ।

ਸਾਰੇ ਵਿਦਿਆਰਥੀਆਂ ਦੀ ਹਾਜ਼ਰੀ ਲਾਉਣ ਤੋਂ ਬਾਅਦ ਤਹਿ ਖੋਲ੍ਹ ਕੇ ਵੇਖੀ। ਅਰਜ਼ੀ ਅੰਗਰੇਜ਼ੀ 'ਚ ਬੜੀ ਹੀ ਸੁੰਦਰ ਲਿਖਾਈ 'ਚ ਲਿਖੀ ਹੋਈ ਸੀ। ਬੜੀ ਹੀ ਰੀਝ ਲਾ ਕੇ ਲਿਖੀ ਲੱਗਦੀ ਸੀ। ਸਕੂਲ ਮੁਖੀ ਨੂੰ ਸੰਬੋਧਨ ਕਰਨ ਤੋਂ ਬਾਅਦ ਲਿਖਿਆ ਹੋਇਆ ਸੀ ਕਿ ਮੇਰੀ ਦੋਸਤ ਕੁੜੀ ਬਿਮਾਰ ਹੈ। ਉਹ ਹਸਪਤਾਲ ਵਿਚ ਦਾਖ਼ਲ ਹੈ। ਮੈਂ ਉਸਦਾ ਪਤਾ ਲੈਣ ਲਈ ਸ਼ਿਮਲੇ ਜਾ ਰਿਹਾ ਹਾਂ। ਇਸ ਕਰਕੇ ਮੈਨੂੰ ਤਿੰਨ ਦਿਨ ਦੀ ਛੁੱਟੀ ਦਿੱਤੀ ਜਾਵੇ। ਮਿਹਰਬਾਨੀ ਹੋਵੇਗੀ।

ਅਰਜ਼ੀ ਪੜ੍ਹਕੇ ਮੇਰਾ ਸਿਰ ਚਕਰਾਅ ਗਿਆ ਸੀ।

"ਘਰਦਿਆਂ ਨੂੰ ਤੇਰੇ ਸ਼ਿਮਲਾ ਜਾਣ ਬਾਰੇ ਪਤੈ।" ਮੈਂ ਆਪਣੇ ਆਪ 'ਤੇ ਕਾਬੂ ਰੱਖਦਿਆਂ ਸੁੱਚੇ ਦੇ ਚਿਹਰੇ 'ਤੇ ਨਿਗ੍ਹਾ ਗੱਡ ਕੇ ਬੋਲਿਆ।

"ਹਾਂ.... ਜੀ, ਪਿਤਾ ਜੀ ਦੇ ਦਸਤਖ਼ਤ ਕਰਵਾ ਕੇ ਹੀ ਅਰਜ਼ੀ ਦਿੱਤੀ ਸੀ।" ਉਹ ਆਪਣੀ ਥਾਂ 'ਤੇ ਖੜ੍ਹਾ ਸਹਿਜ ਮਤੇ ਹੀ ਕਹਿ ਗਿਆ।

ਮੈਂ ਚੰਗੀ ਤਰ੍ਹਾਂ ਵੇਖਿਆ, ਅਰਜ਼ੀ 'ਤੇ ਬਲਦੇਵ ਸਿੰਘ ਦੇ ਦਸਤਖਤ ਕੀਤੇ ਹੋਏ ਸਨ।

"ਸੁੱਚਿਆ! ਤੂੰ ਜ਼ਿਆਦਾ ਗੈਰ-ਹਾਜ਼ਰ ਰਹਿਣ ਲੱਗ ਪਿਐਂ। ਇਹ ਠੀਕ ਨਹੀਂ। ਲਗਾਤਾਰ ਸਕੂਲ ਆਇਆ ਕਰ। ਸਮਝਿਆ?" ਇਹ ਕਹਿੰਦਿਆਂ ਮੈਂ ਆਪਣੀ ਨਾਰਾਜ਼ਗੀ ਜਤਾਈ।

ਪਤਾ ਨਹੀਂ ਕਿਵੇਂ ਮੈਂ ਆਪਣੇ ਗੁੱਸੇ 'ਤੇ ਕਾਬੂ ਪਾ ਗਿਆ ਸਾਂ। ਅਰਜ਼ੀ ਵਿਚਲੇ ਕਾਰਨ ਵਾਲੀ ਗੱਲ ਮੈਂ ਉਸ ਨਾਲ ਸਾਰੀ ਜਮਾਤ 'ਚ ਕਰਨ ਦੀ ਥਾਂ ਨਿਵੇਕਲਾ ਹੋ ਕੇ ਕਰਨ ਬਾਰੇ ਸੋਚ ਲਿਆ। ਅਸਲ ਵਿਚ ਮੈਨੂੰ ਉਸਦੀ ਬੇਬਾਕੀ ਤੋਂ ਡਰ ਲੱਗਣ ਲੱਗ ਪਿਆ ਸੀ ਕਿ ਪਤਾ ਨਹੀਂ ਭਰੀ ਜਮਾਤ 'ਚ ਉਹ ਕੀ ਬੋਲ ਦੇਵੇ।

"ਠੀਕ ਐ ਗੁਰੂ ਜੀ! ਤੁਹਾਡੇ ਕਰਕੇ ਆ ਜਾਈਦੈ.... ਤੁਸੀਂ ਪੜ੍ਹਾਉਂਦੇ ਹੋ ਚਾਰ ਅੱਖਰ ਰੂਹ ਨਾਲ। ਬਾਕੀ ਤਾਂ ਐਵੇਂ ਡੰਗ ਹੀ ਟਪਾਉਂਦੇ ਐ ਜੀ। ਆਉਂਦਾ ਕੱਖ ਵੀ ਨਹੀਂ....।" ਅਡੋਲ ਖੜ੍ਹਾ ਉਹ ਬੜੀ ਹੀ ਬੇਬਾਕੀ ਨਾਲ ਬੋਲਿਆ।

ਮੈਨੂੰ ਭੋਰਾ ਭਰ ਵੀ ਉਮੀਦ ਨਹੀਂ ਸੀ ਕਿ ਉਹ ਆਪਣੇ ਅਧਿਆਪਕਾਂ ਦੇ ਵਿਰੁੱਧ ਇੰਝ ਬੋਲੇਗਾ। ਮੈਨੂੰ ਉਸ ਉੱਪਰ ਗੁੱਸਾ ਆ ਰਿਹਾ ਸੀ। ਨਾਲ ਦੀ ਨਾਲ ਹੈਰਾਨੀ ਵੀ ਹੋ ਰਹੀ ਸੀ ਕਿ ਅੰਗਰੇਜ਼ੀ ਮਾਧਿਅਮ ਵਾਲੇ ਸਕੂਲਾਂ 'ਚੋਂ ਪੜ੍ਹਕੇ ਆਇਆ ਮੁੰਡਾ 'ਗੁਰੂ ਜੀ' ਸ਼ਬਦ ਬੋਲ ਰਿਹਾ

ਹੈ ਜਦੋਂ ਕਿ ਆਮ ਵਿਦਿਆਰਥੀ 'ਸਰ' ਆਖਦੇ ਹਨ। ਮੈਨੂੰ ਯਾਦ ਆਇਆ ਕਿ ਇਕ ਦਿਨ ਪਹਿਲਾਂ ਵੀ ਉਹਨੇ ਨਿਰੋਲ ਪੇਂਡੂ ਸ਼ਬਦ 'ਜੁੱਲੀ-ਬਿਸਤਰਾ' ਬੋਲਿਆ ਸੀ। ਮੈਂ ਗੁੱਸੇ ਅਤੇ ਹੈਰਾਨੀ ਵਿਚ ਉਲਝੇ ਨੇ ਉਸ ਵੱਲ ਨੀਝ ਲਾਕੇ ਵੇਖਿਆ। ਉਸਦੇ ਚਿਹਰੇ ਤੇ ਕਿਸੇ ਵੀ ਕਿਸਮ ਦਾ ਕੋਈ ਪ੍ਰਭਾਵ ਨਹੀਂ ਸੀ ਉੱਭਰਿਆ। ਸਗੋਂ ਮੇਰੇ ਵੱਲ ਵੇਖਕੇ ਮਾੜਾ ਜਿਹਾ ਮੁਸਕਰਾ ਪਿਆ ਸੀ।

"ਤੈਨੂੰ ਵਹਿਮ ਐ, ਬੇਟੇ! ਸਾਰੇ ਹੀ ਚੰਗਾ ਪੜ੍ਹਾਉਂਦੇ ਐ।" ਮੈਂ ਸਫਾਈ ਦੇਣੀ ਚਾਹੀ। ਮੈਂ ਨਹੀਂ ਸਾਂ ਚਾਹੁੰਦਾ ਕਿ ਉਹ ਭਰੀ ਜਮਾਤ ਦੇ ਸਾਹਮਣੇ ਦੂਜੇ ਅਧਿਆਪਕਾਂ ਦੀ ਹੇਠੀ ਕਰਨ ਵਾਲੀ ਕੋਈ ਗੱਲ ਕਰੇ।

ਉਸਨੇ ਮੇਰੇ ਵੱਲ ਇਕ ਨਿਰਛਲ ਤੱਕਣੀ ਸੁੱਟੀ ਅਤੇ ਬੜੀ ਹੀ ਸਹਿਜ ਅਵਾਜ਼ 'ਚ ਬੋਲਿਆ, "ਖੇਹ ਅਤੇ ਸਵਾਹ ਪੜ੍ਹਾਉਂਦੇ ਐ ਜੀ। ਅਹਿ ਜਿਹੜਾ ਘੋਚੂ ਜਿਹਾ ਅੰਗਰੇਜ਼ੀ ਪੜ੍ਹਾਉਣ ਲਾਇਆ ਹੋਇਐ, ਆਉਂਦੀ ਤਾਂ ਉਹਨੂੰ ਏ. ਬੀ. ਸੀ. ਵੀ ਨਹੀਂ ਚੱਜ ਨਾਲ। ਅੰਗਰੇਜ਼ੀ ਨੂੰ ਪੰਜਾਬੀ 'ਚ ਹੀ ਪੜ੍ਹਾਈ ਜਾਂਦੈ। ਸਿਰਫ਼ ਰੌਲਾ ਪਾਉਣ ਜਾਣਦੈ। ਉਹਦੇ ਨਾਲੋਂ ਚੰਗੀ ਅੰਗਰੇਜ਼ੀ ਤਾਂ ਮੈਂ ਪੜ੍ਹਾ ਦਿਆਂ ਜੀ।"

ਸੁੱਚਾ ਬੜੀ ਦਲੇਰੀ ਨਾਲ ਅੰਗਰੇਜ਼ੀ ਅਧਿਆਪਕ ਨੂੰ 'ਘੋਚੂ' ਕਹਿ ਗਿਆ ਸੀ। ਮੈਨੂੰ ਪਤਾ ਸੀ ਕਿ ਅਧਿਆਪਕਾਂ ਦੀ ਪਿੱਠ ਪਿੱਛੇ, ਵਿਦਿਆਰਥੀ ਉਹਨਾਂ ਦੇ ਪੁੱਠੇ-ਸਿੱਧੇ ਰੱਖੇ ਹੋਏ ਨਾਂ ਲੈਂਦੇ ਹਨ। ਪਰ ਜਿਸ ਤਰ੍ਹਾਂ ਉਹ, ਮੇਰੇ ਅੱਗੇ ਪੂਰੀ ਜਮਾਤ 'ਚ ਇਹ ਅਜੀਬ ਜਿਹਾ ਨਾਂ ਲੈ ਗਿਆ ਸੀ, ਇਹ ਗੱਲ ਮੈਨੂੰ ਡਾਹਢਾ ਪ੍ਰੇਸ਼ਾਨ ਕਰ ਗਈ। ਮੈਨੂੰ ਉਸ ਉੱਪਰ ਹੋਰ ਗੁੱਸਾ ਆ ਰਿਹਾ ਸੀ। ਉਂਝ ਮੈਨੂੰ ਚੰਗੀ ਤਰ੍ਹਾਂ ਪਤਾ ਹੀ ਸੀ ਕਿ ਜਿਸ ਅਧਿਆਪਕ ਨੂੰ ਉਸਨੇ 'ਘੋਚੂ' ਕਿਹਾ ਹੈ ਉਸਨੂੰ ਅੰਗਰੇਜ਼ੀ ਵਿਸ਼ੇ 'ਤੇ ਪੂਰੀ ਪਕੜ ਨਹੀਂ ਸੀ ਅਤੇ ਬਹੁਤ ਸਾਰੇ ਸ਼ਬਦਾਂ ਦਾ ਉਚਾਰਨ ਵੀ ਉਹ ਸਹੀ ਢੰਗ ਨਾਲ ਨਹੀਂ ਸੀ ਕਰ ਸਕਦਾ। ਉਹਦੀ ਅੱਧੀ ਉਮਰ ਬੀ. ਏ., ਬੀ. ਐੱਡ ਕਰਦਿਆਂ ਲੰਘ ਗਈ ਸੀ। ਤਰੱਕੀ ਦਾ ਮੌਕਾ ਮਿਲ ਜਾਣ ਕਾਰਨ ਉਹ ਇਸ ਅਹੁਦੇ 'ਤੇ ਲੱਗ ਗਿਆ ਸੀ। ਉਹ ਅੰਗਰੇਜ਼ੀ ਪੜ੍ਹਾਉਂਦਾ ਸੀ ਪਰ ਅੱਜ ਤੱਕ ਕਿਸੇ ਨੇ ਵੀ ਉਹਨੂੰ ਅੰਗਰੇਜ਼ੀ ਦਾ ਅਖ਼ਬਾਰ ਪੜ੍ਹਦੇ ਨਹੀਂ ਵੇਖਿਆ ਸੀ। ਕੁਝ ਵੀ ਸੀ, ਉਹ ਆਖਰ ਅਧਿਆਪਕ ਤਾਂ ਲੱਗਾ ਹੀ ਹੋਇਆ ਸੀ। .... ਅਤੇ ਇਸ ਤੋਂ ਵੀ ਵੱਡੀ ਗੱਲ ਉਹ ਮੇਰਾ ਸਹਿਕਰਮੀ ਸੀ। ਮੈਂ ਆਪਣੇ ਭਾਈਚਾਰੇ ਦਾ ਪੱਖ ਪੂਰ ਰਿਹਾ ਸਾਂ।

ਉਂਝ, ਸੁੱਚਾ ਵੀ ਆਪਣੀ ਥਾਂ 'ਤੇ ਪੂਰੀ ਤਰ੍ਹਾਂ ਠੀਕ ਸੀ। ਪਰ .... ਇੱਕ ਅਧਿਆਪਕ ਦੇ ਅੱਗੇ ਕਿਸੇ ਹੋਰ ਅਧਿਆਪਕ ਦੇ ਵਿਰੁੱਧ ਇੱਕ ਵਿਦਿਆਰਥੀ ਵਲੋਂ ਬੋਲਣਾ ਮੈਨੂੰ ਚੰਗਾ ਨਹੀਂ ਸੀ ਲੱਗਿਆ। ਮੈਂ ਤਲਖ ਹੋ ਗਿਆ ਸਾਂ। ਮੇਰਾ ਜੀਅ ਕਰਦਾ ਸੀ ਕਿ ਉਹਦੇ ਪੰਜ-ਸੱਤ ਚਪੇੜਾਂ ਜੜ ਦਿਆਂ ਪਰ ਆਪਣੇ ਆਪ ਉੱਪਰ ਕਾਬੂ ਕਰਦਿਆਂ ਗੁੱਸੇ ਨੂੰ ਅੰਦਰੇ-ਅੰਦਰ ਹੀ ਪੀ ਗਿਆਂ। ਘੂਰੀ ਵੱਟਦੇ ਹੋਏ ਥੋੜ੍ਹੀ ਜਿਹੀ ਉੱਚੀ ਸੁਰ 'ਚ ਉਸਨੂੰ ਕਿਹਾ, "ਬਹਿ ਜਾ। ਕੱਲ੍ਹ



ਨੂੰ ਆਪਣੇ ਪਿਓ ਨੂੰ ਲਿਆਈਂ ਸੱਦਕੇ। ਤੇਰਾ ਮੂੰਹ ਜ਼ਿਆਦਾ ਖੁੱਲ੍ਹਦਾ ਜਾਂਦੈ। ਬੋਲਣ ਲੱਗਿਆਂ ਤਾਂ ਅੱਗਾ-ਪਿੱਛਾ ਨਹੀਂ ਵੇਖਦਾ। ਨਾਲੇ ਅੱਗੇ ਤੋਂ ਗੈਰ-ਹਾਜ਼ਰ ਨਹੀਂ ਹੋਣਾ। ਧਿਆਨ ਨਾਲ ਸੁਣ ਲੈ।"

"ਠੀਕ ਐ ਜੀ। ਸੱਦ ਲਿਆਵਾਂਗਾ ਜੀ।" ਬੜੇ ਹੀ ਸਹਿਜ-ਭਾਅ ਕਹਿ ਕੇ, ਉਹ ਸ਼ਾਂਤ ਚਿੱਤ ਆਪਣੀ ਜਗ੍ਹਾ ਬਹਿ ਗਿਆ, ਜਿਵੇਂ ਇਹ ਝਿੜਕਾਂ ਉਹਨੂੰ ਪਈਆਂ ਹੀ ਨਾ ਹੋਣ।

ਮੇਰੀ ਸਾਰੀ ਘੰਟੀ ਸੁੱਚਾ ਹੀ ਖਾ ਗਿਆ ਸੀ। ਮੈਂ ਕੁਝ ਵੀ ਨਹੀਂ ਪੜ੍ਹਾ ਸਕਿਆ ਸਾਂ। ਜਮਾਤ 'ਚੋਂ ਬਾਹਰ ਵੀ ਸੁੱਚੇ ਦੀ ਬੇਬਾਕੀ ਨੇ ਮੇਰਾ ਖਹਿੜਾ ਨਹੀਂ ਛੱਡਿਆ ਸੀ। ਘਰ ਆਏ ਤੋਂ ਵੀ ਬੜੀ ਦੇਰ ਉਹ ਮੇਰੀਆਂ ਅੱਖਾਂ ਅੱਗੇ ਆਉਂਦਾ ਰਿਹਾ ਸੀ।

ਅਗਲੇ ਦਿਨ ਅੱਧੀ ਛੁੱਟੀ ਵੇਲੇ ਬੋਹੜ ਦੀ ਛਾਵੇਂ ਬੈਠਾ ਕੁਝ ਪੜ੍ਹ ਰਿਹਾ ਸਾਂ। ਇੱਕ ਮਾੜਕੂ ਜਿਹਾ ਮੁੰਡਾ ਹੁਬਕੀਆਂ ਲੈਂਦਾ ਮੇਰੇ ਕੋਲ ਆ ਰੁਕਿਆ। ਉਹ ਮੇਰੀ ਜਮਾਤ ਦਾ ਵਿਦਿਆਰਥੀ ਸੀ। ਉਹਦੇ ਨਾਲ ਪੰਜ-ਸੱਤ ਜਣੇ ਹੋਰ ਵੀ ਆ ਖੜੇ ਸਨ।

"ਉਏ ਸ਼ਿਵ! ਕੀ ਗੱਲ ਹੋ ਗਈ?" ਮੈਂ ਉਸਨੂੰ ਹਟਕੋਰੇ ਭਰਦੇ ਨੂੰ ਵੇਖ ਕੇ ਪੁੱਛਿਆ।

ਉਹ ਕੁਝ ਨਾ ਬੋਲ ਸਕਿਆ। ਬੋਲਣ ਦੀ ਥਾਂ ਉਸਨੇ ਆਪਣਾ ਖੱਬਾ ਜਬਾੜਾ ਮੇਰੇ ਅੱਗੇ ਕਰ ਦਿੱਤਾ। ਰੋਂਦਾ ਹੋਇਆ, ਉਹ ਅਜੇ ਵੀ ਧੀਰ ਨਹੀਂ ਧਰ ਰਿਹਾ ਸੀ। ਉਸਦਾ ਜਬਾੜਾ ਸੁੱਜਿਆ ਹੋਇਆ ਸੀ। ਉਹਦੇ ਹਟਕੋਰਿਆਂ ਨੂੰ ਵੇਖ ਕੇ ਲੱਗਦਾ ਸੀ ਕਿ ਉਸਨੂੰ ਕਾਫੀ ਕੁੱਟਿਆ-ਮਾਰਿਆ ਗਿਆ ਹੈ।

"ਕੀਹਨੇ ਮਾਰਿਐ?" ਮੈਂ ਉਸਦੇ ਮੋਢੇ 'ਤੇ ਹੱਥ ਰੱਖਕੇ ਪੁੱਛਿਆ।

"ਸੁੱਚੇ ਨੇ ਜੀ।" ਸ਼ਿਵ ਤਾਂ ਬੋਲ ਨਾ ਸਕਿਆ। ਉਹਦੇ ਨਾਲ ਆਏ ਮੁੰਡਿਆਂ 'ਚੋਂ ਇਕ ਜਣਾ ਬੋਲਿਆ।

"ਜਾਹ ਬੁਲਾ ਕੇ ਲਿਆ ਉੱਲੂ ਦੇ ਪੱਠੇ ਨੂੰ.... ਲਾਹਵਾਂ ਉਹਦਾ ਚੰਮ।" ਮੈਂ ਬੋਲਣ ਵਾਲੇ ਮੁੰਡੇ ਨੂੰ ਕਿਹਾ।

ਮੁੰਡਾ ਸੁੱਚੇ ਨੂੰ ਸੱਦਣ ਤੁਰ ਗਿਆ ਸੀ।

"ਤੂੰ ਬਹਿ ਜਾ ਇੱਥੇ। ਬਾਕੀ ਚੱਲੋ ਸਾਰੇ ਖੇਡੋ ਜਾ ਕੇ।" ਮੈਂ ਸ਼ਿਵ ਨੂੰ ਬੋਹੜ ਹੇਠਲੇ ਥੜ੍ਹੇ ਵੱਲ ਇਸ਼ਾਰਾ ਕਰਦਿਆਂ ਕਿਹਾ।

ਪਲ ਕੁ ਬਾਅਦ ਹੀ ਸੁੱਚਾ ਆ ਹਾਜ਼ਰ ਹੋਇਆ। ਮੈਂ ਉਹਦੇ ਵੱਲ ਥੋੜ੍ਹਾ ਕੌੜ ਕੇ ਵੇਖਿਆ। ਉਹਦੇ ਉੱਤੇ ਮੈਨੂੰ ਕੱਲ੍ਹ ਦਾ ਵੀ ਰੰਜ ਸੀ।

"ਹਾਂ ਜੀ ਦੱਸੋ।" ਉਹ ਮਾੜਾ ਜਿਹਾ ਮੁਸਕਰਾ ਕੇ ਬੋਲਿਆ। ਮੁਸਕੜੀਆਂ ਨਾਲ ਉਹਦੀ ਖੱਬੀ ਗੱਲ੍ਹ 'ਤੇ ਟੋਆ ਪੈ ਗਿਆ ਸੀ। ਮੇਰਾ ਥੋੜ੍ਹਾ ਜਿਹਾ ਗੁੱਸਾ ਉਹਦੇ ਮੁਸਕਰਾਉਣ ਦੇ ਅੰਦਾਜ਼ ਨਾਲ ਹੀ ਉਹਦੀ ਗੱਲ੍ਹ ਦੇ ਟੋਏ 'ਚ ਗੁੰਮ ਹੋ ਗਿਆ ਸੀ।

"ਉਏ! ਤੂੰ ਇਹਨੂੰ ਮਾਰਿਆ ਕਿਉਂ ਐ, ਸ਼ਿਵ ਨੂੰ?" ਮੈਂ ਥੋੜ੍ਹਾ ਜਿਹਾ ਉੱਚੀ ਬੋਲਿਆ।

"ਮੈਨੂੰ ਜੀ ਚਾਰ ਮਹੀਨੇ ਹੋ ਗਏ ਐ.... ਇਸ ਸਕੂਲ 'ਚ ਆਏ ਨੂੰ। ਕੋਈ ਜਣਾ ਕਹਿ

ਦੇਵੇ ਮੈਂ ਕਿਸੇ ਨੂੰ ਤੰਗ ਕੀਤਾ ਹੋਵੇ। ਇਹ ਕਈ ਵਾਰੀ ਮੇਰਾ ਪੁੱਠਾ ਨਾਂ ਲੈਂਦੇ ਜੀ।" ਉਹ ਬੜੀ ਨਿਡਰਤਾ ਨਾਲ ਬੋਲਿਆ। ਉਹਦੇ ਚਿਹਰੇ 'ਤੇ ਭੋਰਾ ਭਰ ਵੀ ਸਹਿਮ ਨਹੀਂ ਦਿਸਦਾ ਸੀ।

"ਕਿਉਂ ਉਏ ਸ਼ਿਵ! ਇਹ ਠੀਕ ਕਹਿੰਦੈ?" ਮੈਂ ਸੁੱਚੇ ਦੀ ਮਾਰ ਦੇ ਸ਼ਿਕਾਰ ਸ਼ਿਵ ਨੂੰ ਪੁੱਛਿਆ।

"........।" ਸ਼ਿਵ ਨੇ ਲੰਬਾ ਹਟਕੋਰਾ ਲਿਆ। ਉਹ ਕੁਝ ਵੀ ਨਹੀਂ ਬੋਲ ਸਕਿਆ ਸੀ।

"ਇਹ ਕੀ ਕਹਿੰਦਾ ਸੀ ਤੈਨੂੰ?" ਮੈਂ ਥੋੜ੍ਹਾ ਨਰਮ ਹੁੰਦਿਆਂ ਸੁੱਚੇ ਨੂੰ ਪੁੱਛਿਆ।

"ਤੁਹਾਨੂੰ ਪਤੈ ਜੀ, ਮੈਨੂੰ ਸਾਰੇ ਸੁੱਚਾ ਕਹਿੰਦੇ ਐ। ਮੇਰਾ ਨਾਂ ਨੌਰੰਗ ਸਿੰਘ ਐ। ਇਹ ਸੁੱਚੇ ਦੀ ਥਾਂ ਲੁੱਚਾ, ਅਤੇ ਨੌਰੰਗ ਸਿੰਘ ਦੀ ਥਾਂ ਨੰਗ ਸਿੰਘ ਕਹਿੰਦੈ ਜੀ। ਮੈਂ ਇਹਨੂੰ ਕਈ ਵਾਰੀ ਟੋਕਿਐ। ਕੱਲ੍ਹ ਮੈਂ ਇਹਨੂੰ ਕਹਿ ਦਿੱਤਾ ਸੀ ਜੀ, ਬਈ ਹੁਣ ਨਾ ਕਹਿ ਬੈਠੀਂ ਕਿਤੇ। ਇਹ ਟਲਿਆ ਨਹੀਂ ਜੀ।" ਹਰੇਕ ਗੱਲ ਨਾਲ 'ਜੀ' ਕਹਿੰਦਾ ਉਹ ਥੋੜ੍ਹਾ ਰੁਕ ਕੇ ਬੜੇ ਹੀ ਕਾਵਿਕ ਅੰਦਾਜ਼ 'ਚ ਬੋਲਿਆ, "ਅੱਜ ਇਹਨੇ ਫਿਰ ਕਹਿ ਦਿੱਤਾ ਨੰਗ.... ਤੇ ਜੀ, ਮੈਂ ਮਾਰਿਆ ਖਿੱਚ ਕੇ ਡੰਗ।" ਨਾਲ ਦੀ ਨਾਲ ਉਸਨੇ ਆਪਣਾ ਵੱਟਿਆ ਹੋਇਆ ਹੂਰਾ ਸ਼ਿਵ ਦੇ ਮੂੰਹ ਅੱਗੇ ਕਰ ਦਿੱਤਾ।

"ਤੂੰ ਕਿਸੇ ਨੂੰ ਦੱਸਣਾ ਸੀ ਬਈ ਇਹ ਮੈਨੂੰ ਨੰਗ ਕਹਿੰਦੈ। ਤੂੰ ਆਪ ਹੀ ਸਜ਼ਾ ਦੇਣ ਬਹਿ ਗਿਆ।" ਮੈਂ ਆਖਿਆ

"ਪਰਸੋਂ ਦਫ਼ਤਰ ਜਾ ਕੇ ਵੱਡੇ ਸਾਹਿਬ ਕੋਲ ਸ਼ਿਕਾਇਤ ਲਾਈ ਸੀ ਜੀ। ਉਹਨੇ ਅੱਗੋਂ ਮੈਨੂੰ ਹੀ ਝਿੜਕਾਂ ਦੇ ਕੇ ਮੋੜ ਦਿੱਤਾ। ਧਿਆਨ ਨਾਲ ਮੇਰੀ ਗੱਲ ਹੀ ਨਹੀਂ ਸੁਣੀ।" ਸੁੱਚੇ ਨੇ ਸਪੱਸ਼ਟੀਕਰਨ ਦੇਣ ਦੇ ਨਾਲ-ਨਾਲ ਆਪਣਾ ਰੋਸ ਵੀ ਜ਼ਾਹਰ ਕੀਤਾ। "ਉਹ ਕਹਿੰਦੈ ਤੂੰ ਤਕੜੈਂ, ਇਹ ਤੇਰਾ ਕੀ ਕਰ ਲਊ? ਮੈਂ ਕਿਹਾ ਜੀ ਇਹ ਘਤਿੱਤਾਂ ਕਰਦੈ, ਇਹਨੂੰ ਹਟਾ ਲਓ, ਨਹੀਂ ਤਾਂ ਮੈਂ ਹਟਾਉਣ ਜਾਣਦਾ ਹਾਂ।"

"ਫੇਰ, ਸਾਹਿਬ ਨੇ ਕੀ ਕਿਹਾ?" ਮੈਂ ਪੁੱਛਿਆ।

"ਕਹਿਣਾ ਕੀ ਸੀ ਜੀ? ਉਲਟਾ ਮੈਨੂੰ ਪੁੱਛਿਆ, ਘਤਿੱਤ ਕੀ ਹੁੰਦੀ ਹੈ? ਵੱਡੇ ਸਾਹਿਬ ਨੂੰ ਈ ਨਹੀਂ ਪਤਾ, ਬਈ ਘਤਿੱਤ ਕੀ ਹੁੰਦੀ ਹੈ?" ਸੁੱਚਾ ਅੱਧੀ ਗੱਲ ਮੇਰੇ ਨਾਲ ਅਤੇ ਅੱਧੀ ਗੱਲ ਆਪਣੇ-ਆਪ ਨਾਲ ਕਰ ਗਿਆ।

"ਮੈਂ ਜਮਾਤ ਦਾ ਇੰਚਾਰਜ ਹਾਂ, ਮੈਨੂੰ ਦੱਸਣਾ ਸੀ।" ਮੈਂ ਕਿਹਾ।

"ਹੋਰ ਕਿਸੇ ਨੇ ਕਿਹਾ ਤਾਂ ਦੱਸ ਦਿਆਂਗਾ ਜੀ। ਉਂਝ, ਇਹਨੂੰ ਤਾਂ ਦੁਬਾਰਾ ਕਹਿਣ ਜੋਗਾ ਮੈਂ ਛੱਡਿਆ ਨਹੀਂ। ਹੋਰ ਦਸਾਂ-ਵੀਹਾਂ ਨੂੰ ਵੀ ਪਤਾ ਲੱਗ ਗਿਐ ਜੀ।" ਉਹ ਮੇਰੇ ਵੱਲ ਤੱਕ ਕੇ ਫਿਰ ਮੁਸਕੜੀਏ ਹੱਸਿਆ।

ਉਸਦੀ ਦਲੀਲ ਭਰਪੂਰ ਗੱਲ ਨੇ ਮੇਰਾ ਗੁੱਸਾ ਢੈਲਾ ਕਰ ਦਿੱਤਾ ਸੀ।

"ਸੁੱਚਿਆ ਤੂੰ ਸਿਆਣਾ ਮੁੰਡੈ। ਤੇਰੇ ਤੋਂ ਇਹ ਉਮੀਦ ਨਹੀਂ ਸੀ। ਅੱਗੇ ਤੋਂ ਸ਼ਿਕਾਇਤ ਨਹੀਂ ਆਉਣੀ ਚਾਹੀਦੀ।" ਮੈਂ ਉਸਨੂੰ ਸਮਝੌਤੀ ਦੇਣ ਲੱਗ ਪਿਆ।



"ਅੱਗੇ ਤੋਂ ਨਹੀਂ ਆਉਂਦੀ ਜੀ।" ਇਹ ਕਹਿੰਦਿਆਂ ਸੁੱਚੇ ਨੇ ਸ਼ਿਵ ਨੂੰ ਜੱਫੀ 'ਚ ਲੈ ਲਿਆ, "ਮੈਂ ਤਾਂ ਯਾਰ ਤੇਰੇ ਪੋਲਾ ਜਿਹਾ ਘਸੁੰਨ ਮਾਰਿਆ ਸੀ .... ਤੇਰੇ ਪੀੜ ਹੀ ਵੱਧ ਹੋ ਗਈ।"

ਮੈਂ ਦੋਹਾਂ ਨੂੰ ਰਲ ਮਿਲ ਕੇ ਰਹਿਣ ਲਈ ਸਮਝਾਉਣ ਲੱਗ ਪਿਆ।

"ਹਾਂ ਸੱਚ, ਨੌਰੰਗ ਸਿੰਘ! ਤੈਨੂੰ ਕਿਹਾ ਸੀ, ਆਪਣੇ ਬਾਪ ਨੂੰ ਬੁਲਾ ਕੇ ਲਿਆਈਂ।" ਮੈਂ ਉਸਨੂੰ ਕੱਲ੍ਹ ਦੀ ਕਹੀ ਹੋਈ ਗੱਲ ਚੇਤੇ ਕਰਵਾਈ।

"ਕੱਲ੍ਹ ਜਾਂਦਿਆਂ ਸਾਰ ਤੁਹਾਡਾ ਸੁਨੇਹਾ ਦੇ ਦਿੱਤਾ ਸੀ, ਅੱਜ ਫੇਰ ਕਹਿ ਦਿਆਂਗਾ ਜੀ।" ਉਹ ਨਿਝੱਕ ਬੋਲਿਆ।

"ਠੀਕ ਹੈ।" ਮੈਂ ਕਿਹਾ ਅਤੇ ਦੋਹਾਂ ਨੂੰ ਤੋਰ ਦਿੱਤਾ।

ਸੁੱਚੇ ਨੇ ਆਪਣੀ ਸੱਜੀ ਬਾਂਹ ਸ਼ਿਵ ਦੇ ਉੱਪਰ ਦੀ ਵਲ੍ਹ ਕੇ ਉਸਨੂੰ ਆਪਣੀ ਵੱਖੀ ਨਾਲ ਲਾਇਆ ਹੋਇਆ ਸੀ। ਇਕੱਠੇ ਤੁਰੇ ਜਾਂਦਿਆਂ ਨੂੰ ਪਿੱਛੋਂ ਵੇਖਕੇ ਸ਼ਿਵ 'ਤੇ ਮੈਨੂੰ ਤਰਸ ਆ ਰਿਹਾ ਸੀ ਅਤੇ ਸੁੱਚੇ ਉੱਤੇ ਅਜੀਬ ਕਿਸਮ ਦਾ ਮਾਣ ਹੋ ਰਿਹਾ ਸੀ ਕਿ ਇਹ ਕਿਹੋ ਜਿਹੀ ਮਿੱਟੀ ਦਾ ਬਣਿਆ ਹੋਇਆ ਹੈ। ਅੰਦਰੋਂ-ਬਾਹਰੋਂ ਇੱਕੋ ਜਿਹਾ।

ਕਈ ਦਿਨ ਲੰਘ ਗਏ ਸਨ। ਦੋ-ਤਿੰਨ ਵਾਰ ਕਹਿਣ ਉਪਰੰਤ ਵੀ ਸੁੱਚਾ ਆਪਣੇ ਬਾਪ ਨੂੰ ਬੁਲਾ ਕੇ ਨਹੀਂ ਲਿਆਇਆ ਸੀ। ਵਾਰ-ਵਾਰ ਉਹਨੂੰ ਕਹਿਣ ਦੀ ਥਾਂ ਉਹਦੇ ਪਿੰਡ ਦੇ ਪਤੇ 'ਤੇ ਮੈਂ ਉਹਦੇ ਬਾਪ ਨੂੰ ਪੱਤਰ ਲਿਖ ਦਿੱਤਾ ਸੀ ਕਿ ਪੱਤਰ ਮਿਲਦੇ ਸਾਰ ਹੀ ਸਕੂਲ ਆਓ, ਨੌਰੰਗ ਸਿੰਘ ਬਾਰੇ ਕੋਈ ਗੱਲ ਕਰਨੀ ਹੈ।

ਡਾਕਖਾਨੇ 'ਚ ਪੱਤਰ ਪਾਉਣ ਤੋਂ ਸਾਤੇ ਕੁ ਬਾਅਦ ਸਵੇਰ ਸਬਾ ਹੋਣ ਤੋਂ ਪਹਿਲਾਂ ਹੀ ਸੁੱਚਾ ਆਪਣੇ ਬਾਪ ਨੂੰ ਲੈ ਆਇਆ ਸੀ।

ਮੈਨੂੰ ਸਤਿ ਸ੍ਰੀ ਅਕਾਲ ਕਹਿਣ ਤੋਂ ਬਾਅਦ ਉਹ ਆਪਣੇ ਨਾਲ ਆਏ ਆਦਮੀ ਵੱਲ ਇਸ਼ਾਰਾ ਕਰਕੇ ਬੋਲਿਆ, "ਲਓ ਆ ਗਏ ਐ ਜੀ, ਕਰ ਲਓ ਗੱਲ।"

ਸਾਧਾਰਨ ਜਿਹੇ ਕੁੜਤੇ-ਪਜਾਮੇ 'ਚ, ਚਾਲ੍ਹੀਆਂ ਦੇ ਆਸਪਾਸ, ਘੋਨ-ਮੋਨ ਸਮੱਧਰ ਜਿਹੇ ਆਦਮੀ ਨੇ ਮਿਲਾਉਣ ਲਈ ਆਪਣਾ ਸੱਜਾ ਹੱਥ ਅਗਾਂਹ ਕੱਢ ਲਿਆ ਸੀ।

ਦੋ-ਚਾਰ ਰਸਮੀਂ ਗੱਲਾਂ ਤੋਂ ਬਾਅਦ ਮੈਂ ਉਸਨੂੰ ਕਿਹਾ, "ਬੱਚਾ ਤੁਹਾਡਾ ਯੋਗ ਹੈ.... ਪਰ ਨਾਗੇ ਬਹੁਤ ਕਰਦਾ ਹੈ। ਉਂਝ ਵੀ....।" ਉਹ ਮੇਰੀ ਗੱਲ ਪੂਰੀ ਹੋਣ ਤੋਂ ਪਹਿਲਾਂ ਹੀ ਬੋਲ ਉੱਠਿਆ, "ਅੱਗੇ ਤੋਂ ਗ਼ੈਰ-ਹਾਜ਼ਰ ਨਹੀਂ ਰਹਿੰਦਾ ਜੀ .... ਇਸ ਵਾਰ ਮਾਫ਼ ਕਰ ਦਿਓ। ਸੁਣ ਲਾ ਬਈ ਧਿਆਨ ਨਾਲ.... ਸ਼ਿਕਾਇਤ ਨਾ ਆਵੇ ਅੱਗੇ ਤੋਂ ਕਦੇ।" ਉਹ ਅੱਧਾ ਮੈਨੂੰ ਅਤੇ ਅੱਧਾ ਸੁੱਚੇ ਨੂੰ ਸੰਬੋਧਿਤ ਹੋਇਆ।

"ਠੀਕ ਐ ਜੀ।" ਸੁੱਚੇ ਨੇ ਮਾੜੇ ਜਿਹੇ ਹੱਥ ਜੋੜ ਕੇ ਨੀਵੀਂ ਪਾ ਲਈ ਸੀ।

"ਇਹ ਮੁੱਕੇਬਾਜੀ ਵੀ ਕਰਦੈ।" ਮੈਂ ਸ਼ਿਵ ਨੂੰ ਮਾਰੇ ਘਸੁੰਨ ਵਾਲੀ ਗੱਲ ਜਤਾਈ।

"ਗੁਰੂ ਜੀ! ਉਹ ਤਾਂ ਲੋੜ ਸੀ। ਇੱਕੋ ਹੂਰੇ ਨਾਲ ਹੀ ਸਾਰੇ ਸਕੂਲ 'ਚ ਪਤਾ ਲੱਗ ਗਿਐ ਜੀ। ਹੁਣ ਹੋਰ ਕੋਈ ਛੇਤੀ ਕੀਤਿਆਂ ਮੇਰਾ ਪੁੱਠਾ ਨਾਂ ਲੈਣ ਦੀ ਦਲੇਰੀ ਨਹੀਂ ਕਰੂਗਾ।" ਉਹ ਫਿਰ ਪਹਿਲਾਂ ਵਾਲੇ ਰਉਂ 'ਚ ਆ ਗਿਆ ਸੀ।

"ਤੂੰ ਚੱਲ ਜਮਾਤ 'ਚ। ਦਫ਼ਤਰ ਅੱਗੋਂ ਹਾਜ਼ਰੀ ਰਜਿਸਟਰ ਲੈ ਚੱਲ। ਮੈਂ ਆਉਂਦਾ ਹਾਂ" ਮੇਰੇ ਕਹਿਣ ਸਾਰ ਹੀ ਉਹ ਦਫਤਰ ਵੱਲ ਨੂੰ ਹੋ ਤੁਰਿਆ।

ਇੱਕ-ਅੱਧੀ ਗੱਲ ਹੋਰ ਕਰਕੇ ਉਹ ਆਦਮੀ ਸੁੱਚੇ ਦਾ ਧਿਆਨ ਰੱਖਣ ਲਈ ਕਹਿ ਕੇ ਚਲਾ ਗਿਆ ਸੀ। ਚਾਹੁੰਦਿਆਂ ਹੋਇਆਂ ਵੀ ਕਾਫੀ ਸੋਚ ਕੇ- ਕਿ ਚੜ੍ਹਦੀ ਉਮਰ 'ਚ ਅਜਿਹੀਆਂ ਘਟਨਾਵਾਂ ਘਟ ਹੀ ਜਾਂਦੀਆਂ ਹਨ - ਸੁੱਚੇ ਦੇ ਸ਼ਿਮਲੇ ਜਾਣ ਵਾਲੀ ਗੱਲ ਮੈਂ ਉਸ ਆਦਮੀ ਨਾਲ ਨਾ ਕੀਤੀ।

ਸਵੇਰ ਸਭਾ ਤੋਂ ਬਾਅਦ ਹਾਜ਼ਰੀ ਲਾਉਣ ਉਪਰੰਤ ਮੈਂ ਸੁੱਚੇ ਨੂੰ ਦੋ-ਚਾਰ ਸਮਝੌਤੀਆਂ ਦਿੱਤੀਆਂ। ਉਹ ਬੜਾ ਹੀ ਸ਼ਾਂਤ-ਚਿੱਤ ਹੋ ਕੇ ਸੁਣਦਾ ਰਿਹਾ ਸੀ। ਮੇਰੀਆਂ ਗੱਲਾਂ ਨਾਲ ਉਹਦੇ ਚਿਹਰੇ 'ਤੇ ਖ਼ੁਸ਼ੀ ਖੇਡਣ ਲੱਗ ਪਈ ਸੀ। ਸਾਰੀ ਘੰਟੀ ਉਹਦੇ ਬੁੱਲ੍ਹਾਂ 'ਤੇ ਮੁਸਕਰਾਹਟ ਪੱਸਰੀ ਰਹੀ ਸੀ।

ਮੇਰੀ ਤੀਜੀ ਘੰਟੀ ਵਿਹਲੀ ਸੀ। ਮੈਂ ਆਮ ਵਾਂਗ ਬੋਹੜ ਹੇਠ ਬਹਿ ਕੇ ਅਖ਼ਬਾਰ ਪੜ੍ਹ ਰਿਹਾ ਸਾਂ।

"ਸਤਿ ਸ੍ਰੀ ਅਕਾਲ ਜੀ।" ਮੇਰੇ ਕੰਨਾਂ 'ਚ ਇੱਕ ਮਿੱਠੀ ਜਿਹੀ ਅਵਾਜ਼ ਨੇ ਜਿਵੇਂ ਰਸ ਘੋਲ ਦਿੱਤਾ ਹੋਵੇ।

ਅਖ਼ਬਾਰ 'ਤੋਂ ਨਿਗ੍ਹਾ ਹਟਾ ਕੇ ਮੈਂ ਉਤਾਂਹ ਵੱਲ ਵੇਖਿਆ। ਉਨਾਭੀ ਰੰਗ ਦੀ ਬਹੁਤ ਹੀ ਸੋਹਣੀ ਬੰਨ੍ਹੀ ਹੋਈ ਪੱਗ, ਸਲੀਕੇ ਨਾਲ ਬੰਨ੍ਹੀ ਹੋਈ ਦਾੜ੍ਹੀ ਅਤੇ ਬੜੇ ਹੀ ਖ਼ੂਬਸੂਰਤ ਕੋਟ-ਪੈਂਟ 'ਚ ਸਜਿਆ, ਇੱਕ ਆਦਮੀ ਹੱਥ ਜੋੜੀ ਖੜਾ ਸੀ। ਬੜੇ ਹੀ ਮਨਮੋਹਣੇ ਛੱਲੇ ਵਾਲੀ ਚਾਬੀ ਉਹਦੇ ਹੱਥ 'ਚ ਫੜੀ ਹੋਈ ਸੀ, ਜਿੱਥੋਂ ਭਾਸਦਾ ਸੀ ਕਿ ਉਹ ਕਾਰ 'ਤੇ ਆਇਆ ਹੈ। ਦਫ਼ਤਰ ਅੱਗੇ ਬੈਠਾ ਚਪੜਾਸੀ ਮੈਨੂੰ ਮਿਲਾਉਣ ਲਈ ਉਹਦੇ ਨਾਲ ਹੀ ਤੁਰ ਆਇਆ ਸੀ।

"ਆਓ ਬੈਠੋ!" ਉਹਦੀ ਫਤਿਹ ਦਾ ਜਵਾਬ ਦਿੰਦਿਆਂ, ਮੈਂ ਨੇੜੇ ਪਈ ਖਾਲੀ ਕੁਰਸੀ ਵੱਲ ਇਸ਼ਾਰਾ ਕਰ ਦਿੱਤਾ ਸੀ।

ਧੰਨਵਾਦ ਕਹਿ ਕੇ ਉਹ ਬੜੇ ਹੀ ਸਲੀਕੇ ਨਾਲ ਕੁਰਸੀ ਉੱਪਰ ਬਹਿ ਗਿਆ।

"ਰਾਮ ਪ੍ਰਕਾਸ਼! ਪਾਣੀ ਪਿਆ।" ਮੇਰੀ ਗੱਲ ਸੁਣਦਿਆਂ ਹੀ ਰਾਮ ਪ੍ਰਕਾਸ਼ ਪਾਣੀ ਲੈਣ ਤੁਰ ਗਿਆ ਸੀ।

"ਤੁਹਾਡਾ ਪੱਤਰ ਮਿਲ ਗਿਐ.... ਮੈਨੂੰ ਬੁਲਾਇਐ ਜੀ?" ਬੋਲਦਿਆਂ ਉਸਨੇ ਸ਼ਬਦਾਂ ਨੂੰ ਚਿਣ-ਚਿਣ ਕੇ ਰੱਖ ਦਿੱਤਾ।

"ਤੁਸੀਂ....?" ਮੈਂ ਜਾਨਣਾ ਚਾਹੁੰਦਾ ਸਾਂ ਕਿ ਉਹ ਕੌਣ ਹੈ ਅਤੇ ਕਿਵੇਂ ਆਇਆ ਹੈ?



ਮੇਰੀ ਅਧੂਰੀ ਗੱਲ ਦਾ ਪੂਰਾ ਭਾਵ ਸਮਝਦਿਆਂ ਉਹ ਬੋਲਿਆ, "ਮੈਂ ਸੁੱਚੇ ਦਾ ਬਾਪ ਹਾਂ ਜੀ .... ਨੌਰੰਗ ਸਿੰਘ ਦਾ.... ਬਲਦੇਵ ਸਿੰਘ.... ਬੁੱਧ ਸਿੰਘ ਵਾਲਾ ਤੋਂ।"

"ਠੀਕ.... ਠੀਅਕ।" ਇਹ ਕਹਿੰਦਿਆਂ ਮੇਰਾ ਸਿਰ ਇਕਦਮ ਚਕਰਾਅ ਗਿਆ ਸੀ।

"ਸੁੱਚੇ ਦਾ ਬਾਪ ਤਾਂ ਸਵੇਰੇ-ਸਵੇਰੇ ਹੀ ਆ ਕੇ ਗਿਆ ਸੀ। ....ਤੇ ਇਹ ਕੌਣ ਹੋਵੇ? ਇਕਦਮ ਭੱਦਾ ਜਿਹਾ ਸਵਾਲ ਮੇਰੇ ਜ਼ਿਹਨ 'ਚ ਉੱਠ ਖੜੋਤਾ। ਵਿਦਿਆਰਥੀਆਂ ਨਾਲ ਵਾਹ ਪੈਣ ਦੇ ਲੰਘੇ ਤਜ਼ਰਬੇ ਕਾਰਨ ਇਸ ਸਵਾਲ ਦਾ ਜਵਾਬ ਉਸੇ ਵੇਲੇ ਹੀ ਮਿਲ ਗਿਆ ਕਿ ਜਿਹੜਾ ਬੰਦਾ ਸਵੇਰੇ ਸੁੱਚੇ ਨਾਲ ਆਇਆ ਸੀ, ਉਹ ਸੁੱਚੇ ਦਾ ਅਸਲੀ ਬਾਪ ਨਹੀਂ ਸੀ। ਸਗੋਂ ਬਾਪ ਦੀ ਥਾਂ ਲਿਆਂਦਾ ਗਿਆ ਸੀ।

"ਰਾਮ ਪ੍ਰਕਾਸ਼! ਪਾਣੀ ਪਿਆ ਕੇ, ਉੱਪਰੋਂ ਅਠਾਰਾਂ ਨੰਬਰ ਕਮਰੇ 'ਚੋਂ ਸੁੱਚੇ ਨੂੰ ਬੁਲਾ ਕੇ ਲਿਆ।" ਮੈਂ ਚਪੜਾਸੀ ਨੂੰ ਕਿਹਾ।

ਰਾਮ ਪ੍ਰਕਾਸ਼ ਸੁੱਚੇ ਨੂੰ ਸੱਦਣ ਤੁਰ ਗਿਆ।

"ਕੀ ਹੁਕਮ ਐ ਜੀ?" ਬਲਦੇਵ ਸਿੰਘ ਮੇਰੇ ਵੱਲ ਨੀਝ ਲਾ ਕੇ ਤੱਕਦਿਆਂ ਬੋਲਿਆ। ਲੱਗਦਾ ਸੀ, ਉਹ ਇੱਥੇ ਬੁਲਾਏ ਜਾਣ ਦਾ ਕਾਰਨ ਸੁੱਚੇ ਦੇ ਆਉਣ ਤੋਂ ਪਹਿਲਾਂ-ਪਹਿਲਾਂ ਹੀ ਜਾਨਣਾ ਚਾਹੁੰਦਾ ਸੀ।

ਮੇਰਾ ਮਨ ਕੀਤਾ ਕਿ ਇਸਨੂੰ ਦੱਸਾਂ ਕਿ ਤੇਰਾ ਮੁੰਡਾ ਤਾਂ ਸਵੇਰੇ-ਸਵੇਰੇ ਹੀ ਆਪਣੇ ਇਕ 'ਪਿਓ' ਨੂੰ ਨਾਲ ਲੈ ਕੇ ਆਇਆ ਸੀ ਅਤੇ ਪੁੱਛਾਂ ਕਿ ਜੇਕਰ ਤੂੰ ਅਸਲੀ ਪਿਓ ਹੈਂ ਤਾਂ ਸਵੇਰ ਵਾਲਾ ਆਦਮੀ ਕੌਣ ਸੀ? ਪਰ ਮੈਂ ਆਪਣੇ ਬੋਲਾਂ ਨੂੰ ਜ਼ਬਤ ਦਾ ਬੰਨ੍ਹ ਮਾਰ ਕੇ ਸਿਰਫ਼ ਏਨਾ ਕੁ ਹੀ ਕਿਹਾ, "ਆ ਜਾਣ ਦਿਓ ਸੁੱਚੇ ਨੂੰ, ਉਹਦੇ ਸਾਹਮਣੇ ਹੀ ਕਰਦੇ ਹਾਂ ਗੱਲ।"

"ਪੜ੍ਹਨ ਨੂੰ ਕਿਵੇਂ ਐ ਜੀ?" ਬਲਦੇਵ ਸਿੰਘ ਮੇਰੇ ਵੱਲ ਸਵਾਲੀਆਂ ਨਜ਼ਰਾਂ ਨਾਲ ਤੱਕਦਿਆਂ ਬੋਲਿਆ।

"ਪੜ੍ਹਨ ਨੂੰ ਤਾਂ ਠੀਕ ਹੈ.... ਬਹੁਤ ਦੀ ਵਧੀਆ।" ਮੇਰੇ ਏਨਾ ਕੁ ਕਹਿਣ 'ਤੇ ਉਹ ਕੁਝ ਸਹਿਜ ਹੋ ਗਿਆ ਸੀ।

ਪਲ ਕੁ ਬਾਅਦ ਸੁੱਚਾ ਵੀ ਆ ਗਿਆ ਸੀ। ਬੜੀ ਹੀ ਮਸਤ ਚਾਲ ਤੁਰਦਾ। ਖਿੜਿਆ-ਪੁੜਿਆ। ਦੋਵੇਂ ਪਿਓ-ਪੁੱਤ ਇਕ ਦੂਜੇ ਨੂੰ ਵੇਖਕੇ ਮੁਸਕਰਾਏ। ਸੁੱਚੇ ਦੀ ਗੱਲ੍ਹ ਦਾ ਟੋਆ ਪਹਿਲਾਂ ਨਾਲੋਂ ਜ਼ਿਆਦਾ ਡੂੰਘਾ ਲੱਗਣ ਲੱਗ ਪਿਆ ਸੀ।

"ਹਾਂ ਬਈ ਨੌਰੰਗ ਸਿੰਘ! ਇਹ ਆਦਮੀ ਤੇਰਾ ਅਸਲੀ ਪਿਓ ਹੈ ਕਿ ਸਵੇਰ ਵਾਲਾ ਸੀ?" ਇਸ ਤੋਂ ਪਹਿਲਾਂ ਕਿ ਉਹ ਕੁਝ ਬੋਲਦਾ, ਮੈਂ ਗੁੱਸੇ ਦੇ ਰਉਂ ਵਿਚ ਬਲਦੇਵ ਸਿੰਘ ਵੱਲ ਇਸ਼ਾਰਾ ਕਰਕੇ ਸੁੱਚੇ ਵੱਲ ਵੇਖਦਿਆਂ ਕਿਹਾ।

ਮੇਰੀ ਇਹ ਗੱਲ ਸੁਣਦਿਆਂ ਸਾਰ ਬਲਦੇਵ ਸਿੰਘ ਦਾ ਚਿਹਰਾ ਪੂਰੀ ਤਰ੍ਹਾਂ ਤਣ ਗਿਆ ਸੀ। ਇਕਦਮ ਉੱਭਰ ਆਇਆ ਗੁੱਸੇ ਅਤੇ ਹੈਰਾਨੀ ਦਾ ਰਲਵਾਂ-ਮਿਲਵਾਂ ਪ੍ਰਭਾਵ ਉਹਦੇ

ਚਿਹਰੇ ਤੋਂ ਸਪੱਸ਼ਟ ਪੜ੍ਹਿਆ ਜਾ ਸਕਦਾ ਸੀ।

"ਇਹ ਮੇਰੇ ਅਸਲੀ ਪਿਤਾ ਜੀ ਨੇ। ਸਵੇਰ ਵਾਲਾ ਤਾਂ ਇਕ ਪਊਏ ਦੀ ਮਾਰ ਸੀ ਜੀ।" ਉਹ ਇੰਝ ਮੁਸਕਰਾ ਕੇ ਬੋਲਿਆ ਜਿਵੇਂ ਆਪਣੇ ਬਾਪ ਦੀ ਥਾਂ ਕਿਸੇ ਹੋਰ ਬੰਦੇ ਨੂੰ ਸੱਦ ਲਿਆਉਣਾ ਕੋਈ ਛੋਟੀ-ਮੋਟੀ ਜਿਹੀ ਗੱਲ ਹੀ ਹੋਵੇ।

"ਹੈਂਅ....।" ਮੇਰੇ ਮੂੰਹੋਂ ਸਿਰਫ਼ ਇੱਕ ਸ਼ਬਦ ਹੀ ਨਿਕਲਿਆ ਸੀ।

ਉਸ ਵਲੋਂ ਆਪਣੇ ਬਾਪ ਦੇ ਸਾਹਮਣੇ ਇਸ ਤਰ੍ਹਾਂ ਦਾ ਦਲੇਰੀ ਭਰਿਆ ਸੱਚ ਬੋਲਣ 'ਤੇ ਮੈਨੂੰ ਬੜੀ ਹੈਰਾਨੀ ਹੋ ਰਹੀ ਸੀ। ਮੈਂ ਵੇਖਿਆ ਬਲਦੇਵ ਦੇ ਚਿਹਰੇ 'ਤੇ ਇੱਕ ਚੜ੍ਹ ਰਹੀ ਸੀ ਅਤੇ ਇੱਕ ਉੱਤਰ ਰਹੀ ਸੀ। ਉਸ ਦੀਆਂ ਨਾਸਾਂ 'ਚੋਂ ਨੂੰਹੇ ਡਿੱਗਣ ਲੱਗ ਪਏ ਸਨ।

"ਹਾਂਅ ਜੀ .... ਮੈਂ ਬਿਲਕੁਲ ਠੀਕ ਕਹਿ ਰਿਹਾ ਹਾਂ।" ਸੁੱਚਾ ਪੂਰੀ ਸਹਿਜਮਈ ਸਥਿਤੀ 'ਚ ਖੜ੍ਹਾ ਸੀ। ਭੈਅ-ਮੁਕਤ। ਅਡੋਲ।

ਮੈਨੂੰ ਸਮਝ ਨਹੀਂ ਆ ਰਿਹਾ ਸੀ ਕਿ ਮੈਂ ਹੁਣ ਉਹਨੂੰ ਹੋਰ ਕੀ ਪੁੱਛਾਂ?

"ਤੂੰ ਸਵੇਰੇ ਆਪਣੇ ਨਾਲ ਕੀਹਨੂੰ ਲੈ ਕੇ ਆਇਆ ਸੀ? ਕਿਹੜਾ ਸੀ ਤੇਰਾ ਨਵਾਂ ਪਿਓ?" ਬਲਦੇਵ ਸਿੰਘ ਨੇ ਦੰਦ ਕਰੀਚਦੇ ਹੋਏ ਗੁਸੈਲੇ ਪਰ ਧੀਮੇ ਬੋਲੀਂ ਪੁੱਛਿਆ।

"ਝੰਡੇਆਣੇ ਵਾਲਾ ਜੀਤ ਕਡੰਕਟਰ....।" ਸੁੱਚਾ ਬੋਲਿਆ। ਉਹਦੇ ਚਿਹਰੇ 'ਤੇ ਕਿਸੇ ਕਿਸਮ ਦਾ ਕੋਈ ਡਰ-ਭੈਅ ਵਾਲਾ ਪ੍ਰਭਾਵ ਨਹੀਂ ਸੀ ਉਪਜਿਆ।

"ਕਿਉਂ?" ਇਹ ਕਹਿੰਦਿਆਂ ਬਲਦੇਵ ਇਕ ਤਰ੍ਹਾਂ ਨਾਲ ਚੀਕ ਹੀ ਪਿਆ ਸੀ।

ਪਲ ਕੁ ਠਹਿਰ, ਮੇਰੇ ਵੱਲ ਵੇਖ, ਬਲਦੇਵ ਵੱਲ ਹੱਥ ਕਰਕੇ ਸੁੱਚਾ ਬੋਲਿਆ, "ਗੁਰੂ ਜੀ! ਤੁਸੀਂ ਨਿੱਤ ਮੈਨੂੰ ਇਹਨਾਂ ਨੂੰ ਬੁਲਾ ਕੇ ਲਿਆਉਣ ਨੂੰ ਕਹਿੰਦੇ ਸੀ ਨਾ? ਪੁੱਛ ਲਓ, ਇਹ ਕੋਲ ਬੈਠੇ ਐ। ਚਾਰ ਵਾਰ ਤੁਸੀਂ ਮੈਨੂੰ ਕਿਹੈ.... ਚਾਰੇ ਵਾਰ ਮੈਂ ਤੁਹਾਡਾ ਸੁਨੇਹਾ ਇਹਨਾਂ ਨੂੰ ਦੇ ਦਿੱਤਾ ਸੀ ਜੀ।" ਸੁੱਚੇ ਨੇ ਹਰੇਕ ਸ਼ਬਦ ਟਿਕਾ-ਟਿਕਾਅ ਕੇ ਬੋਲਿਆ ਸੀ।

"ਕਿਉਂ ਬਲਦੇਵ ਸਿੰਘ ਜੀ? ਇਹ ਠੀਕ ਕਹਿੰਦੇ?" ਮੈਂ ਖਿੱਝ ਕੇ ਬਲਦੇਵ ਨੂੰ ਸੰਬੋਧਤ ਹੋਇਆ।

"ਹਾਂ ਜੀ, ਕਹਿੰਦਾ ਤਾਂ ਹੁੰਦਾ ਸੀ।" ਇਹ ਸ਼ਬਦ ਉਸਨੇ ਆਪਣੇ ਮੂੰਹੋਂ ਮਸਾਂ ਕੱਢੇ ਸਨ। ਸੁੱਚੇ ਮੂੰਹੋਂ ਸੱਚੀ ਗੱਲ ਸੁਣਕੇ ਬਲਦੇਵ ਥੋੜ੍ਹਾ ਜਿਹਾ ਹੌਲ਼ਾ ਪੈ ਗਿਆ ਸੀ। ਉਂਝ ਗੁਸੈਲਾ ਭਾਵ ਉਹਦੇ ਚਿਹਰੇ 'ਤੇ ਅਜੇ ਵੀ ਫਿਰ ਰਿਹਾ ਸੀ।

"ਫੇਰ ਸੁੱਚੇ ਦਾ ਕੋਈ ਦੋਸ਼ ਨਹੀਂ। ਤੁਹਾਨੂੰ ਆਉਣਾ ਚਾਹੀਦਾ ਸੀ। ਤੁਸੀਂ ਆਏ ਕਿਉਂ ਨਹੀਂ?" ਮੈਂ ਬਲਦੇਵ ਸਿੰਘ ਨੂੰ ਥੋੜ੍ਹੀ ਜਿਹੀ ਸ਼ਰਮਸਾਰੀ ਦੇਣੀ ਚਾਹੀ। ਮੈਨੂੰ ਸੁੱਚਾ ਠੀਕ ਲੱਗਣ ਲੱਗ ਪਿਆ ਸੀ।

"ਬੱਸ ਜੀ, ਵਿਹਲ ਹੀ ਨਹੀਂ ਮਿਲੀ, ਕੰਮ ਧੰਦਿਆਂ 'ਚੋਂ।" ਸਫਾਈ ਦਿੰਦੇ ਹੋਏ ਬਲਦੇਵ ਸਿੰਘ ਦੀ ਨੀਵੀਂ ਪੈ ਗਈ ਸੀ।

ਮੇਰੇ ਹੋਰ ਕੁਝ ਬੋਲਣ ਤੋਂ ਪਹਿਲਾਂ ਹੀ ਸੁੱਚਾ ਬੋਲ ਪਿਆ, "ਤਾਸ਼ ਖੇਡਣ ਨੂੰ ਇਹਨਾਂ ਨੂੰ ਬਹੁਤ ਵਿਹਲ ਮਿਲ ਜਾਂਦੀ ਹੈ ਜੀ, ਮੇਰੇ ਕਹੇ ਤੋਂ ਸਕੂਲ ਆਉਣ ਲਈ ਨਹੀਂ ਮਿਲਦੀ।" ਮੇਰੇ



ਵੱਲ ਵੇਖਦਿਆਂ ਉਹਨੇ ਆਪਣੀ ਗੱਲ ਜਾਰੀ ਰੱਖੀ, "ਇਹਨਾਂ ਨੂੰ ਬੁਲਾਉਣ ਲਈ ਤੁਹਾਡੇ ਦੂਜੀ ਵਾਰੀ ਕਹਿਣ ਤੋਂ ਬਾਅਦ ਹੀ ਮੈਂ ਆਪਣੀ ਬੇਇੱਜ਼ਤੀ ਮਹਿਸੂਸ ਕਰਨ ਲੱਗ ਪਿਆ ਸੀ। ਮੈਨੂੰ ਲੱਗਦਾ ਸੀ, ਤੁਸੀਂ ਸੋਚਦੇ ਹੋਵੋਗੇ, ਬੜਾ ਇਹਦਾ ਪਿਓ ਐ, ਜਿਹੜਾ ਇਹਦੇ ਆਖੇ ਤੋਂ ਸਕੂਲ ਹੀ ਨਹੀਂ ਆ ਸਕਦਾ। ਸੋ, ਗੁਰੂ ਜੀ! ਮੈਂ ਵੀਹ ਰੁਪਈਏ ਦਿੱਤੇ ਅਤੇ ....।"

ਉਹ ਥੋੜ੍ਹਾ ਅਟਕ ਗਿਆ ਸੀ ਪਰ ਮੇਰੇ ਕੁਝ ਬੋਲਣ ਤੋਂ ਪਹਿਲਾਂ ਹੀ ਉਹ ਬੋਲ ਪਿਆ, "ਨਾਲੇ ਜੀ, ਜਿਹੜਾ ਆਦਮੀ ਆਪਣੇ ਬੱਚਿਆਂ ਲਈ ਭੋਰਾ ਸਮਾਂ ਹੀ ਨਹੀਂ ਕੱਢ ਸਕਦਾ, ਉਹਨੂੰ ਪਿਓ ਅਖਵਾਉਣ ਦਾ ਹੱਕ ਵੀ ਕੀ ਐ ਜੀ?" ਇਹ ਗੱਲ ਕਹਿਕੇ ਸੁੱਚਾ ਬੇਸ਼ੱਕ ਮੁਸਕਾਇਆ ਤਾਂ ਨਹੀਂ ਸੀ ਪਰ ਉਹਦੇ ਚਿਹਰੇ 'ਤੇ ਡਰ ਦਾ ਵੀ ਕੋਈ ਭਾਵ ਨਹੀਂ ਸੀ ਉਪਜਿਆ।

ਬਲਦੇਵ ਅਜੇ ਵੀ ਨੀਵੀਂ ਪਾਈ ਬੈਠਾ ਸੀ। ਉਸਨੂੰ ਕੋਈ ਗੱਲ ਅਹੁੜ ਹੀ ਨਹੀਂ ਸੀ ਰਹੀ।

"ਤੂੰ ਅਜੇ ਓਡਾ ਹੋਇਆ ਨਹੀਂ, ਜਿੱਡੀਆਂ-ਜਿੱਡੀਆਂ ਗੱਲਾਂ ਕਰ ਜਾਨੈਂ। ਗੱਲ ਭੋਰਾ ਕੁ ਸੋਚ ਸਮਝ ਕੇ ਕਰਿਆ ਕਰ। ਜਿਹੜੀ ਮੂੰਹ 'ਚ ਆ ਜਾਂਦੀ ਹੈ, ਕਹਿ ਦਿੰਨੈਂ।" ਮੈਂ ਰਤਾ ਕੁ ਗਰਮੀ ਨਾਲ ਬੋਲਿਆ।

"ਗੁਰੂ ਜੀ! ਮਨ 'ਚੋਂ ਉਪਜੀ ਗੱਲ ਹੀ ਮੂੰਹ 'ਚ ਆਉਂਦੀ ਹੈ। ਮੇਰੀ ਦਾਦੀ ਮੈਨੂੰ ਕਹਿੰਦੀ ਹੁੰਦੀ ਸੀ, ਤੇਰਾ ਨਾਂ ਸੁੱਚੈ, ਆਪਣੇ ਨਾਂ ਦੀ ਲੱਜ ਰੱਖੀਂ ਅਤੇ ਮੇਰੀ ਮਾਂ ਕਹਿੰਦੀ ਹੁੰਦੀ ਐ, ਜਿਹੜੀ ਗੱਲ ਮਨ 'ਚ ਹੋਵੇ ਉਹ ਮੂੰਹ 'ਤੇ ਲੈ ਆਉਣੀ ਚਾਹੀਦੀ ਹੈ। ਨਹੀਂ ਤਾਂ ............।" ਬੋਲਦਾ-ਬੋਲਦਾ ਉਹ ਵਾਕ ਅਧੂਰਾ ਛੱਡ ਗਿਆ ਸੀ।

"ਨਹੀਂ ਤਾਂ ਕੀ....?" ਮੈਂ ਸੁੱਚੇ ਵੱਲ ਝਾਕਦਿਆਂ ਪੁੱਛਿਆ।

"ਨਹੀਂ ਤਾਂ ਆਦਮੀ ਮਨੋਰੋਗੀ ਹੋ ਜਾਂਦੈ ਜੀ।" ਉਸਨੇ ਅਧੂਰਾ ਵਾਕ ਪੂਰਾ ਕਰ ਦਿੱਤਾ।

ਇਹ ਗੱਲ ਸੁਣਦਿਆਂ ਹੀ ਬਲਦੇਵ ਦੀ ਹੋਰ ਨੀਵੀਂ ਪੈ ਗਈ ਸੀ। ਸੁੱਚਾ ਮੇਰੇ ਵੱਲ ਸਿੱਧਾ ਤੱਕ ਰਿਹਾ ਸੀ। ਉਹਦੇ ਚਿਹਰੇ 'ਤੇ ਖੁਸ਼ੀ ਖੇਡ ਰਹੀ ਸੀ।

ਮੈਂ ਸੋਚ ਰਿਹਾ ਸਾਂ, ਸੁੱਚਾ ਕੇਵਲ ਅੰਗਰੇਜ਼ੀ ਵਾਲੇ ਅਧਿਆਪਕ ਬਾਰੇ ਹੀ ਨਹੀਂ, ਆਪਣੇ ਬਾਪ ਬਾਰੇ ਵੀ ਸੱਚ ਬੋਲਣ ਦੀ ਦਲੇਰੀ ਰੱਖਦਾ ਹੈ। ਸੁੱਚਾ ਸੱਚ-ਮੁੱਚ ਹੀ ਕਿੰਨਾ ਸੁੱਚਾ ਮੁੰਡਾ ਹੈ। ਸੁੱਚਾ ਮੋਤੀ।

ਕੁਰਸੀ ਤੋਂ ਉੱਠ ਕੇ ਮੈਂ ਉਸ ਨੂੰ ਆਪਣੀ ਹਿੱਕ ਨਾਲ ਘੁੱਟ ਲਿਆ। ਮੇਰੀਆਂ ਅੱਖਾਂ 'ਚ ਅੱਥਰੂ ਆ ਗਏ ਸਨ। ਜਦੋਂ ਮੈਂ ਉਸਨੂੰ ਆਪਣੀ ਗਲਵੱਕੜੀ 'ਚੋਂ ਛੱਡਿਆ ਤਾਂ ਉਹ ਮੇਰੇ ਵੱਲ ਤੱਕ ਕੇ ਮਿੰਨ੍ਹਾ-ਮਿੰਨ੍ਹਾ ਮੁਸਕਰਾ ਰਿਹਾ ਸੀ। ਉਸ ਦੀ ਗੱਲ੍ਹ ਦਾ ਟੋਆ ਹੋਰ ਡੂੰਘਾ ਹੋ ਗਿਆ ਸੀ ਅਤੇ ਉਸ ਦਾ ਨੀਮ ਗੁਲਾਬੀ ਚਿਹਰਾ ਸੂਹੀ ਭਾਅ ਮਾਰਨ ਲੱਗ ਪਿਆ ਸੀ।

...ਅਤੇ ਕਾਰ ਦੀ ਚਾਬੀ ਵਾਲਾ ਛੱਲਾ ਬਲਦੇਵ ਸਿੰਘ ਦੇ ਹੱਥੋਂ ਛੁੱਟ ਕੇ ਭੋਇੰ 'ਤੇ ਡਿੱਗ ਪਿਆ ਸੀ। •

(ਈ-1 ਜੁਝਾਰ ਨਗਰ, ਮੋਗਾ (ਪੰਜਾਬ) 098555-43660)

## ਪੰਜਾਬੀ ਗ਼ਜ਼ਲ

-ਗੁਲਾਮ ਮੁਸਤਫ਼ਾ ਬਿਸਮਿਲ

ਅਸੀਂ ਵੀ ਸਿਰ ਉਠਾਵਾਂਗੇ, ਸਮਾਂ ਉਹ ਆਉਣ ਤੇ ਦੇਵੋ,
ਜ਼ਮਾਨੇ ਨੂੰ ਝੁਕਾਵਾਂਗੇ, ਸਮਾਂ ਉਹ ਆਉਣ ਤੇ ਦੇਵੋ।

ਜਿਨ੍ਹਾਂ ਦੇ ਖੰਭ ਸੱਯਾਦਾਂ ਨੇ, ਹੱਥੀਂ ਨੋਚ ਲੀਤੇ ਨੇ,
ਉਹ ਪੰਛੀ ਫਿਰ ਉਡਾਵਾਂਗੇ, ਸਮਾਂ ਉਹ ਆਉਣ ਤੇ ਦੇਵੋ।

ਨਚਾ ਕੇ ਜਿਨ੍ਹੇ ਸਾਨੂੰ ਕੰਡਿਆਂ ਤੇ, ਪੈਰ ਪਾੜੇ ਨੇ,
ਅਸੀਂ ਉਹਨੂੰ ਨਚਾਵਾਂਗੇ, ਸਮਾਂ ਉਹ ਆਉਣ ਤੇ ਦੇਵੋ।

ਹਵਾਵਾਂ ਜਿਸ ਦੇ ਪਿੰਜਰੇ 'ਚ ਕਦ ਤੱਕ ਕੈਦ ਰੱਖੋਗੇ,
ਉਹ ਜਾਦੂ ਸਭ ਮੁਕਾਵਾਂਗੇ, ਸਮਾਂ ਉਹ ਆਉਣ ਤੇ ਦੇਵੋ।

ਇਹ ਸੁਣਿਆ ਏ ਕਦੇ ਦੀਵੇ ਨਾ ਸੱਪਾਂ ਸਾਹਮਣੇ ਜਗਦੇ,
ਅਸੀਂ ਦੀਵੇ ਜਗਾਵਾਂਗੇ, ਸਮਾਂ ਉਹ ਆਉਣ ਤੇ ਦੇਵੋ।

ਕਰਮ ਫਰਮਾਇਆ ਦਾ ਭਾਰ ਜਿਹੜਾ ਸਿਰ ਤੇ ਹੈ ਸਾਡੇ,
ਉਹ ਕਰਜ਼ਾ ਸਭ ਚੁਕਾਵਾਂਗੇ, ਸਮਾਂ ਉਹ ਆਉਣ ਤੇ ਦੇਵੋ।

ਸਜਾ ਕੇ ਖ਼ੂਨ ਦੀ ਮਹਿੰਦੀ ਦੇ ਬਿਸਮਿਲੇ, ਨਕਸ਼ ਹੱਥਾਂ ਤੇ,
ਜ਼ਮਾਨੇ ਨੂੰ ਵਿਖਾਵਾਂਗੇ, ਸਮਾਂ ਉਹ ਆਉਣ ਤੇ ਦੇਵੋ।

### ਸੋਗਮਈ ਸਮਾਚਾਰ

ਪਿਛਲੇ ਮਹੀਨੇ ਪੰਜਾਬੀ ਸਾਹਿਤ-ਜਗਤ ਲਈ ਬੜੇ ਸੋਗਮਈ ਗੁਜ਼ਰੇ ਹਨ। ਪੰਜਾਬੀ ਦੇ ਸ਼੍ਰੋਮਣੀ ਸਾਹਿਤਕਾਰ ਸ੍ਰੀ ਸੰਤੋਖ ਸਿੰਘ ਧੀਰ, ਡਾ. ਜਗਤਾਰ, ਪ੍ਰੋ. ਹਰਿੰਦਰ ਮਹਿਬੂਬ, ਫਰਖੰਦਾ ਲੋਧੀ (ਪਾਕਿਸਤਾਨ), ਸ੍ਰੀ ਰਾਮ ਸਰੂਪ ਅਣਖੀ, ਡਾ. ਟੀ. ਆਰ. ਵਿਨੋਦ, ਅਮਰੀਕ ਸਿੰਘ ਪੂਨੀ ਅਤੇ ਡਾ. ਜੋਗਿੰਦਰ ਸਿੰਘ ਰਾਹੀ ਵਰਗੀਆਂ ਅਜ਼ੀਮ ਸ਼ਖ਼ਸੀਅਤਾਂ ਦਾ ਤੁਰ ਜਾਣਾ ਬੜਾ ਹੀ ਦੁਖਦਾਈ ਸੀ। ਅਸੀਂ ਸਬੰਧਤ ਪਰਿਵਾਰਾਂ ਤੇ ਪੰਜਾਬੀ ਸਾਹਿਤ-ਸੰਸਾਰ ਦੇ ਦੁੱਖ ਵਿਚ ਸ਼ਾਮਿਲ ਹਾਂ।

– ਸੰਪਾਦਕੀ ਮੰਡਲ, ਤਿਮਾਹੀ ਚਿਰਾਗ਼





## ਜੁਗਨੂੰ ਤੇ ਵੱਡਾ ਕਾਮਰੇਡ

**ਦਵਿੰਦਰ ਮੰਡ**

ਮੈਂ ਸ਼ਹਿਰ ਰਹਿੰਦਾ ਹਾਂ। ਕਦੇ-ਕਦੇ ਪਿੰਡ ਆ ਜਾਂਦਾ ਹਾਂ। ਪਰਸੋਂ ਗਿਆ ਸਾਂ। ਜੀਅ ਕੀਤਾ ਨੇੜਲੇ ਪਿੰਡ ਦਾ ਗੇੜਾ ਲਾ ਆਵਾਂ। ਬਚਪਨ 'ਚ ਉਸ ਪਿੰਡ ਨਾਲ ਕਾਫ਼ੀ ਲਗਾਓ ਸੀ। ਪਸ਼ੂਆਂ ਲਈ ਪੱਠੇ ਵੀ ਉਸੇ ਪਿੰਡ ਤੋਂ ਵੱਢਦਾ ਰਿਹਾ ਹਾਂ। ਚਟਾਲੇ ਦੀਆਂ ਪੀਪਨੀਆਂ ਬਣਾ ਅਵਾਜਾਂ ਕੱਢਦਾ ਰਿਹਾ। ਕਦੇ 'ਮੇਰਾ ਮਨ ਡੋਲੇ ਮੇਰਾ ਤਨ ਡੋਲੇ' ਤੇ ਕਦੇ 'ਜਗਤੇ ਨੂੰ ਛੱਡ ਕੇ ਤੂੰ ਭਗਤੇ ਨੂੰ ਕਰ ਲੈ' ਜਾਂ ਕਦੇ ਹੋਰ ਗੀਤਾਂ ਦੀਆਂ ਧੁਨਾਂ ਦੀਆਂ ਪਿੰਡ ਦੀ ਫਿਰਨੀ ਵਲ੍ਹ ਜਾ ਤੁਰਿਆ। ਬਹੁਤੇ ਬੰਦਿਆਂ ਨੂੰ ਮੈਂ ਨਾ ਬੁਲਾਇਆ ਕਿਉਂਕਿ ਹੁਣ ਮੈਂ ਸ਼ਹਿਰੀ ਸਾਂ। ਪਿੰਡ ਦੇ ਬਹੁਤੇ ਲੋਕ 'ਸਭਿਅਕ' ਨਹੀਂ। ਸੋਚ ਉਥੇ ਬੈਠੀ ਜਿੱਥੇ ਪਹਿਲਾਂ ਸੀ ਵੀਹ ਸਾਲ। ਵਿਹੜੇ ਵਾਲਿਆਂ ਦਾ 'ਬਾਚੋ' ਮਿਲਿਆ।

ਆਉਂਦਾ ਜਾਂਦਾ ਰਿਹਾ ਕਰ... ਅਮਰ ਸਿੰਹੁ ਰਾਠੌਰ ਦਾ ਡਰਾਮਾ ਕੀਤਾ ਪਿਛਲੇ ਦਿਨੀਂ।'

'ਅੱਛਾ ਦਾਦਾ! ਮੈਂ ਤਾਂ ਆਉਂਦਾ ਰਹਿੰਦਾ।'

ਮੈਂ ਉਥੋਂ ਵੀ ਖਿਸਕਣ ਦੀ ਕੀਤੀ। ਦੋ ਤਿੰਨ ਦਹਾਕੇ ਹੋ ਗਏ, ਮੈਂ ਵੀ ਨਿੱਕਾ ਹੁੰਦਾ ਇਸ ਡਰਾਮੇ ਵਿਚ ਹਿੱਸਾ ਲੈਂਦਾ ਸਾਂ। ਸਰਸਵਤੀ ਮਾਤਾ ਦਾ ਰੋਲ ਕਰਦਾ ਸਾਂ ਤੇ ਡਰਾਮਾ 'ਸੰਪੂਰਨ ਹੋ ਜਾਣ ਦਾ' ਵਰ ਦਿੰਦਾ ਸਾਂ। ਮੈਂ ਮਨ ਹੀ ਮਨ 'ਚ ਹੱਸਿਆ। ਚਾਚੇ 'ਬਾਚੋ' ਬਾਰੇ ਸੋਚਣ ਲੱਗਿਆ। ਉਹੀ ਸੋਚ, ਉਹੀ ਗੱਲਾਂ ਤੇ ਉਹੀ ਕਮਜ਼ੋਰ ਸ਼ਕਲ। ਮੇਰਾ ਬੜਾ ਜੀਅ ਕੀਤਾ ਮੁੜ ਕੇ ਚਾਚੇ ਨੂੰ ਕਹਾਂ, 'ਚਾਚਾ ਹੁਣ ਤਾਂ ਵਿਸ਼ਵੀਕਰਣ ਦਾ ਸਮਾਂ ਆ ਗਿਆ, ਉਤਰ ਆਧੁਨਿਕਤਾ ਆ ਗਈ..... ਤੇ ਤੂੰ ਕਿਥੇ ਤੁਰਿਆ ਫਿਰਦੈ? ਪਰ ਮੈਨੂੰ ਪਤਾ ਸੀ ਉਹਨੇ ਡੌਂਹਬਰਿਆ ਵਾਂਗ ਮੇਰੇ ਮੂੰਹ ਵੱਲ ਵੇਖਣਾ ਸੀ। ਮੇਰੇ ਲੰਬੇ ਵਿਖਿਆਨ ਨੂੰ ਵੀ ਉਹਨਾਂ ਸਮਝ ਨਹੀਂ ਸੀ ਸਕਣਾ। ਉਹਨੇ ਕਿਸੇ ਦੂਸਰੇ ਕੋਲ ਕਹਿਣਾ ਸੀ, "ਇਹ ਤਾਂ ਸ਼ੁਦਾਈ ਹੋ ਗਿਐ, ਪਤਾ ਨਹੀਂ ਕਿੱਦਾਂ ਦੀਆਂ ਗੱਲਾਂ ਕਰਦੇ।" ਪਿੰਡ ਦੇ ਕਿਸੇ ਹੋਰ ਨੇ ਕਹਿਣਾ ਸੀ, "ਇਥੇ ਐਮ. ਏ. ਨੀ ਮਾਣ, ਇਹ ਤਾਂ ਫੇ ਪੀ. ਐਚ. ਡੀ. ਕਰ ਗਿਐ।"

ਮੈਂ ਦੂਸਰੇ ਪਿੰਡ ਦੇ ਰਾਹ ਪੈ ਗਿਆ। ਤੁਰਿਆ ਜਾਂਦਾ ਆਲਾ-ਦੁਆਲਾ ਦੇਖਦਾ ਹਾਂ। ਖੇਤਾਂ ਦੇ ਖੇਤ ਜਿੱਥੇ ਕਣਕ ਸੀ, ਝੋਨਾ ਸੀ, ਮੱਕੀ ਸੀ, ਅੱਜ ਵੱਡੇ-ਵੱਡੇ ਮਕਾਨ ਬਣੇ ਹੋਏ ਸਨ। ਤਾਰੂ ਦਾ ਖੂਹ ਕਿਤੇ ਨਜ਼ਰ ਨਾ ਆਇਆ। ਅੱਗੇ ਹੋਰ ਵਧਿਆ। ਮੈਂ ਰੁਕ ਗਿਆ ਮੱਲੋਂ-ਮੱਲੀ। ਜੀਅ ਕੀਤਾ ਕਾਮਰੇਡ ਝਲਮਣ ਸਿੰਘ ਨੂੰ ਮਿਲ ਲਾਂ। ਮੇਰਾ ਬਚਪਨ ਤੋਂ ਹੀ ਉਹਦੇ ਨਾਲ ਬੜਾ ਮੋਹ ਸੀ। ਉਹ ਰੂਸ ਦੀਆਂ ਕਿਤਾਬਾਂ ਪੜ੍ਹਦਾ ਰਹਿੰਦਾ ਸੀ। ਮੈਨੂੰ ਵੀ ਕੰਮ ਦੀਆਂ ਗੱਲਾਂ ਦੱਸਦਾ ਰਹਿੰਦਾ ਸੀ। ਉਂਝ ਹੁਣ ਪਿੰਡ ਵਾਲੇ ਉਸ ਲਈ 'ਹਿੱਲਿਆ ਪਿਆ' ਸ਼ਬਦ ਵਰਤਦੇ ਸਨ। ਉਹਦੀ ਇਹ 'ਹਿਲਜੁਲ' ਦੇਖਣ ਲਈ ਮੈਂ ਉਹਦੇ ਖੂਹ ਵੱਲ ਨੂੰ ਹੋ ਤੁਰਿਆ। ਉਹੀ ਖੂਹ ਜਿੱਥੇ ਖੁੱਲੀ ਜ਼ਮੀਨ ਸੀ, ਜਾਮਣ, ਅੰਬ ਦੇ ਰੁੱਖ ਸਨ। ਹੁਣ ਸਿਰਫ਼ ਇਹ ਕੇਲੇ ਦਾ

ਬੂਟਾ ਸੀ ਤੇ ਆਲੇ-ਦੁਆਲੇ ਘਰ ਬਣੇ ਹੋਏ ਸਨ। ਮੈਂ ਮੋਟਰ ਤੇ ਪਹੁੰਚ ਗਿਆ। ਸਾਹਮਣੇ ਮੰਜੀ 'ਤੇ ਝਲਮਣ ਸਿੰਘ ਬੈਠਾ ਸੀ। ਉਹਦੀ ਨਜ਼ਰ ਸਾਹਮਣੇ ਉਜਾੜ ਪਏ ਖੂਹ ਵੱਲ ਸੀ। ਮੈਨੂੰ ਦੇਖ ਉਹ ਵਾਣ ਵਾਲੇ ਟੁੱਟੇ ਮੰਜੇ ਤੋਂ ਉੱਠ ਖੜੋਇਆ। ਉਹਦੀ ਸੋਚ ਤੇ ਪਹਿਚਾਣ ਕਾਬਲੇ ਗ਼ੌਰ ਸੀ।

"ਆ ਬਈ ਵੱਡਿਆ ਮਾਹਟਰਾ, ਧੰਨ ਭਾਗ ਤੂੰ ਗੇੜਾ ਕੱਢਿਆ?" ਝਲਮਣ ਸਿੰਘ ਨੂੰ ਕਾਲਜ ਅਧਿਆਪਕ ਅਤੇ ਸਕੂਲ ਅਧਿਆਪਕ ਦੇ ਫ਼ਰਕ ਦਾ ਪਤਾ ਸੀ।

"ਚਾਚਾ ਕੀ ਦੇਖੀ ਜਾਂਦਾ ਖੂਹ ਵੱਲ? ਨਾਲ ਹੀ ਮੈਂ ਉਹਦੇ ਗੋਡੀ ਹੱਥ ਲਾ ਦਿੱਤਾ। ਉਹਨੇ ਮੈਨੂੰ ਜੱਫੀ ਵਿਚ ਲੈ ਲਿਆ ਤੇ ਆਸੀਸ ਦੇਣ ਤੋਂ ਬਾਅਦ ਕਹਿਣ ਲੱਗਾ, "ਖੂਹ ਉਜੜ ਗਿਐ, ਕਦੇ ਇਥੇ ਰੌਣਕਾਂ ਸਨ ਬਿਜੜਿਆਂ ਦੀਆਂ? ਬਸ ਪਤਾ ਨਹੀਂ ਬਿਜੜੇ ਕਿਥੇ ਚਲੇ ਗਏ... ਹੁਣ ਤਾਂ ਸਾਲੀ ਸ਼ਾਂਤੀ ਜਿਹੀ ਵੱਢ-ਵੱਢ ਖਾਂਦੀ ...... ਉਹਨਾਂ ਦੇ ਆਲ੍ਹਣੇ ਓਦਾਂ ਈ ਉੱਜੜ ਗਏ ......

"ਚਾਚਾ...... ਬੱਸ ਸਭ ਕੁਝ ਦਾ ਮਨੁੱਖ ਜ਼ਿੰਮੇਵਾਰ ......।" ਮੇਰੀ ਗੱਲ ਉਹਨੇ ਸੁਣੀ ਜਾਂ ਨਹੀਂ ਕਹਿਣ ਲੱਗਾ, "ਤੂੰ ਵਾਤਾਵਰਣ ਦੀ ਪੜ੍ਹਾਈ ਕੀਤੀ। ਪਤਾ ਤੈਨੂੰ ਕਾਹਤੋਂ ਹੋ ਗਿਐ ਇਹ ਸਭ ਕੁਝ?"

ਮੈਂ ਚਾਚੇ ਦੀ ਟੁੱਟੀ ਵਾਣ ਵਾਲੀ ਮੰਜੀ 'ਤੇ ਬਹਿ ਗਿਆ।

"ਚਾਚਾ ਪਤਾ ਕੀ ਹੋਇਆ?" ਮੈਂ ਲੰਬਾ ਸਾਹ ਖਿੱਚਿਆ।

"ਹੂੰਅ.... ਦੱਸ?" ਚਾਚਾ ਗੱਲ ਸੁਣਨ ਨੂੰ ਉਤਸੁਕ ਸੀ।

"ਕਦੇ ਆਲ੍ਹਣੇ ਦੇ ਅੰਦਰ ਦੀ ਫਰੋਲਾ-ਫਰਾਲੀ ਕੀਤੀ?"

"ਆਹੋ!"

"ਕੀ ਨਿਕਲਦਾ?"

"ਕੁਝ ਨਹੀਂ, ਅੰਦਰ ਕੋਠੜੀਆਂ ਜਿਹੀਆਂ ਬਣੀਆਂ ਪਈਆਂ।"

"ਥੋੜ੍ਹੀ ਜਿਹੀ ਸੁੱਕੀ ਮਿੱਟੀ ਨਹੀਂ ਨਿਕਲਦੀ?"

"ਆਹੋ-ਆਹੋ ਦੇਖੀ ਕਈ ਵਾਰ।" ਚਾਚਾ ਸੋਚ ਕੇ ਬੋਲਿਆ।

"ਚਾਚਾ! ਬਿਜੜਾ ਰੌਸ਼ਨੀ ਦਾ ਚਾਹਵਾਨ ਆ, ਹਨ੍ਹੇਰੇ ਤੋਂ ਡਰਦੈ, ਇਹ ਆਪਣੇ ਆਲ੍ਹਣੇ ਵਿਚ ਚੀਕਣੀ ਗਿੱਲੀ ਮਿੱਟੀ ਲਿਆ ਕੇ ਰੱਖਦਾ ਤੇ ਮਿੱਟੀ ਵਿਚ ਜੁਗਨੂੰ ਫੜਕੇ ਦਬਾ ਛੱਡਦਾ ਤਾਂ ਕਿ ਅੰਦਰ ਥੋੜ੍ਹੀ ਕੁ ਰੌਸ਼ਨੀ ਰਹੇ...... ਮਰਿਆ ਜੁਗਨੂੰ ਵੀ ਚਮਕਦੈ ਤੈਨੂੰ ਪਤੈ...... ਕਰੀਂ ਕਦੇ ਪ੍ਰੈਕਟੀਕਲ?"

"ਹਲਾ ...... ਗੱਲ ਤਾਂ ਤੇਰੀ ਠੀਕ ਹੋਊ।"

"ਚਾਚਾ ਹੁਣ ਜੁਗਨੂੰ ਖ਼ਤਮ ਹੋ ਗਏ...... ਬਿਜੜੇ ਕਿਥੋਂ ਰਹਿਣ ...... ਮੈਂ ਚਾਚੇ ਨੂੰ ਇਹ ਤਰਕ ਦੱਸਿਆ।

"ਸਾਹ ਲੈ...... ਮੈਂ ਕਿਆਰਾ ਮੋੜ ਆਵਾਂ...... ਫੇਰ ਗੱਲਾਂ ਕਰਦੇ ਆਂ" ਇਹ ਕਹਿ



ਚਾਚਾ ਕਿਆਰੇ ਵੱਲ ਨੂੰ ਤੁਰ ਪਿਆ।

ਚਾਚਾ ਝਲਮਣ ਸਿੰਘ ਸਾਡੇ ਪਿੰਡ ਦਾ ਮੰਨਿਆ-ਪ੍ਰਮੰਨਿਆ ਕਾਮਰੇਡ ਸੀ। ਇਹਦਾ ਮੁੰਡਾ ਸਕੂਲ ਵਿਚ ਮੇਰੇ ਨਾਲ ਹੀ ਪੜ੍ਹਦਾ ਸੀ। ਫਿਰ ਕਾਲਜ ਵੀ ਇਕੱਠੇ ਪੜ੍ਹੇ। ਚਾਚਾ ਕਾਮਰੇਡ ਸਾਨੂੰ ਮਜ਼ਦੂਰਾਂ ਦੇ ਹੱਕਾਂ ਦੀਆਂ ਗੱਲਾਂ ਸੁਣਾਇਆ ਕਰਦਾ ਸੀ। ਕਹਿਣੀ ਤੇ ਕਰਨੀ ਬਾਰੇ ਲੰਬੀ ਬਹਿਸ ਕਰਦਾ ਸੀ। ਮਾਰਕਸਵਾਦ ਦੀਆਂ ਪੜ੍ਹੀਆਂ ਕਿਤਾਬਾਂ ਵਿਚੋਂ ਚੋਣਵੀਆਂ ਕੁਟੇਸ਼ਨਾਂ ਦੱਸਦਾ ਰਹਿੰਦਾ ਸੀ। ਲੈਨਿਨ ਦੀ ਜੀਵਨੀ ਦੇ ਹਵਾਲੇ ਦਿੰਦਾ ਸੀ। ਸਾਨੂੰ ਉਹਦੀਆਂ ਗੱਲਾਂ ਬੜੀਆਂ ਚੰਗੀਆਂ ਲੱਗਦੀਆਂ। ਆਰਥਿਕ ਤੌਰ 'ਤੇ ਕਮਜ਼ੋਰ ਸਾਡੇ ਵਰਗੇ ਪਰਿਵਾਰ ਇਹੀ ਸੋਚਦੇ ਸਨ, "ਬੜਾ ਵਧੀਆ ਰਾਜ ਜਦੋਂ ਸਾਰੇ ਇਕ ਥਾਂ ਰੋਟੀ ਖਾਣਗੇ। ਕੋਈ ਅਮੀਰ ਗਰੀਬ ਨਹੀਂ। ਮੈਂ ਤੇ ਝਲਮਣ ਸਿੰਘ ਦਾ ਪੁੱਤਰ ਲੰਬੀਆਂ-ਲੰਬੀਆਂ ਜਜ਼ਬਾਤੀ ਗੱਲਾਂ ਕਰਦੇ ਸਾਂ। ਨੇੜਲੇ ਪਿੰਡ ਜਿੱਥੇ ਵੀ ਕਾਮਰੇਡਾਂ ਦਾ ਡਰਾਮਾ ਹੁੰਦਾ, ਅਸੀਂ ਬੜੇ ਚਾਅ ਨਾਲ ਜਾਂਦੇ ਸਾਂ। ਝਲਮਣ ਸਿੰਘ ਦਾ ਚਾਅ ਦੇਖਿਆ ਨਹੀਂ ਸੀ ਜਾਂਦਾ। ਉਹਨੂੰ ਡਰਾਮਿਆਂ 'ਚ ਚਲਦੇ ਦ੍ਰਿਸ਼ ਹਕੀਕਤ 'ਚ ਬਦਲਦੇ ਨਜ਼ਰ ਆਉਂਦੇ। ਉਹ ਜੋਸ਼ ਨਾਲ ਭਰਿਆ ਰਹਿੰਦਾ ਸੀ। ਜਦੋਂ ਪੰਜਾਬ ਦੇ ਹਾਲਾਤ ਖ਼ਰਾਬ ਸਨ ਤਾਂ ਚਾਚੇ ਨੂੰ ਵੀ ਚਿੱਠੀਆਂ ਆਉਂਦੀਆਂ ਰਹਿੰਦੀਆਂ ਸਨ। ਮੈਂ ਉਦੋਂ ਕਾਲਜ ਵਿਚ ਪੜ੍ਹਦਾ ਸਾਂ। ਚਾਚੇ ਨੇ ਮੈਨੂੰ ਉਦੋਂ ਕਈ ਵਾਰ ਕਿਹਾ ਸੀ, "ਆਪਣੇ ਵਿਹੜੇ ਦੇ ਬੰਦਿਆਂ ਨੂੰ ਚੇਤੰਨ ਕਰੋ, ਕੱਠੇ ਹੋਵੋ ਪਹਿਰਾ ਲਾਈਏ। ਹਾਲਾਤ ਬੜੇ ਖ਼ਰਾਬ ਆ।" ਮੈਂ ਉਹਦੀ ਗੱਲ ਸੁਣ ਕਹਿੰਦਾ ਸਾਂ, "ਚਾਚਾ ਇਥੇ ਕਿਹਨੇ ਮੰਨਣਾ, ਤੂੰ ਘਰ ਬਹਿ ਆਰਾਮ ਨਾਲ। ਹਰੇਕ ਨੂੰ ਆਪਣੀ ਜਾਨ ਦੀ ਤਾਂ ਪਈ ਆ, ਕਿਉਂ ਪੰਗਾ ਲੈਣਾ, ਨਾਲੇ ਉਹਨਾਂ ਕੋਲ ਤਾਂ ਹਥਿਆਰ ਹੁੰਦੇ।" ਚਾਚਾ ਮੇਰੇ 'ਤੇ ਗ਼ਿਲਾ ਕਰਦਾ ਕਹਿੰਦਾ ਸੀ "ਮਰਦ ਬਣੋ, ਮਰਦ, ਤੂੰ ਤਾਂ ਗਿੱਦੜ ਈ ਰਿਹੈਂ......। ਤੇ ਫਿਰ ਉੱਚੀ ਸਾਰੀ ਹੱਸ ਛੱਡਦਾ। ਮੈਂ ਇੱਕ ਦੋ ਵਾਰ ਉਹਦਾ ਅੰਦਰਲਾ ਪਰਖਣ ਲਈ ਕਿਹਾ ਵੀ ਸੀ, "ਚਾਚਾ ਤੈਨੂੰ ਵੀ ਚਿੱਠੀਆਂ ਆਉਂਦੀਆਂ ਖ਼ਿਆਲ ਰੱਖਿਆ ਕਰ।"

"ਮੈਂ ਡਰਦੈ! ਓਦਾਂ ਦੀ ਕਵਿਤਾ ਲਿਖਦੈ, ਖੜਕਵੀਂ ਭੇਜਦਾ ਅਖ਼ਬਾਰ ਨੂੰ, ਉਹ ਵੀ ਮਰਦ ਇੱਕ ਵੀ ਸ਼ਬਦ ਇਧਰ-ਉਧਰ ਨਹੀਂ ਕਰਦੇ...... ਉਂਝ ਹੀ ਛਾਪਦੇ ...... ਉਹ ਵੀ ਨਹੀਂ ਡਰਦੇ ...... ਸਾਰੇ ਸੰਪਾਦਕ ਏਦਾਂ ਦੇ ਚਾਹੀਦੇ......।" ਚਾਚਾ ਝਲਮਣ ਸਿਘ ਅਖ਼ਬਾਰ ਦੇ ਸੰਪਾਦਕ ਦੀ ਬਹਾਦਰੀ ਦੀਆਂ ਗੱਲਾਂ ਛੇੜ ਲੈਂਦਾ।

ਚਾਚਾ ਕਿਆਰਾ ਮੋੜ ਕੇ ਮੇਰੇ ਕੋਲ ਆ ਬੈਠਾ।

"ਸੁਣਾ ਫੇ ਹੋਰ?" ਉਹਨੇ ਪਰਿਵਾਰ ਬਾਰੇ ਲੰਬੀਆਂ ਗੱਲਾਂ ਕੀਤੀਆਂ। ਮੈਂ ਉਹਦੀਆਂ ਗੱਲਾਂ ਵਿਚੋਂ ਉਹਦਾ 'ਹਿੱਲਿਆ ਦਿਮਾਗ' ਲੱਭ ਰਿਹਾ ਸਾਂ। ਮੈਨੂੰ ਤਾਂ ਮਿਲਿਆ ਨਹੀਂ। ਗੱਲਾਂ ਤੇ ਵਿਚਾਰ ਉਹਦੇ ਉਹੀ ਪੁਰਾਣੇ ਸਨ। ਮੈਂ ਇਕ ਨਜ਼ਰ ਉਹਦੀ ਪਿੱਠ ਵੱਲ ਦੇਖਿਆ। ਕਮਜ਼ੋਰ ਤਾਂ ਸੀ ਪਰ ਜੋਸ਼ ਉਂਝ ਹੀ ਨਜ਼ਰ ਆ ਰਿਹਾ ਸੀ। ਮੇਰਾ ਜੀਅ ਤਾਂ ਕੀਤਾ ਮੈਂ ਆਪਣੇ ਮਿੱਤਰ ਗੁਜ਼ਰ ਗਏ ਚਾਚੇ ਦੇ ਮੁੰਡੇ ਦੀ ਗੱਲ ਛੇੜਾਂ, ਪਰ ਮਨ ਨਹੀਂ ਮੰਨਿਆ। ਮੈਂ ਉਂਝ ਵੀ ਚਾਚੇ ਦੇ ਜ਼ਖ਼ਮਾਂ ਨੂੰ ਹਰਾ ਨਹੀਂ ਸੀ ਕਰਨਾ ਚਾਹੁੰਦਾ। ਸੰਤਾਪੇ ਦਿਨਾਂ ਵਿਚ ਅੱਤਵਾਦੀ ਚਾਚੇ ਨੂੰ ਮਾਰਨ

ਆ ਗਏ ਸਨ। ਉਸ ਦਿਨ ਕੁਦਰਤੀ ਚਾਚੇ ਦੀ ਜਗ੍ਹਾ ਮੇਰਾ ਦੋਸਤ 'ਇਹ' ਹੈਪੀ ਸੁੱਤਾ ਪਿਆ ਸੀ। ਚਾਚਾ ਆਪ ਆਪਣੇ ਕਹਿੰਦੇ ਕਹਾਉਂਦੇ ਕਾਮਰੇਡ ਮਿੱਤਰ ਸੁਲੱਖਣ ਸਿੰਹੁ ਨੂੰ ਮਿਲਣ ਦਿੱਲੀ ਗਿਆ ਸੀ। ਇਹ ਬਚ ਗਿਆ। ਮੇਰਾ ਮਿੱਤਰ ਗੋਲੀਆਂ ਨਾਲ ਛਲਣੀ ਹੋ ਗਿਆ। ਚਾਚਾ ਝਲਮਣ ਸਿੰਘ ਕਈ ਦਿਨ ਚੁੱਪ ਦੀ ਅਵਸਥਾ ਵਿਚ ਘੁੰਮਦਾ ਰਿਹਾ। ਪਰ ਆਪਣਾ ਹੌਂਸਲਾ ਨਾ ਢਾਹਿਆ। ਚਾਚਾ ਰੋਹਬ ਨਾਲ ਕਹਿੰਦਾ ਸੀ, "ਮੈਂ ਡਰਨ ਵਾਲਾ ਨਹੀਂ, ਬੁਲੰਦ ਹੌਂਸਲਾ ਮੇਰਾ, ਲੋਕਾਂ ਲਈ ਤੁਰਿਆ ਫਿਰਦਾਂ।"

ਅਗਲਾ ਕਿਆਰਾ ਮੋੜ ਚਾਚਾ ਝਲਮਣ ਮੇਰੇ ਕੋਲ ਆ ਗਿਆ। ਅਸੀਂ ਦੋਹੇਂ ਮੰਜੇ 'ਤੇ ਬਹਿ ਗਏ। ਮੇਰਾ ਜੀਅ ਕੀਤਾ ਚਾਚੇ ਨਾਲ ਵਰਤਮਾਨ ਸਮੇਂ 'ਚ ਮਾਰਕਸਵਾਦ ਦੀ ਲੋੜ ਬਾਰੇ ਲੰਬੀ ਗੱਲ ਕਰਾਂ ਤੇ ਨਾਲੇ ਨਵੇਂ ਵਿਚਾਰਾਂ ਦੀ ਸਾਂਝ ਵਿਚ ਚਾਚੇ ਨਾਲ ਭਾਈਵਾਲ ਬਣਾਂ ਪਰ ਮੇਰੀ ਇਸ ਸੋਚ ਤੋਂ ਪਹਿਲਾਂ ਚਾਚੇ ਨੇ ਕਾਮਰੇਡ ਯੋਧਿਆਂ ਦੇ ਕਿਰਦਾਰ ਬਾਰੇ ਗੱਲਾਂ ਛੇੜ ਲਈਆਂ।

"ਪੁੱਤਰਾ ਉਹ ਗੱਲਾਂ ਕਿੱਥੇ ਰਹਿ ਗਈਆਂ, ਹੁਣ ਵਿਕ ਗਏ ਯੋਧੇ, ਨਾ ਕਾਮਰੇਡ ਬੰਦਾ ਰਿਹਾ ਤੇ ਨਾ ਹੀ ਲਾਲ ਝੰਡਾ। ਗ਼ਲਤਾਨ ਹੋ ਗਏ ਸਭ, ਸੁੱਖ ਸਹੂਲਤਾਂ 'ਚ। ਮਦਰਾ ਪੀ ਕੇ ਵੱਡੀਆਂ-ਵੱਡੀਆਂ ਗੱਲ ਕਰਦੇ, ਕਿਰਤੀਆਂ ਨੂੰ ਭੁੱਲ ਗਏ ਬਸ ਗੱਲਾਂ ਰਹਿ ਗਈਆਂ, ਵੱਡੀਆਂ ਇਮਾਰਤਾਂ ਵਿਚ ਬਹਿ ਕੇ ਕਰਨ ਲਈ ...... ਹੁਣ ਤਾਂ'ਸਾਰੇ ਕਾਮਰੇਡ, ਕਾਮਰੇਸ 'ਚ ਅੱਗੇ ਤੋਂ ਅੱਗੇ ਲੰਘਣਾ ਚਾਹੁੰਦੇ......।"

ਮੈਂ ਕਹਿ ਬੈਠਾ, "ਚਾਚਾ ਤੇਰਾ ਕਾਮਰੇਡ ਯਾਰ ਤਾਂ ਹੁਣ ਬੜਾ ਵੱਡਾ, ਦਿੱਲੀ ਦੀ ਸਿਆਸਤ ਉਹਦੇ ਤੋਂ ਬਗੈਰ ਨਹੀਂ ਚੱਲਦੀ।"

"ਹੀ......ਹੀ......ਹੀ...... ਹਾਅ......ਹਾਅ...... ਕੀ ਦੱਸਾਂ ਤੈਨੂੰ ਉਹਦੇ ਬਾਰੇ ਕੰਮ ਤਾਂ ਉਹਨੇ ਬੜਾ ਕੀਤਾ ਪਰ ਹੁਣ ਆ ਕੇ ਖ਼ੌਰੇ ਉਹਦੀ ਮੱਤ ਮਾਰੀ ਗਈ, ਆਪਣੀ ਤਾਰੀਫ਼ ਸੁਣਕੇ ਹੀ ਖੁਸ਼ ਹੋਈ ਜਾਊ। ਉਂਝ ਵੀ ਬੁੜਾ ਹੋਕੇ ਬੰਦਾ ਨਿਆਣਿਆਂ ਵਰਗਾ ਹੋ ਜਾਂਦਾ ...... ਜਿਵੇਂ ਨਿਆਣੇ ਨੂੰ ਫੂਕ ਛਕਾਈ ਜਾਓ, ਉਹ ਕੰਮ ਕਰੀ ਜਾਂਦਾ ...... ਏਦਾਂ ਹੀ ਆਪਣਾ ਇਹ ਦਿੱਲੀ ਵਾਲਾ ਕਾਮਰੇਡ ਯਾਰ।"

"ਚਾਚਾ, ਕਦੇ ਮਿਲਿਆ ਹੁਣ?"

"ਪੁੱਤ, ਬਹੁਤ ਵਾਰ ਸੁਨੇਹੇ ਆਏ। ਮੈਂ ਹੀ ਨਹੀਂ ਗਿਆ ਸੋਚਿਆ, ਘਸੇ ਕੁੜਤੇ ਵਾਲਾ ਝੱਲਾ ਕਾਮਰੇਡ ਤੇਰਾ ਚਾਚਾ ਉਹਦੀ ਬੇਇੱਜ਼ਤੀ ਨਾ ਕਰਾ ਦੇਵੇ।" ਝਲਮਣ ਸਿੰਘ ਹੱਸ ਪਿਆ।

"ਲੈ ਦੱਸ ਚਾਚਾ ਆਹ ਕੀ ਗੱਲ ਹੋਈ? ਯਾਰੀ ਤਾਂ ਯਾਰੀ ਆ, ਬੇਸ਼ਕ ਇਕ ਧਿਰ ਅਮੀਰ ਹੋ ਜਾਵੇ। ਕ੍ਰਿਸ਼ਨ ਸੁਦਾਮੇ ਦੀ ਯਾਰੀ ਸੀ ...... ਸੱਤੂਆਂ ਦੀ ਯਾਰੀ।" ਮੇਰੇ ਕਹਿਣ ਨਾਲ ਚਾਚਾ ਫਿਰ ਬੋਲਿਆ,

"ਪੁੱਤ ਉਹ ਹੋਰ ਸਮਾਂ ਸੀ, ਹੁਣ ਹੋਰ ਆ ਗਿਆ। ਅਮਰੀਕੀ ਕਲਚਰ ...... ਦੇਖਿਆ



ਪਿੰਡ ਦੀਆਂ ਕੋਠੀਆਂ, 'ਮਰੀਕੀ ਟੈਪ ਦੀਆਂ। ਔਹ ਦੇਖ ਬਾਜ਼ ਵਾਲੀ ਕੋਠੀ, ਔਹ ਕਾਰ ਵਾਲੀ ਤੇ ਔਹ ਘੋੜੇ ਵਾਲੀ।" ਝਲਮਣ ਸਿੰਘ ਨੇ ਪਿੰਡ 'ਚ ਪਈਆਂ ਵਧੀਆਂ ਕਿਸਮ ਦੀਆਂ ਕੋਠੀਆਂ ਵੱਲ ਇਸ਼ਾਰਾ ਕਰਕੇ ਦੱਸਿਆ।

"ਚਾਚਾ ਤੇਰੀ ਕੋਠੀ?" ਝਲਮਣ ਸਿੰਘ ਨੇ ਮੇਰੇ ਮੂੰਹ ਵੱਲ ਦੇਖਿਆ ਜਿਵੇਂ ਮੈਂ ਉਸਨੂੰ ਮਖੌਲ ਕੀਤਾ ਹੋਵੇ।

"ਪੁੱਤ ਮੇਰਾ ਉਹੀ ਘਰ ਸਵਰਗ ਅਰਗਾ, ਜਿੱਥੇ ਮੈਂ ਕੀਮਤੀ ਕਿਤਾਬਾਂ ਪੜ੍ਹੀਆਂ, ਕੁੜੀਆਂ ਦੇ ਵਿਆਹ ਕੀਤੇ, ਪਤਨੀ ਦੀਆਂ ਸੱਧਰਾਂ ਪੂਰੀਆਂ ਕੀਤੀਆਂ ਪਰ ਵਿਚਾਰੀ ਛੇਤੀ ਚਲੇ ਗਈ ...... ਬਸ ਮੁੰਡੇ ਦਾ ਦੁੱਖ ਲੈ ਬੈਠਾ ਉਹਨੂੰ।" ਝਲਮਣ ਸਿੰਘ ਨੇ ਆਪ ਹੀ ਗੱਲ ਸ਼ੁਰੂ ਕਰ ਲਈ।

ਮੈਂ ਚੁੱਪ ਹੋ ਗਿਆ। ਇਕ ਲੰਮੀ ਚੁੱਪ।

"ਹੁਣ ਤੂੰ ਮੇਰੇ ਨਾਲ ਘਰ ਜਾਣੈ।" ਮੇਰੀ ਚੁੱਪ ਦੇਖ ਚਾਚਾ ਬੋਲ ਪਿਆ।

"ਨਹੀਂ ਚਾਚਾ ਮੈਂ ਚੱਲਦੈਂ।"

"ਨਾ ਨਾ ਇਹ ਗੱਲ ਝੂਠੀ।" ਮੈਨੂੰ ਚਾਚੇ ਦੇ ਮੋਹ ਅੱਗੇ ਝੁਕਣਾ ਪਿਆ।

ਅਸੀਂ ਦੋਵੇਂ ਘਰ ਵੱਲ ਨੂੰ ਤੁਰ ਪਏ। ਚਾਚਾ ਚੁੱਪ ਸੀ। ਮੈਂ ਵੀ ਚੁੱਪ। ਉਂਝ ਮੇਰੇ ਕੋਲ ਕਈ ਵਾਰ ਪਿੰਡ ਦੀਆਂ ਗੱਲਾਂ ਸ਼ਹਿਰ ਪਹੁੰਚੀਆਂ ਸਨ। ਝਲਮਣ ਸਿੰਘ ਦਾ ਜ਼ਿਕਰ ਆਉਣ ਤੇ ਉਹਦੀ ਸੋਚ, ਲੋਕਾਂ ਦੀ ਨਿਸ਼ਕਾਮ ਸੇਵਾ ਕਰਨ ਦੀ ਰੁਚੀ, ਬਲਦਾਂ ਝੋਟਿਆਂ ਦੇ ਸ਼ੌਕ ਰੱਖਣ ਦੀਆਂ ਭਾਵਨਾਵਾਂ ਮੇਰੇ ਕੋਲ ਅਕਸਰ ਪਹੁੰਚੀਆਂ ਸਨ।

ਅਸੀਂ ਥੋੜ੍ਹੇ ਅਗਾਂਹ ਹੋਵੇ। ਪਿੱਪਲ ਹੇਠ ਸਾਂਸੀਆਂ ਦੇ ਨਿਆਣੇ, 'ਊਚ ਕਿ ਨੀਚ' ਵਾਲੀ ਖੇਡ, ਖੇਡ ਰਹੇ ਸਨ। ਚਾਚਾ ਝਲਮਣ ਸਿੰਘ ਰੁਕ ਕੇ ਦੇਖਣ ਲੱਗਾ, ਨੌ ਕੁ ਸਾਲ ਦਾ ਜੁਆਕ 'ਨੀਚ' ਮੰਗ ਬਾਕੀਆਂ ਨੂੰ ਛੂਹਣ ਦਾ ਯਤਨ ਕਰਨ ਲੱਗਾ।

"ਓਏ ਮੁਲੰਗੀ ਮੂਰਖਾ ਭਾਵੇਂ ਦੂਆ ਛੂਹ ਨਾ ਹੋਵੇ। 'ਊਚ ਈ ਮੰਗ ਊਚ'

ਮੈਨੂੰ ਚਾਚੇ ਦੀ ਗੱਲ 'ਤੇ ਹਾਸਾ ਆ ਗਿਆ।

"ਚਾਚਾ ਛੱਡ ਪਰ੍ਹਾ ਖੇਡਣ ਦੇਹ" ਮੇਰੇ ਦਿਮਾਗ 'ਚ ਲੋਕਾਂ ਦੀਆਂ ਗੱਲਾਂ ਆ ਗਈਆਂ ਆਖੇ ਚਾਚਾ ਹਿੱਲਿਆ ਪਿਆ। ਫਿਰ ਚਾਚੇ ਨੇ ਮੇਰੇ ਮੂੰਹ ਵੱਲ੍ਹ ਦੇਖਿਆ ਮੈਨੂੰ ਮਹਿਸੂਸ ਹੋਇਆ ਜਿਵੇਂ ਉਹ ਕੋਈ ਵਿਅੰਗਾਤਮਕ ਹਾਸਾ ਹੱਸ ਰਿਹਾ ਹੋਵੇ। ਅਸੀਂ ਦੋਵੇਂ ਹੋਰ ਅਗਾਂਹ ਹੋਏ। ਟਾਂਕ ਛੱਤਰੀਆਂ ਦੀਆਂ ਕੁੜੀਆਂ ਘਰ-ਘਰ ਨਾਂ ਦੀ ਖੇਡ, ਖੇਡ ਕੇ ਘਰ ਨੂੰ ਜਾਣ ਦੀਆਂ ਤਿਆਰੀਆਂ ਕਰ ਰਹੀਆਂ ਸਨ। ਦੋ ਕੁੜੀਆਂ ਮਿੱਟੀ ਦੇ ਬਣਾਏ ਘਰਾਂ ਨੂੰ ਪੈਰਾਂ ਨਾਲ ਢਾਹੁੰਦੀਆਂ ਉੱਚੀ-ਉੱਚੀ ਉਚਾਰ ਰਹੀਆਂ ਸਨ, "ਹੱਥਾਂ ਨਾਲ ਬਣਾਇਆ ਸੀ ਪੈਰਾਂ ਨਾਲ ਢਾਹਿਆ ਸੀ...... ਹੱਥਾਂ ਨਾਲ ......। ਮੈਂ ਚਾਚੇ ਵੱਲ ਦੇਖਿਆ।

"ਉਹੀ ਪੁਰਾਣੀਆਂ ਖੇਡਾਂ।"

"ਪੁੱਤ ਲੋਕ ਇਕ ਥਾਂ ਹੀ ਖੜ੍ਹੇ ਪਰ ਅਮੀਰਾਂ ਦੇ ਨਿਆਣੇ ਆਹ ਖੇਡਾਂ ਨਹੀਂ ਖੇਡਦੇ,

ਉਹ ਤਾਂ ਬੱਲੇ ਗੇਂਦ ਵਾਲੀ ਖੇਡ ਖੇਡਦੇ।"

ਫਿਰ ਮੇਰੇ ਕੰਨ ਦੇ ਨੇੜੇ ਮੂੰਹ ਕਰਦਾ ਚਾਚਾ ਕਹਿਣ ਲੱਗਾ, "ਸਾਡੇ ਨਾਲ ਵੀ ਆਹ ਹੀ ਹੋਇਆ।"

"ਕੀ ਚਾਚਾ?"

"ਇਹਨਾਂ ਹੱਥਾਂ ਨਾਲ ਪਾਰਟੀ ਬਣਾਈ ਸੀ।"

"ਫਿਰ ਹੁਣ?"

"ਨਵੇਂ ਜੁਆਕਾਂ ਨੇ ਢਾਹ 'ਤੀ ਪੈਰਾਂ ਨਾਲ।" ਫਿਰ ਝਲਮਣ ਸਿੰਘ ਉੱਚੀ-ਉੱਚੀ ਹੱਸ ਪਿਆ।

"ਚਾਚਾ ਪੁਰਾਣੇ ਵੀ ਕਈ ਢਾਈ ਜਾਂਦੇ?"

"ਪੁੱਤ ਪਰ ਮੈਂ! ਮੈਂ ਖੜ੍ਹਾ ਇਕ ਥਾਂ। ਕੋਈ ਸਮਝੌਤਾ ਨਹੀਂ।"

"ਪਰ ਚਾਚਾ ਜਿਹੜੇ ਬਦਲੀ ਜਾਂਦੇ ਉਹਨਾਂ ਨੂੰ ਆਪਣੇ ਵਿਚਾਰਾਂ ਦਾ ਜਾਮ ਪਿਲਾਓ।" ਮੈਂ ਜਾਣ-ਬੁੱਝ ਕੇ ਕਿਹਾ।

"ਹੀ......ਹੀ......ਹੀ...... ਪੁੱਤ ਵਿਚਾਰਾਂ ਦਾ ਜਾਮ ਭੁੱਲ ਗਏ...... ਦੂਜੇ ਜਾਮ ਖੜਕਾਉਣ ਲੱਗ ਪਏ। ਨਾਲ ਚਾਚਾ ਫਿਰ ਉੱਚੀ ਦੇਣੀ ਹੱਸ ਪਿਆ।

"ਚਾਚਾ! ਸੁਣਿਆ ਉਹ ਵੀ ਮਹਿੰਗੇ... ਮਹਿੰਗੇ...?"

"ਪੁੱਤ ਕੀ ਕਰੀਏ? ਚੁੱਪ ਈ ਭਲੀ!" ਜਦੋਂ ਮੈਂ ਚਾਚੇ ਦੇ ਮੂੰਹੋਂ ਇਹ ਗੱਲ ਸੁਣੀ ਤਾਂ ਹੈਰਾਨੀ ਜਿਹੀ ਹੋਈ ਕਿਉਂਕਿ ਚਾਚਾ ਚੁੱਪ ਕਰਨ ਵਾਲਾ ਬੰਦਾ ਨਹੀਂ ਸੀ।

"ਚਾਚਾ! ਹੁਣ ਚੁੱਪ ਹੋ ਜਾਨਾ?"

"ਕੀ ਕਰੀਏ ਆਪਣੇ ਈ ਸਾਥ ਨਹੀਂ ਦਿੰਦੇ ਜੇ ਕਹਿੰਦੇ ਆ ਤਾਂ ਅੱਗੋਂ ਆਖਦੇ 'ਕਾਮਰੇਡਾ! ਸਮੇਂ ਨਾਲ ਈ ਤੁਰਨਾ ਪੈਂਦੇ। ਮੈਂ ਤਾਂ ਕਹਿੰਦਾ, ਬਈ ਤੁਰੋ ਭਾਈ ਜੰਮ-ਜੰਮ ਤੁਰੋ ਪਰ ਵਿਚਾਰਧਾਰਾ ਨਾ ਭੁੱਲੋ।"

"ਫੇ ਕੀ ਕਹਿੰਦੇ?" ਜਦੋਂ ਮੈਂ ਇਹ ਕਿਹਾ ਤਾਂ ਚਾਚਾ ਕਹਿਣ ਲੱਗਾ

"ਭਰਾਵਾ! ਉਹ ਤਾਂ ਹੱਸ ਛੱਡਦੇ।"

ਮੈਂ ਤੇ ਚਾਚਾ ਘਰ ਅੰਦਰ ਲੰਘ ਗਏ। ਉਹੀ ਮਕਾਨ ਜੋ ਮੈਂ ਕਈ ਸਾਲ ਪਹਿਲਾਂ ਤੋਂ ਦੇਖਦਾ ਆ ਰਿਹਾ ਸਾਂ। ਸਫ਼ੈਦੀ ਵਿਹੂਣਾ। ਦਲਾਨ 'ਚ ਅੰਦਰ ਚਾਚੀ ਦੀ ਤਸਵੀਰ ਲੱਗੀ ਹੋਈ। ਮੈਨੂੰ ਫੋਟੋ ਦੇਖ ਚਾਚੀ ਦੀ ਯਾਦ ਆ ਗਈ। ਨੇਕ ਔਰਤ। ਕਾਮਰੇਡ ਵਹੀਰਾਂ ਘੱਤ ਝਲਮਣ ਚਾਚੇ ਦੇ ਘਰ ਆਉਂਦੇ ਸਨ ਤੇ ਚਾਚੀ ਹੱਸ-ਹੱਸ ਰੋਟੀ ਪਾਣੀ ਦੀ ਸੇਵਾ ਕਰਦੀ ਸੀ। ਕਦੇ ਮੱਥੇ ਵੱਟ ਨਾ ਪਾਇਆ। ਅਸਲ 'ਚ 'ਉਹ' ਪੰਜਾਬਣ ਮਾਂ ਸੀ। ਫਿਰ ਮੈਂ ਚਾਚੇ ਦੀਆਂ ਮਸ਼ਹੂਰ ਸ਼ਖ਼ਸੀਅਤਾਂ ਨਾਲ ਲੱਗੀਆਂ ਫੋਟੋਆਂ ਦੇਖੀਆਂ। ਦਿੱਲੀ ਵਾਲੇ ਵੱਡੇ ਕਾਮਰੇਡ ਦੇ ਨਾਲ ਚਾਚੇ ਦੀਆਂ ਕੋਈ ਪੰਦਰਾਂ-ਵੀਹ ਫੋਟੋਆਂ ਸਨ। ਇਕ ਫੋਟੋ ਵਿਚ ਚਾਚੇ ਦਾ ਸ਼ਹੀਦ ਹੋ ਗਿਆ ਪੁੱਤਰ ਮੇਰਾ ਆੜੀ ਇਸ ਵੱਡੇ ਕਾਮਰੇਡ ਦੀ ਗੋਦੀ ਵਿਚ ਬੈਠਾ ਹੈ। ਇਕ ਫੋਟੋ ਤੇ ਕਾਫ਼ੀ ਕਾਮਰੇਡ ਇਕੱਠੇ ਸਨ ਪਰ ਉਹਨਾਂ ਦੇ ਚਿਹਰੇ ਨਿਰਾਸ਼ ਸਨ ਜਿਵੇਂ ਕਿਸੇ ਸੋਗ ਸਭਾ ਵਿਚ ਖੜ੍ਹੇ ਹੋਣ। ਮੈਂ ਪੁੱਛ ਬੈਠਾ, "ਚਾਚਾ ਆਹ ਕਦੋਂ ਦੀ ਫੋਟੋ?"



"ਆਹ!" ਝਲਮਣ ਸਿੰਘ ਨੇ ਅਗਾਂਹ ਹੋ ਕੇ ਗ਼ੌਰ ਨਾਲ ਦੇਖਿਆ।

"ਪੁੱਤ! ਜਦੋਂ ਰੂਸ ਖੇਰੂੰ-ਖੇਰੂੰ ਹੋ ਗਿਆ ਉਦੋਂ ਦੀ ਅਸੀਂ 'ਕੱਠੇ ਸਾਂ ਦਿੱਲੀ। ਚੱਲ ਪਹਿਲਾਂ ਚਾਹ ਪੀਂਦੇ ਆ।" ਚਾਚੇ ਨੇ ਗੱਲ ਹੋਰ ਪਾਸੇ ਪਾਉਣ ਦਾ ਯਤਨ ਕੀਤਾ।

"ਨਾ-ਨਾ ਬਸ ਚਾਚਾ ਮੈਂ ਚਾਹ ਨਹੀਂ ਪੀਂਦਾ।"

"ਦੇਖ ਲੈ।"

"ਨਹੀਂ ਚਾਚਾ!" ਮੈਂ ਕੁਝ ਸਮਾਂ ਚਾਚੇ ਦੇ ਘਰ ਇਧਰ-ਉਧਰ ਘੁੰਮਦਾ ਰਿਹਾ। ਮੈਨੂੰ ਚਾਚੇ ਦੀ ਮਾੜੀ ਆਰਥਿਕ ਹਾਲਤ ਦੇਖ ਨਿਰਾਸ਼ਾ ਹੋਈ।

"ਫਿਰ ਵੀ ਮੇਰੇ ਮਿੱਤਰ ਦਾ ਪਿਓ" ਮੈਂ ਅੰਦਰੋਂ-ਅੰਦਰੀਂ ਚਾਚੇ ਪ੍ਰਤੀ ਜਜ਼ਬਾਤੀ ਹੋ ਗਿਆ।

"ਚੰਗਾ ਚਾਚਾ ਕਦੇਂ ਆਈਂ ਮੇਰੇ ਘਰ।"

"ਕਿਉਂ ਨਹੀਂ" ਮੈਂ ਤੁਰਨ ਲੱਗੇ ਨੇ ਜੇਬ ਵਿਚੋਂ ਬਟੂਆ ਕੱਢਿਆ ਅਤੇ ਚਾਚੇ ਨੂੰ ਸੌ ਦਾ ਨੋਟ ਫੜਾਉਣ ਦਾ ਯਤਨ ਕੀਤਾ।

"ਨਾ.. ਨਾ ਪੁੱਤ ਐਦਾਂ ਨਹੀਂ ...... ਤੈਨੂੰ ਪਤਾ ਮੇਰੇ ਬਾਰੇ।" ਉਸਦੇ ਮੱਲੋਮੱਲੀ ਪੈਸ ਮੇਰੇ ਜੇਬ ਵਿਚ ਪਾ ਦਿੱਤੇ।

"ਨਹੀਂ ਚਾਚਾ! ਰੱਖ ਲੈ।"

"ਨਾ ਕਾਕਾ! ਜੇ ਦੇਣੇ ਹੋਣ ਤਾਂ ਪਾਰਟੀ ਫੰਡ ਵਿਚ ਦੇ ਦਿਆ ਕਰ।" ਚਾਚੇ ਨੇ ਚਿਹਰੇ ਤੇ ਮੁਸਕਰਾਹਟ ਲਿਆਉਂਦਿਆਂ ਕਿਹਾ। ਮੈਂ ਚਾਚੇ ਦੇ ਪੈਰੀਂ ਪੈ ਫਿਰ ਘਰ ਆ ਗਿਆ।

ਕੁਝ ਦਿਨਾਂ ਬਾਅਦ ਮੈਨੂੰ ਫੋਨ ਆਇਆ

"ਹੈਲੋ!"

"ਹਾਂ ਪੁੱਤ" ਉੱਧਰੋਂ ਆਵਾਜ਼ ਆਈ

"ਚਾਚਾ?"

"ਹਾਂ ਪੁੱਤ।"

"ਕੀ ਗੱਲ ਚਾਚਾ?"

"ਪੁੱਤ ਤੈਨੂੰ ਕਾਰਡ ਆਇਆ?"

"ਆਹੋ...... ਆਹੋ ਚਾਚਾ! ਮੈਂ ਵੀ ਤੈਨੂੰ ਦੱਸਣਾ ਸੀ।"

"ਫੇ ਜਾਣੈ?"

"ਚਲੇ ਚਲਾਂਗੇ।"

"ਚੰਗਾ! ਮੈਨੂੰ ਵੀ ਲੈ ਜਾਈਂ।"

"ਠੀਕ ਆ ਚਾਚਾ! ਮੈਂ ਤੈਨੂੰ ਪਿੰਡੋਂ ਈ ਲੈ ਲਊਂ, ਕਾਰ 'ਤੇ ਚਲਾਂਗੇ ਨਾਲੇ ਤੂੰ ਚੰਗੀ

ਤਰ੍ਹਾਂ ਮਿਲ ਲਈਂ ਦਿੱਲੀ ਆਲੇ ਮਿੱਤਰ ਨੂੰ......।" ਮੈਂ ਗੱਲ ਕਰ ਫੋਨ ਬੰਦ ਕਰ ਦਿੱਤਾ।

ਬਣੇ ਪ੍ਰੋਗਰਾਮ ਮੁਤਾਬਕ ਮੈਂ ਉਸ ਦਿਨ ਚਾਚੇ ਨੂੰ ਪਿੰਡੋਂ ਲਿਆ ਤੇ ਅਸੀਂ ਤੜਕੇ ਹੀ ਦਿੱਲੀ ਵੱਲ੍ਹ ਨੂੰ ਤੁਰ ਪਏ। ਚਾਚਾ ਝਲਮਣ ਸਿੰਘ ਮੇਰੇ ਨਾਲ ਲੰਬੀਆਂ-ਲੰਬੀਆਂ ਗੱਲਾਂ ਕਰਦਾ ਰਿਹਾ। ਵਿਚ-ਵਿਚ ਚਾਚਾ ਉਦਾਸ ਵੀ ਹੋ ਜਾਂਦਾ ਸੀ।

"ਕੀ ਗੱਲ ਚਾਚਾ ਉਦਾਸੀ ਕਾਹਦੀ?"

"ਕੋਈ ਨਹੀਂ ਪੁੱਤ! ਬਸ ਡਰ ਲੱਗਦੈ ਕਿਤੇ ਪਛਾਣੇ ਵੀ ਨਾ ਕਾਮਰੇਡ, ਬੜਾ ਵੱਡਾ ਬੰਦਾ।"

"ਨਹੀਂ ਚਾਚਾ ਉਹ ਵੀ ਪੇਂਡੂ ਬੰਦਾ ਦੇਸੀ, ਏਦਾਂ ਦੇ ਨਹੀਂ ਭੁੱਲਦੇ ਹੁੰਦੇ।" ਮੈਂ ਇਹ ਕਹਿ ਚਾਚੇ ਦਾ ਹੌਸਲਾ ਬੁਲੰਦ ਕੀਤਾ।

ਕੋਈ ਸੱਤ ਕੁ ਘੰਟਿਆਂ 'ਚ ਅਸੀਂ ਦਿੱਲੀ ਪਹੁੰਚ ਗਏ। ਪੁੱਛਦੇ-ਪੁਛਾਉਂਦੇ ਵੱਡੇ ਕਾਮਰੇਡ ਦ ਪੋਤੇ ਦੇ ਵਿਆਹ ਦੀ ਪਾਰਟੀ ਵਿਚ ਜਾ ਪਹੁੰਚੇ। ਪੰਡਾਲ 'ਚ ਪਹੁੰਚ ਕੇ ਇੰਝ ਲੱਗਿਆ ਜਿਵੇਂ ਕਿਸੇ ਦੂਜੇ ਦੇਸ਼ ਵਿਚ ਆ ਗਏ ਹੋਈਏ। ਵਿਸ਼ਾਲ ਟੈਂਟਾਂ ਦੀ ਵਾੜ 'ਚ ਘਿਰਿਆ ਖੁੱਲਾ ਮੈਦਾਨ। ਆਲੇ-ਦੁਆਲੇ ਜਗਮਗ ਕਰਦੀਆਂ ਖ਼ੂਬਸੂਰਤ ਰੌਸ਼ਨੀਆਂ। ਬੰਦਿਆਂ ਦਾ ਕਿਤੇ ਪਤਾ ਨਹੀਂ ਸੀ ਲੱਗ ਰਿਹਾ। ਪੁਲਿਸ ਵੱਡੀ ਗਿਣਤੀ ਵਿਚ ਘੁੰਮ ਰਹੀ ਸੀ। ਸਾਡੀ ਵੀ ਤਲਾਸ਼ੀ ਲਈ ਗਈ। ਚਾਚਾ ਝਲਮਣ ਸਿੰਘ ਅੱਡੀਆਂ ਚੁੱਕ-ਚੁੱਕ ਵੱਡੇ ਕਾਮਰੇਡ ਨੂੰ ਲੱਭਣ ਦਾ ਯਤਨ ਕਰਨ ਲੱਗਾ। ਦੂਰ ਸਟੇਜ 'ਤੇ ਵੱਡਾ ਕਾਮਰੇਡ ਵੱਡੀਆਂ ਸ਼ਖ਼ਸੀਅਤਾਂ ਵਿਚ ਘਿਰਿਆ ਪਿਆ ਸੀ। ਖਾਣ-ਪੀਣ ਦੇ ਸਮਾਨ ਦਾ ਤਾਂ ਕੁਝ ਪਤਾ ਨਹੀਂ ਸੀ ਲੱਗ ਰਿਹਾ। ਹਰ ਤਰ੍ਹਾਂ ਦੇ ਆਈਟਮ, ਸ਼ਾਕਾਹਾਰੀ ਤੇ ਮਾਸਾਹਾਰੀ। ਮੱਛੀ, ਮੁਰਗਾ, ਮੀਟ ਗੱਲ ਕੀ ਹਰ ਕਿਸਮ ਦਾ ਮੀਟ। ਦੂਰ ਇਕ ਪਾਸੇ ਅੰਗਰੇਜ਼ੀ ਅਤੇ ਵਿਦੇਸ਼ੀ ਕੀਮਤੀ ਸ਼ਰਾਬ ਵਰਤਾਈ ਜਾ ਰਹੀ ਸੀ। ਕਾਮਰੇਡ ਚਾਚੇ ਝਲਮਣ ਸਿੰਘ ਦੀਆਂ ਅੱਖਾਂ ਤੇਜ਼ ਰੌਸ਼ਨੀ ਵਿਚ ਘੱਟ ਹੀ ਖੁੱਲ੍ਹ ਰਹੀਆਂ ਸਨ। ਚਾਚੇ ਨੇ ਤਾਂ ਇਕ ਪਾਸੇ, ਮੈਂ ਵੀ ਆਪਣੀ ਜ਼ਿੰਦਗੀ ਵਿਚ ਇਹੋ ਜਿਹੀ ਵੱਡੀ ਵਿਆਹ ਪਾਰਟੀ ਪਹਿਲੀ ਵਾਰ ਦੇਖੀ ਸੀ।

ਚਲ ਚਾਚਾ ਪਹਿਲਾਂ ਕੁਝ ਖਾ ਲਈਏ? ਮੈਂ ਚਾਚੇ ਦੀ ਬਾਂਹ ਫੜ ਖਾਣ-ਪੀਣ ਦੇ ਸਟਾਲ ਵੱਲ ਨੂੰ ਲੈ ਤੁਰਿਆ।

"ਮੇਰੇ ਕਿੱਥੇ ਲੰਘਣਾ ਇਹ ਸਭ ਕੁਝ, ਪਾਣੀ ਈ ਪੀ ਲੈਂਦਾ।" ਚਾਚੇ ਨੇ ਇਹ ਕਹਿ ਨੇੜੇ ਫਿਰਦੇ ਬੈਹਰੇ ਤੋਂ ਡਿਸਟਿਲਡ ਪਾਣੀ ਫੜ ਲਿਆ ਤੇ ਗਟਾਗਟ ਕਰਕੇ ਪੀ ਗਿਆ।

"ਮੈਂ ਕੁਝ ਖਾ ਲਾਂ।"

"ਜ਼ਰੂਰ-ਜ਼ਰੂਰ।"

ਮੈਂ ਚਾਚੇ ਨੂੰ ਇਕ ਟੇਬਲ ਦੇ ਦੁਆਲੇ ਬਿਠਾ ਵਿਦੇਸ਼ੀ ਸ਼ਰਾਬ ਵੱਲ ਨੂੰ ਹੋ ਤੁਰਿਆ। ਲੋਕ ਮਹਿੰਗੀ ਸ਼ਰਾਬ ਪੀ ਰਹੇ ਸਨ ਤੇ ਮੁਰਗੇ ਖਾ ਰਹੇ ਸਨ। ਮੈਂ ਵੀ ਉਹਨਾਂ ਵਿਚ ਸ਼ਾਮਿਲ ਹੋ ਗਿਆ। ਜਾਣਦੇ-ਪਹਿਚਾਣਦੇ ਕਾਮਰੇਡ ਵਿਚ ਜਾ ਬੈਠਾ। ਇੱਕ ਪੈੱਗ..... ਦੋ ਪੈੱਗ.....



ਤਿੰਨ ਪੈੱਗ। ਫਿਰ ਕੀ ਸੀ ਅਸੀਂ ਆਪਣੀਆਂ ਗੱਲਾਂ ਵਿਚ ਰੁੱਝ ਗਏ। ਅਮਰੀਕਾ ਦੀ ਕਹਿੰਦੀ ਕਹਾਉਂਦੀ ਸ਼ਰਾਬ ਆਪਣੇ ਜਲਵੇ ਦਿਖਾਉਣ ਲੱਗੀ। ਕਾਂਗਰਸ ਦੇ ਮਸ਼ਹੂਰ ਨੇਤਾ ਵੀ ਉਸ ਮਹਿਫ਼ਿਲ ਵਿਚ ਸ਼ਾਮਲ ਸਨ। ਪੁਲਿਸ ਚੱਪੇ-ਚੱਪੇ ਦੀ ਨਿਗਰਾਨੀ ਕਰ ਰਹੀ ਸੀ।

ਸਮਾਂ ਵੀ ਕਾਫ਼ੀ ਹੋ ਚੁੱਕਾ ਸੀ ਪਰ ਜਗਮਗਾਂਦੀ ਰੌਸ਼ਨੀ ਵਿਚ ਰਾਤ ਗੁਆਚ ਚੁੱਕੀ ਸੀ।

'ਇਹ ਕੀ? ਜਿੱਥੇ ਸ਼ਰਾਬ ਵਰਤਾਈ ਜਾ ਰਹੀ ਸੀ ਉੱਥੇ ਰੌਲਾ ਪੈ ਗਿਆ। ਲੋਕ ਇਕੱਠੇ ਸਨ।

"ਕੀ ਹੋਇਆ ਬਈ?" ਮੇਰੇ ਨਾਲ ਦਾ ਕਾਮਰੇਡ ਸਾਥੀ ਅਗਾਂਹ ਹੋਇਆ।

"ਚੱਲ ਛੱਡ ਕਿਸੇ ਨੂੰ ਜ਼ਿਆਦਾ ਚੜ੍ਹ ਗਈ ਹੋਣੀ।" ਮੈਂ ਇਹ ਕਹਿ ਉਸਨੂੰ ਇੱਕ ਪੈੱਗ ਹੋਰ ਪਾ ਦਿੱਤਾ।

"ਨਹੀਂ-ਨਹੀਂ ਦੇਖਦੇ ਆ!" ਅਸੀਂ ਭਰੇ ਗਿਲਾਸ ਉਂਝ ਹੀ ਰੱਖ ਉਧਰ ਨੂੰ ਹੋ ਗਏ।

"ਕੀ ਹੋਇਆ ਬਈ?" ਅਸੀਂ ਵੀ ਭੀੜ ਨੂੰ ਚੀਰ ਕੇ ਅਗਾਂਹ ਨੂੰ ਸਿਰ ਕੀਤਾ। ਦੋ ਪੁਲਿਸ ਵਾਲਿਆਂ ਨੇ ਇਕ ਬਜ਼ੁਰਗ ਨੂੰ ਫੜਿਆ ਹੋਇਆ ਸੀ।

"ਇਹ ਕੀ?" ਮੈਂ ਅੱਗੇ ਹੋ ਕੇ ਦੇਖਿਆ। ਇਹ ਤਾਂ ਚਾਚਾ ਕਾਮਰੇਡ ਝਲਮਣ ਸਿੰਘ ਈ।

"ਉਏ ਕੀ ਹੋਇਆ?" ਮੇਰੀ ਪੀਤੀ ਉੱਤਰ ਗਈ। ਮੈਂ ਸਿਪਾਹੀਆਂ ਦੇ ਹੱਥੋਂ ਚਾਚੇ ਨੂੰ ਛੁਡਾਉਂਦਿਆਂ ਕਿਹਾ। ਚਾਚਾ ਬੇਹੋਸ਼ ਸੀ। ਇਕ ਸਿਪਾਹੀ ਕਹਿਣ ਲੱਗਾ।

"ਕੀ ਦੱਸੀਏ..... ਸਰਦਾਰ ਸਾਹਿਬ ..... ਬੁੜੇ ਨੇ ਖ਼ਬਰੇ ਜ਼ਿਆਦਾ ਪੀ ਲਈ..... ਬੋਤਲਾਂ ਤੋੜਨ ਡਹਿ ਪਿਆ ..... ਤਿੰਨ ਅਮਰੀਕੀ ਸ਼ਰਾਬ ਦੀਆਂ ਭਰੀਆਂ ਨਵੀਆਂ ਬੋਤਲਾਂ ਤੋੜ ਦਿੱਤੀਆਂ..... ਅਸੀਂ ਫੜ ਲਿਆ..... ਤੁਹਾਡਾ ਬੰਦਾ ..... ਜੇ ਨਾ ਫੜਦੇ ਤਾਂ ਖ਼ੌਰੇ ਕਿੰਨਾ ਨੁਕਸਾਨ ਹੋਰ ਕਰ ਦਿੰਦਾ ਇਹ.....।"

"ਚਾਚਾ ਤਾਂ ਉੱਕਾ ਪੀਂਦਾ ਨਹੀਂ। ਹੈਂਅ.....!

ਮੈਂ ਚਾਚੇ ਨੂੰ ਉਠਾਉਣ ਦਾ ਬੜਾ ਯਤਨ ਕੀਤਾ ਪਰ ਚਾਚਾ ਸ਼ਾਂਤ ਸੀ, ਬਿਲਕੁਲ ਬੇਹੋਸ਼? ਮੇਰੇ ਨਾਲ ਹੀ ਖੜ੍ਹੇ ਏਮਜ਼ ਦੇ ਇਕ ਮਸ਼ਹੂਰ ਡਾਕਟਰ ਨੇ ਚਾਚੇ ਨੂੰ ਚੈੱਕ ਕੀਤਾ।

"ਹਸਪਤਾਲ ਲਿਜਾਣਾ ਪਊ।" ਮੈਂ ਜਲਦੀ ਨਾਲ ਚਾਚੇ ਝਲਮਣ ਸਿੰਘ ਨੂੰ ਕਾਰ ਵਿਚ ਪਾਇਆ ਤੇ ਸਾਹਮਣੇ ਹਸਪਤਾਲ ਵਿਚ ਲੈ ਗਿਆ।

ਡਾਕਟਰਾਂ ਨੇ ਇਲਾਜ ਸ਼ੁਰੂ ਕਰ ਦਿੱਤਾ। ਹਾਰਟ ਅਟੈਕ ਸੀ। ਮੈਂ ਬੇਹੋਸ਼ ਪਏ ਚਾਚੇ ਦੇ ਚਿਹਰੇ ਨੂੰ ਇਕ ਟੱਕ ਦੇਖ ਰਿਹਾ ਸਾਂ। ਵੱਡੇ ਕਾਮਰੇਡ ਦੀ ਵਿਆਹ ਪਾਰਟੀ ਦੇ ਗੀਤ-ਸੰਗੀਤ ਦੀ ਆਵਾਜ਼ ਹਸਪਤਾਲ ਵਿਚ ਵੀ ਆ ਰਹੀ ਸੀ। ਕੁਝ ਦੇਰ ਬਾਅਦ ਚਾਚੇ ਨੇ ਅੱਖਾਂ ਖੋਲ੍ਹੀਆਂ। ਮੁਸਕਰਾਇਆ ਤੇ ਦੋਹੇਂ ਹੱਥ ਉਤਾਂਹ ਨੂੰ ਕਰ ਠੀਕ ਹੋਣ ਦੀ ਸਹਿਮਤੀ ਦਿੱਤੀ।

ਮੈਂ ਮਹਿਸੂਸ ਕੀਤਾ ਜਿਵੇਂ ਚਾਚਾ ਉੱਚੇ ਹੱਥ ਕਰਕੇ ਇਹ ਕਹਿ ਰਿਹਾ ਹੋਵੇ, ਇਹਨਾਂ ਹੱਥਾਂ ਨਾਲ ਬਣਾਈ ਸੀ.......... ਪਾਰਟੀ.......... ਤੇ ਫਿਰ ਸਾਹਮਣੇ ਪੰਡਾਲ ਵਿਚ ਚੱਲ ਰਹੀ ਕਾਮਰੇਡਾਂ ਦੀ ਖੇਡ 'ਊਚ ਕਿ ਨੀਚ' ਵਿਚੋਂ ਚਾਚੇ ਨੇ 'ਊਚ' ਮੰਗ ਕੇ ਸਭ ਨੂੰ ਹਰਾ ਦਿੱਤਾ ਹੋਵੇ। •

(ਪੰਜਾਬੀ ਵਿਭਾਗ, ਡੀ. ਏ. ਵੀ. ਕਾਲਜ ਜਲੰਧਰ)

ਇੰਟਰਵਿਊ

# ਇਨਸਾਫ ਦੀ ਤਲਾਸ਼ ਵਿਚ ਫਹਿਮੀਦਾ ਰਿਆਜ਼

**- ਚਾਰੂ ਸਿੰਘ**

ਅੱਗ ਦੀ ਲਾਟ, ਪਾਕਿਸਤਾਨੀ ਕਵਿੱਤਰੀ, ਨਾਵਲਕਾਰ, ਪੱਤਰਕਾਰ ਤੇ ਸੁਪ੍ਰਸਿੱਧ ਨਾਰੀਵਾਦੀ ਆਗੂ ਫਹਿਮੀਦਾ ਰਿਆਜ਼ ਇਹਨੀਂ ਦਿਨੀਂ ਰਾਜਧਾਨੀ ਦਿੱਲੀ ਵਿਚ, ਆਪਣੇ ਨਵੇਂ ਨਾਵਲ ਲਈ ਖੋਜ ਕਰਨ ਆਈ ਹੋਈ ਸੀ। ਫਹਿਮੀਦਾ ਦੇ ਦੋ ਕਾਵਿ-ਸੰਗ੍ਰਹਿ ਭਾਰਤ ਵਿਚ ਹਿੰਦੀ ਵਿਚ ਲਿੱਪੀ-ਰੂਪਾਂਤਰਨ ਹੋ ਕੇ ਛਪ ਚੁੱਕੇ ਹਨ। ਉਸਦਾ ਸਾਰਾ ਜੀਵਨ, ਔਰਤਾਂ ਦ ਹੱਕਾਂ ਤੇ ਲਿੰਗ-ਭੇਦਾਂ ਦੇ ਖੇਤਰ ਵਿਚ ਖੱਬੇ-ਪੱਖੀ ਵਿਚਾਰਾਂ ਕਾਰਨ ਵਾਦ-ਵਿਵਾਦ ਨਾਲ ਭਰਪੂਰ ਰਿਹਾ ਹੈ। ਉਸਨੇ ਸ਼ੁਰੂ ਵਿਚ ਪਾਕਿਸਤਾਨ ਵਿਚ ਔਰਤਾਂ ਦਾ ਪਹਿਲਾ ਪ੍ਰਕਾਸ਼ਨ ਘਰ ਖੋਲ੍ਹਣ ਤੇ ਇੱਕ ਖੱਬੇ ਪੱਖੀ ਪੱਤ੍ਰਿਕਾ 'ਆਵਾਜ਼' ਆਰੰਭ ਕਰਨ ਕਾਰਨ ਬਹਿਸ ਆਰੰਭ ਕੀਤੀ ਸੀ। ਫਹਿਮੀਦਾ ਨੇ ਜ਼ਿਆ-ਉਲ-ਹੱਕ ਦੇ ਰਾਜ ਸਮੇਂ ਪਾਕਿਸਤਾਨੀ ਸਰਕਾਰ ਲਈ ਤੂਫਾਨ ਖੜ੍ਹਾ ਕਰ ਦਿੱਤਾ ਸੀ ਤੇ ਉਸ ਨੂੰ ਰਾਜ-ਸਰਕਾਰ ਦੇ ਭਰਵੇਂ ਕ੍ਰੋਧ ਦੀ ਮਾਰ ਝੱਲਣੀ ਪਈ ਸੀ। ਉਸਦੇ ਵਿਰੁੱਧ ਬਗਾਵਤ ਦੇ 14 ਮਾਮਲੇ ਦਰਜ ਕੀਤੇ ਗਏ ਸਨ। ਸਿੱਟੇ ਵਜੋਂ ਉਸਨੂੰ ਦੇਸ਼-ਨਿਕਾਲੇ ਦੀ ਮਾਰ ਝੱਲਣੀ ਪਈ ਤੇ ਉਸਨੂੰ ਕਈ ਸਾਲ ਭਾਰਤ ਵਿਚ ਰਿਹਾਇਸ਼ ਰੱਖਣੀ ਪਈ। ਦੇਸ਼ ਬਦਰ ਕੀਤੀ ਗਈ ਕਵਿੱਤਰੀ ਅੱਜ ਇਕ ਪ੍ਰਮਾਣਿਤ ਕੌਮਾਂਤਰੀ ਸ਼ਖ਼ਸੀਅਤ ਪ੍ਰਵਾਨ ਹੋ ਚੁੱਕੀ ਹੈ। ਅੱਜਕੱਲ੍ਹ ਉਹ ਕਰਾਚੀ ਵਿਚ ਰਹਿ ਰਹੀ ਹੈ, ਜਿੱਥੇ ਉਹ ਆਪਣੀ ਕਲਮ ਦੇ ਪੂਰੇ ਖ਼ੂਬ ਜੌਹਰ ਵਿਖਾਲ ਰਹੀ ਹੈ।

ਚਾਰੂ ਸਿੰਘ : **ਤੁਸੀਂ ਕਿਹੜੇ ਕਾਰਨ ਔਰਤਾਂ ਬਾਰੇ ਲਿਖਣ ਲੱਗੇ ਤੇ ਤੁਹਾਡੀ ਕਵਿਤਾ ਦੀ ਚਾਲਕ-ਸ਼ਕਤੀ ਕੀ ਸੀ?**

ਫਹਿਮੀਦਾ : ਖ਼ੈਰ, ਮੇਰੇ ਲਈ ਔਰਤਾਂ ਬਾਰੇ ਲਿਖਣਾ ਕੁਦਰਤੀ ਹੀ ਸੀ, ਕਿਉਂਕਿ ਮੈਂ ਇੱਕ ਔਰਤ ਹਾਂ ਤੇ ਇਸੇ ਕਾਰਨ ਹੀ ਮੈਂ ਔਰਤਾਂ ਦੀ ਦਬਾਈ ਹੋਈ ਸਮਾਜਿਕ ਸਥਿਤੀ ਤੋਂ ਆਮ ਕਰਕੇ ਜਾਣੂ ਸੀ ਤੇ ਇਸ ਸਥਿਤੀ ਦੀ ਸ਼ਿਕਾਰ ਵੀ ਸੀ। ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਔਰਤ ਹਿੰਦੂ ਹੋਵੇ ਜਾਂ ਮੁਸਲਿਮ। ਉਹ ਲਿਤਾੜੀ ਜਾਂਦੀ ਹੈ ਤੇ ਉਹ ਸਮਾਜ ਵਿਚ ਪਰਿਵਾਰਕ ਦਬਾਵਾਂ ਦੀ ਸ਼ਿਕਾਰ ਹੁੰਦੀ ਹੈ। ਔਰਤ ਦੀ ਦੁਬਿਧਾ ਤੇ ਸਮਾਜਿਕ ਜਬਰ ਦਾ ਸ਼ਿਕਾਰ ਹੋਣਾ ਐਸੀ ਗੱਲ ਹੈ, ਜਿਸ ਵਿਚ ਅਸੀਂ ਸਾਰੇ ਪਲ ਕੇ ਵੱਡੇ ਹੁੰਦੇ ਹਾਂ ਤੇ ਕੁਦਰਤੀ ਸੀ ਕਿ ਇਸ ਨੇ ਮੇਰੇ ਉੱਤੇ ਡੂੰਘਾ ਪ੍ਰਭਾਵ ਪਾਇਆ ਤੇ ਮੈਂ ਇਸ ਨੂੰ ਅਣਡਿੱਠ ਨਾ ਕਰ ਸਕੀ। ਇਸ ਤੋਂ ਇਲਾਵਾ, ਮੇਰੀ ਕਵਿਤਾ ਦੇ ਪਿੱਛੇ ਮੁੱਖ ਚਾਲਕ ਸ਼ਕਤੀ ਇਨਸਾਫ, ਸਮਾਜਿਕ ਇਨਸਾਫ ਹੈ ਤੇ ਇਹ ਕੁਦਰਤੀ ਸੀ। ਇਹ ਉਥੋਂ ਸ਼ੁਰੂ



ਹੋਇਆ, ਜਿਸ ਤਰੀਕੇ ਨਾਲ ਅਸੀਂ ਆਪਣੇ ਆਲੇ-ਦੁਆਲੇ ਔਰਤਾਂ ਨਾਲ ਵਰਤਾ ਕਰਦੇ ਹਾਂ।

ਚਾਰੂ ਸਿੰਘ : **ਕੀ ਤੁਸੀਂ ਇਨਸਾਫ ਦੀ ਆਪਣੀ ਤਲਾਸ਼ ਬਾਰੇ ਕੁਝ ਹੋਰ ਵਧੇਰੇ ਦੱਸ ਸਕਦੇ ਹੋ?**

ਫਹਿਮੀਦਾ : ਇਨਸਾਫ ਲਈ ਮੇਰੀ ਲਿਖਤ ਮਗਰਲੀ ਇਹ ਪ੍ਰੇਰਕ ਸ਼ਕਤੀ ਸਾਰੇ ਹੀ ਸਮਾਜਾਂ ਦੀ ਵੱਡੀ ਤਾਂਘ ਰਹੀ ਹੈ। ਸਾਡੇ ਸਭਿਆਚਾਰਕ ਇਤਿਹਾਸ ਅਤੇ ਮਿਥਿਆਸ ਇਨਸਾਫ ਲਈ ਤਲਾਸ਼ ਕਰਨ ਵਾਲਿਆਂ ਦੀਆਂ ਬੀਰ-ਕਥਾਵਾਂ ਨਾਲ ਭਰੇ ਪਏ ਹਨ। ਇਹ ਮਨੁੱਖੀ ਮਨ ਦੀ ਬੁਨਿਆਦੀ ਤਾਂਘ ਹੈ ਤੇ ਇਹੋ ਕਾਰਨ ਮੇਰੀ ਕਵਿਤਾ ਦੀ ਚਾਲਕ ਸ਼ਕਤੀ ਹੈ, ਸ਼ਕਤੀ ਜੋ ਮੈਨੂੰ ਲਿਖਣ ਲਈ ਉਕਸਾਉਂਦੀ ਹੈ।

ਚਾਰੂ ਸਿੰਘ : **ਕੀ ਤੁਸੀਂ ਆਪਣੇ ਸੰਘਰਸ਼ ਦੇ ਲੰਮੇ ਵਰ੍ਹਿਆਂ ਦੇ ਸਫ਼ਰ ਬਾਰੇ ਸਾਡੇ ਨਾਲ ਕੁਝ ਸਾਂਝਾ ਕਰ ਸਕਦੇ ਹੋ?**

ਫਹਿਮੀਦਾ : ਮੇਰੇ ਸੰਘਰਸ਼ ਦੇ ਸਾਲ ਕਾਲਜ ਦੇ ਇਕ ਵਿਦਿਆਰਥੀ ਵਜੋਂ ਸ਼ੁਰੂ ਹੋਏ, ਜਦੋਂ ਮੈਂ ਸੱਠਵਿਆਂ ਵਿਚ ਮਾਰਸ਼ਲ ਲਾ ਵਿਰੋਧੀ ਵਿਦਿਆਰਥੀ ਲਹਿਰ ਦਾ ਅੰਗ ਬਣੀ ਸੀ ਅਤੇ ਪਿਛੋਂ 1972 ਵਿਚ ਬਰਤਾਨੀਆ ਵਿਚ ਸਮਾਜਵਾਦੀ ਲਹਿਰ ਵਿਚ ਸ਼ਾਮਿਲ ਹੋਈ ਸੀ। ਮੈਂ ਪਾਕਿਸਤਾਨ ਵਾਪਸ ਪਰਤੀ ਤੇ ਫਿਰ ਅਸਲੀ ਸੰਘਰਸ਼ ਆਰੰਭ ਹੋਇਆ। ਬੁਨਿਆਦੀ ਤੌਰ ਤੇ ਇਹ ਪਾਕਿਸਤਾਨ ਵਿਚ ਸਮਾਜਿਕ ਇਨਸਾਫ ਲਈ ਸੰਘਰਸ਼ ਸੀ। ਛੇਤੀ ਹੀ ਇਸ ਦੀ ਪ੍ਰਕਿਰਤੀ ਲੋਕਰਾਜ ਲਈ ਸੰਘਰਸ਼ ਵਿਚ ਤਬਦੀਲ ਹੋ ਗਈ। ਪਾਕਿਸਤਾਨੀ ਰਸਾਲੇ 'ਆਵਾਜ਼' ਦੇ ਸੰਪਾਦਕ ਵਜੋਂ ਅਸਾਂ ਜਮਹੂਰੀਅਤ ਦੀ ਲੜਾਈ ਨੂੰ ਅੱਗੇ ਚਲਾਇਆ। ਪਰ ਉਸ ਵੇਲੇ ਦੀ ਸਰਕਾਰ ਨੇ ਅਚਾਨਕ ਹੀ ਇਸ ਕੋਸ਼ਿਸ਼ ਉੱਤੇ ਰੋਕਾਂ ਲਾ ਦਿੱਤੀਆਂ। ਮੈਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਮੇਰੇ ਖਿਲਾਫ਼ ਬਗ਼ਾਵਤ ਦੇ ਕੇਸ ਚਲਾਏ ਗਏ ਤੇ ਮੈਂ ਰਾਜਸੀ ਜਲਾਵਤਨ ਬਣ ਗਈ ਤੇ ਸੱਤ ਸਾਲ ਭਾਰਤ ਵਿਚ ਰਹੀ।

ਚਾਰੂ ਸਿੰਘ : **ਕੀ ਇਸ ਸਮੇਂ ਬਾਰੇ ਹੋਰ ਵਧੇਰੇ ਕੁਝ ਦੱਸ ਸਕਦੇ ਹੋ?**

ਫਹਿਮੀਦਾ : ਮੇਰੀ ਜਲਾਵਤਨੀ ਉਸ ਵੇਲੇ ਦੀ ਸਰਕਾਰ ਦੀ ਰਾਜਸੀ ਹਾਰ ਸੀ, ਜੋ ਉਹ ਚਲਾ ਰਹੇ ਸਨ। ਜ਼ਿਆ ਦੀ ਸਰਕਾਰ ਅਤਿ ਦੀ ਪਿਛਾਂਹ-ਖਿੱਚੂ ਸੀ ਤੇ ਇਹ ਉਹ ਸਰਕਾਰ ਸੀ ਜੋ ਪਾਕਿਸਤਾਨ ਦੇ ਲੋਕਾਂ ਉੱਤੇ ਠੋਸੀ ਗਈ ਸੀ। ਲੋਕਾਂ ਨੂੰ ਅਸਲ ਵਿਚ ਅਨੁਭਵ ਕਰਨਾ ਚਾਹੀਦਾ ਹੈ ਕਿ ਅਫਗਾਨਿਸਤਾਨ ਪ੍ਰਤੀ ਪੱਛਮੀ ਯੁੱਧ-ਨੀਤੀ ਤੇ ਜ਼ਿਆ ਦੇ ਪ੍ਰਬੰਧ ਨੇ ਪਾਕਿਸਤਾਨ ਦੇ ਸਮਾਜ ਨੂੰ ਲਗਭਗ ਬਰਬਾਦ ਕਰ ਦਿੱਤਾ ਹੈ।

**ਚਾਰੂ ਸਿੰਘ : ਭਾਰਤ ਵਿਚਲਾ ਆਪ ਦਾ ਵਕਤ ਕਿਸ ਤਰ੍ਹਾਂ ਦਾ ਸੀ?**

ਫਹਿਮੀਦਾ : ਮੈਂ ਪਾਕਿਸਤਾਨ ਅਤੇ ਭਾਰਤ ਬਾਰੇ ਢੇਰ ਸਾਰੀਆਂ ਕਵਿਤਾਵਾਂ ਲਿਖੀਆਂ ਸਨ। ਇਹ ਵਕਤ ਨਿਰਦਈ ਰਾਜਨੀਤੀਵਾਨਾਂ ਵਲੋਂ ਭਾਰਤ ਵਿਚ ਉਕਸਾਏ ਗਏ ਫਿਰਕੂ ਤਣਾਅ ਦੇ ਸਾਲ ਸਨ। ਮੈਂ ਭਾਰਤ ਦੇ ਤਰੱਕੀ ਪਸੰਦ ਲੇਖਕਾਂ ਨਾਲ ਮਿਲ ਕੇ ਫਿਰਕਾਪ੍ਰਸਤੀ ਦੇ ਮੁੱਦੇ ਬਾਰੇ ਕਵਿਤਾ ਲਿਖੀ ਸੀ।

**ਚਾਰੂ ਸਿੰਘ : ਤੁਸੀਂ ਆਪਣੇ ਭਾਰਤ ਵਿਚ ਅਨੁਭਵ ਬਾਰੇ ਹੋਰ ਵਧੇਰੇ ਕੁਝ ਦੱਸੋ ਤੇ ਇਹ ਸਿਰਫ਼ ਫਿਰਕਾਪ੍ਰਸਤੀ ਹੀ ਨਹੀਂ ਸੀ ਹੋਣੀ?**

ਫਹਿਮੀਦਾ : ਇੱਕ ਤਰ੍ਹਾਂ ਨਾਲ ਭਾਰਤ ਵਿਚ ਮੇਰਾ ਤਜਰਬਾ ਸੱਤ ਸਾਲਾਂ ਨਾਲੋਂ ਵੀ ਲੰਮੇਰਾ ਸੀ। ਇਹ ਉਹ ਨੇੜਤਾ ਸੀ ਜੋ ਸਾਨੂੰ ਭਾਰਤ ਨਾਲ ਜੋੜਦੀ ਹੈ। ਮੇਰਾ ਪਰਿਵਾਰ ਮੇਰਠ ਤੋਂ ਆਇਆ ਸੀ ਤੇ ਸਾਡੇ ਵੱਡੇ-ਵਡੇਰੇ ਇਥੋਂ ਦੇ ਸਨ। ਮੈਂ ਜੋ ਕੁਝ ਅਸਲ ਵਿਚ ਅਨੁਭਵ ਕੀਤਾ, ਉਹ ਕੁਝ ਸਤਰਾਂ ਵਿਚ ਸੰਖੇਪ ਰੂਪ ਵਿਚ ਹੀ ਦੱਸਿਆ ਜਾ ਸਕਦਾ ਹੈ। ਮੈਂ ਅਨੁਭਵ ਕਰਦੀ ਹਾਂ ਕਿ ਮੈਂ ਆਪਣੇ ਬੀਤ ਚੁੱਕੇ ਸਮੇਂ ਬਾਰੇ ਅਤੇ ਆਪਣੀ ਸਮੁੱਚੀ ਜ਼ਿੰਦਗੀ ਬਾਰੇ ਬਹੁਤ ਕੁਝ ਸਿੱਖਿਆ ਹੈ। ਇਸ ਨੇ ਮੇਰੀ ਪਹਿਲੀ ਵਿਚਾਰਧਾਰਾ ਨੂੰ ਪਰਪੱਕ ਕੀਤਾ ਹੈ ਤੇ ਮੈਂ ਇਕ ਦੋ ਗੱਲਾਂ ਹੋਰ ਸਿੱਖੀਆਂ ਹਨ ਕਿ ਲੋਕ-ਰਾਜ ਅਸਲ ਵਿਚ ਕੰਮ ਕਿਵੇਂ ਕਰਦਾ ਹੈ? ਮੈਂ ਇਸ ਲੋਕ-ਰਾਜ ਦੇ ਕੁਝ ਸੁੰਦਰ ਅਤੇ ਸ਼ਾਨਦਾਰ ਪੱਖ ਤੱਕੇ ਹਨ ਤੇ ਕੁਝ ਨੁਕਸ ਵੀ।

**ਚਾਰੂ ਸਿੰਘ : ਭਾਰਤ ਵਿਚ ਮੁਸਲਮਾਨ ਔਰਤਾਂ ਬਾਰੇ ਤੁਹਾਡੇ ਕੀ ਵਿਚਾਰ ਹਨ?**

ਫਹਿਮੀਦਾ : ਦੇਸ਼ ਦੀ ਤਕਸੀਮ ਸਮੇਂ ਸਾਰੀ ਪੜ੍ਹੀ ਲਿਖੀ ਮੁਸਲਮਾਨ ਮੱਧ-ਸ਼੍ਰੇਣੀ ਭਾਰਤ ਤੋਂ ਪਾਕਿਸਤਾਨ ਹਿਜਰਤ ਕਰ ਗਈ ਸੀ। ਜੋ ਮੁਸਲਮ ਬਰਾਦਰੀ ਇਥੇ ਪਿੱਛੇ ਰਹਿ ਗਈ ਸੀ, ਉਹ ਅਨਪੜ੍ਹ ਸੀ ਤੇ ਮੱਧ-ਸ਼੍ਰੇਣਕ ਚੇਤਨਾ ਤੋਂ ਕੋਰੀ ਸੀ। ਮੈਂ ਇਹ ਗੱਲ ਆਪਣੇ ਭਾਰਤ ਦੀ ਠਹਿਰ ਦੌਰਾਨ ਬੁਰੀ ਤਰ੍ਹਾਂ ਅਨੁਭਵ ਕੀਤੀ ਸੀ, ਪਰ ਇਸ ਸਮੇਂ ਮੈਂ ਅਨੁਭਵ ਕੀਤਾ ਹੈ ਕਿ ਨਵੀਂ ਪੜ੍ਹੀ-ਲਿਖੀ ਮੱਧ-ਸ਼੍ਰੇਣੀ ਪੈਦਾ ਹੋਣੀ ਸ਼ੁਰੂ ਹੋ ਗਈ ਹੈ। ਇਸ ਨਾਲ ਕੁਦਰਤੀ ਹੀ ਭਾਰਤ ਵਿਚਲੀ ਮੁਸਲਮ ਔਰਤ ਉੱਤੇ ਪ੍ਰਭਾਵ ਪੈਂਦਾ ਹੈ। ਮੈਂ ਇਸ ਗੱਲ ਵਿਚ ਵਾਧਾ ਕਰਦੀ ਇਹ ਦੱਸਣਾ ਚਾਹੁੰਦੀ ਹਾਂ ਕਿ ਹਿੰਦੂ ਅਤੇ ਮੁਸਲਮਾਨ ਸਮਾਜ ਦੋਵਾਂ ਵਿਚ ਔਰਤ ਦੀ ਹਾਲਤ ਵਿਚ ਕੋਈ ਬਹੁਤਾ ਅੰਤਰ ਨਹੀਂ। ਘਰੇਲੂ ਹਿੰਸਾ ਔਰਤਾਂ ਪ੍ਰਤੀ ਆਮ ਹੈ ਤੇ ਔਰਤਾਂ ਦੇ ਬੁਨਿਆਦੀ ਅਧਿਕਾਰਾਂ ਵਜੋਂ ਦੋਵੇਂ ਹੀ ਵੰਚਿਤ ਹਨ। ਫਿਰ ਵੀ ਭਾਰਤ ਵਿਚ ਹਾਲਤ ਵਿਚ ਢੇਰ ਫ਼ਰਕ ਹੈ, ਕਿਉਂਕਿ ਕਾਫੀ ਗਿਣਤੀ ਵਿਚ ਪੜ੍ਹੀ ਲਿਖੀ ਮੱਧ-ਸ਼੍ਰੇਣੀ ਦੀਆਂ ਔਰਤਾਂ ਨੂੰ ਕੰਮ ਕਰਨ ਦੀ ਆਜ਼ਾਦੀ ਹੈ ਤੇ ਵਿੱਦਿਆ ਪ੍ਰਾਪਤ ਕਰਨ ਦੀ ਵੀ। ਘੱਟੋ-ਘੱਟ ਹਿੰਦੂਆਂ ਵਿਚ ਇਹ ਗੱਲ ਹੈ। ਐਪਰ ਦੇਰ ਤੀਕਰ ਇਹ ਵਰਤਾਰਾ ਮੁਸਲਮਾਨਾਂ ਵਿਚ ਗੈਰ-



ਹਾਜ਼ਰ ਸੀ, ਜਿਹੜਾ ਕਿ ਕੁਝ ਤਬਦੀਲ ਹੋ ਰਿਹਾ ਹੈ।

**ਚਾਰੂ ਸਿੰਘ : ਤੁਸੀਂ ਹਿੰਦੁਸਤਾਨ ਤੇ ਪਾਕਿਸਤਾਨ ਵਿਚ ਔਰਤ ਦੀ ਸਥਿਤੀ ਦਾ ਕਿਵੇਂ ਟਾਕੇਰਾ ਕਰਦੇ ਹੋ?**

ਫਹਿਮੀਦਾ : 1947 ਵਿਚ ਭਾਰਤ ਵਿਚ ਪਾਕਿਸਤਾਨ ਦੇ ਉਲਟ ਵਧੇਰੇ ਸ਼ਹਿਰੀਕਰਣ ਹੋ ਚੁੱਕਾ ਸੀ। ਜਿਸ ਨੂੰ ਵਧੇਰੇ ਸ਼ਹਿਰੀ ਕੇਂਦਰ ਪ੍ਰਾਪਤ ਹੋਏ ਸਨ। ਪਾਕਿਸਤਾਨ ਮੁੱਖ ਤੌਰ ਤੇ ਕਬੀਲਾਵਾਦੀ ਅਤੇ ਜਾਗੀਰਦਾਰੀ, ਸਮਾਜ ਹੀ ਰਿਹਾ ਸੀ। ਤੁਹਾਨੂੰ ਇਹ ਜਾਣਕਾਰੀ ਹੋਣੀ ਚਾਹੀਦੀ ਹੈ ਕਿ ਪਾਕਿਸਤਾਨ ਵਿਚ ਕੋਈ ਜ਼ਮੀਨੀ ਸੁਧਾਰ ਨਹੀਂ ਹੋਏ। ਇਸ ਲਈ ਪਾਕਿਸਤਾਨ ਦੇ ਸ਼ਹਿਰੀ ਕੇਂਦਰਾਂ ਵਿਚਲੀਆਂ ਔਰਤਾਂ ਦੀ ਹਾਲਤ ਭਾਰਤ ਵਿਚਲੀਆਂ ਔਰਤਾਂ ਵਰਗੀ ਹੀ ਹੈ ਤੇ ਉਹਨਾਂ ਵਿਚੋਂ ਵਧੇਰੇ ਔਰਤਾਂ ਪੜ੍ਹੀਆਂ-ਲਿਖੀਆਂ ਹਨ ਤੇ ਕੰਮ ਕਰਦੀਆਂ ਹਨ। ਐਪਰ ਪੇਂਡੂ ਖੇਤਰਾਂ ਵਿਚ ਇਹ ਵਿਕਾਸ ਗੈਰ-ਹਾਜ਼ਰ ਹੈ ਤੇ ਅਕਸਰ ਔਰਤਾਂ ਅਨਪੜ੍ਹ ਹਨ ਤੇ ਉਨ੍ਹਾਂ ਦੇ ਕੰਮ ਕਰਨ ਦਾ ਪ੍ਰਸ਼ਨ ਹੀ ਪੈਦਾ ਨਹੀਂ ਹੁੰਦਾ। ਸਾਡੇ ਦੇਸ਼ ਦੀ ਰਾਜਨੀਤਕ ਅਸਥਿਰਤਾ ਵੀ ਇਸ ਹਾਲਤ ਲਈ ਜ਼ਿੰਮੇਵਾਰ ਹੈ। •


**ਹਰਭਜਨ ਸਿੰਘ ਹੁੰਦਲ**

ਦੀਆਂ

ਨਵੀਆਂ ਛਪੀਆਂ ਪੁਸਤਕਾਂ

1. **ਮੇਰੀ ਗ਼ਜ਼ਲ** (ਸੰਪਾਦਕ ਸੁਲੱਖਣ ਸਰਹੱਦੀ)
   ਪੰਨੇ 217, ਮੁੱਲ 250/-
2. **ਦੇਸ਼-ਦੇਸ਼ ਦੀ ਕਵਿਤਾ**
   (ਵਿਸ਼ਵ ਦੇ ਚਾਲੀ ਦੇਸ਼ਾਂ ਦੇ ਕਵੀ)
   ਪੰਨੇ 233, ਮੁੱਲ 300/-
3. **ਚਿੱਤਰਕਾਰ ਜਰਨੈਲ ਸਿੰਘ**
   ਪੰਨੇ 100, ਮੁੱਲ 120/-
4. **ਸਿਤਾਰਿਆਂ ਦਾ ਸਫ਼ਰ**
   (ਵਿਸ਼ਵ ਕਲਾਕਾਰਾਂ ਦੇ ਰੇਖਾ-ਚਿਤਰ)
   ਪੰਨੇ 300, ਮੁੱਲ 350/-

ਪ੍ਰਕਾਸ਼ਨ

ਮਨਪ੍ਰੀਤ ਪ੍ਰਕਾਸ਼ਨ, ਗੀਤਾ ਕਾਲੋਨੀ, ਦਿੱਲੀ ਫੋਨ 011-22451046

# ਲੋਕ ਕਵੀ ਬਾਬਾ ਨਜ਼ਮੀਂ

## (ਮੇਰੀ ਸ਼ਾਇਰੀ ਮਸਲੇ ਵੀ ਹੱਲ ਕਰਦੀ ਹੈ)

**- ਅਫ਼ਜ਼ਲ ਤੌਸੀਫ਼**

ਉਹ ਕਹਿ ਸਕਦਾ ਹੈ 'ਬਾਬਾ' ਜੋ ਹੋਇਆ। ਪੰਜਾਬੀ ਜ਼ੁਬਾਨ ਵਿਚ 'ਬਾਬਾ' ਕਈ ਮਾਮਲਿਆਂ ਵਿਚ ਲਿਖਿਆ ਤੇ ਬੋਲਿਆ ਜਾਂਦਾ ਹੈ। ਬਾਬਾ ਮਤਲਬ ਉਮਰੋਂ ਵਡੇਰਾ, ਬਾਬਾ ਮਤਲਬ ਅਕਲੋਂ ਸਿਆਣਾ; ਜਿਵੇਂ ਬਾਬਾ ਫਰੀਦ, ਬਾਬਾ ਨਾਨਕ, ਸਾਡੇ ਬਾਬਾ ਨਜ਼ਮੀ ਵੀ ਉਮਰੋ ਨਹੀਂ, ਅਕਲੋਂ ਬਾਬਾ ਏ। "ਅੱਖਰਾਂ ਵਿਚ ਸਮੁੰਦਰ ਭਰਦਾ" ਤੇ ਸੋਚਾਂ ਵਿਚ ਜਹਾਨ ਉਸਾਰ ਲੈਂਦਾ ਏ। ਪਰ ਅਸਲੋਂ ਬਾਬਾ ਨਜ਼ਮੀ ਇੱਕ ਮਜ਼ਦੂਰ ਸ਼ਾਇਰ ਏ। ਸਾਫ, ਸਿੱਧਾ, ਸਗੋਂ ਪਰ ਸ਼ੁੱਧ ਮਜ਼ਦੂਰ ਤੇ ਸੱਚਲ ਸ਼ਾਇਰੀ ਦਾ ਬਾਬਾ। ਉਹਦਾ ਕਲਾਮ "ਅੱਖਰਾਂ ਵਿਚ ਸਮੁੰਦਰ" ਪੜ੍ਹਕੇ ਮੈਂ ਸੋਚੀਂ ਪੈ ਗਈ ਸਾਂ। ਅੱਜ ਉਹਦੀ ਦੂਜੀ ਕਿਤਾਬ ਦੇ ਜਹਾਨ ਦੀ ਸੈਰ ਕਰਕੇ ਮੁੜਦੀ ਵਾਰੀ ਉਹਨੂੰ ਕਹਿਣਾ ਚਾਹੁੰਦੀ ਹਾਂ।

ਤੈਨੂੰ ਵਧਾਈ ਹੋਵੇ ਮਜ਼ਦੂਰਾਂ! ਤੂੰ ਅੱਖਰਾਂ ਵਾਲੇ ਸਮੁੰਦਰਾਂ ਦੀ ਖੋਜ ਕਰ ਲਈ। ਸੋਚਾਂ ਵਾਲੇ ਜਹਾਨ ਦਾ ਵੀ ਜਾਣੂ ਹੋ ਗਿਆ ਏਂ। ਹੁਣ ਤੂੰ ਬਾਬਾ ਕਹਾ ਵੀ ਸਕਦਾ ਏਂ। ਤੇਰੀ ਸ਼ਾਇਰੀ ਲੋਕਾਂ ਦੇ ਮਸਲੇ ਹੱਲ ਕਰਨ ਦਾ ਯਤਨ ਕਰਦੀ ਹੈ। ਚਿੰਤਾ ਨਾ ਕਰੀਂ ਸਾਈਂ ਬਾਬਾ! ਸ਼ਾਇਰਾਂ ਦੀ ਬੈਠਕ ਵਿਚ ਨਿੱਠ ਕੇ ਬੈਠੀਂ। ਵੇਖ ਵੇਲਾ ਅੱਜ ਤੇਰੇ ਕੋਲੋਂ ਸੰਗਦਾ ਪਿਆ ਏ। ਇੱਕ ਮਜ਼ਦੂਰੀ ਕਰਨ ਵਾਲਾ ਜਹਾਨ ਦੀਆਂ ਗੱਲਾਂ, ਪਤਾਲ ਦੀਆਂ ਖ਼ਬਰਾਂ। ਜੇ ਕੋਈ ਹੈਰਾਨ ਹੁੰਦਾ ਏ ਤਾਂ ਉਹ ਝੱਲਾ ਏ। ਮਜ਼ਦੂਰ ਦੇ ਹੱਥੋਂ ਹਰ ਚੰਗੀ ਸ਼ੈਅ ਬਣ ਸਕਦੀ ਏ। ਬਰੀਕ ਕਲਾ ਨੂੰ ਰੰਗ ਲੱਗਦਾ ਏ। ਉਹਦੀਆਂ ਨਜ਼ਮਾਂ ਤੇ ਗ਼ਜ਼ਲਾਂ ਨਿਰੀ ਬਕਰਾਤੀ ਸਕਰਾਤੀ ਨਹੀਂ ਪਟਕਦੀਆਂ, ਸਗੋਂ ਮਾਰਕਸੀ ਸੋਚਾਂ ਨੂੰ ਪੰਜਾਬ ਦੀ ਚੀਕਣੀ ਮਿੱਟੀ ਵਿਚ ਗੁੰਨ੍ਹ ਕੇ, ਇੱਕ ਨਵਾਂ ਜਹਾਨ, ਇੱਕ ਸੌਖੇ ਜੀਵਨ ਦਾ ਜਹਾਨ ਉਸਾਰਨ ਦਾ ਰਾਹ ਲੱਭਦੀਆਂ ਨੇ। ਉਹੋ ਰਾਹ, ਜਿਸਨੂੰ ਭੁੱਲ ਕੇ ਧਰਤੀ ਦੇ ਪੁੱਤਰਾਂ ਧੀਆਂ, ਕੰਮੀ. ਕਮੀਨੇ ਤੇ ਗੁਲਾਮ ਸਦਵਾਏ ਸਨ।

ਕੁਝ ਲੋਕੀ ਸੋਚਦੇ ਹੋਣਗੇ ਕਿ ਬਾਬਾ ਨਜ਼ਮੀਂ ਨੇ ਖਬਰੇ ਸੋਚਾਂ ਵਿਚ ਜਹਾਨ ਪੂਰਾ ਕਰ ਲਿਆ ਏ। ਪਰ ਨਹੀਂ, ਬੰਦੇ ਦੇ ਜਹਾਨ ਦਾ ਕੋਈ ਅੰਤ ਨਹੀਂ। ਮਜ਼ਦੂਰ ਦੀ ਸੋਚ ਵੀ ਬਹੁਤ ਲੰਮੀ ਹੋ ਸਕਦੀ ਏ ਕਿਉਂਕਿ ਉਹਨੇ ਨਵੇਂ ਜਹਾਨ ਵੀ ਤਾਂ ਉਸਾਰਨੇ ਹੁੰਦੇ ਨੇ। ਅਸੀਂ ਉਡੀਕਾਂਗੇ ਨਜ਼ਮੀਂ ਵਲੋਂ ਨਵੀਆਂ ਨਜ਼ਮਾਂ ਆਉਂਦੀਆਂ ਰਹਿਣਗੀਆਂ। 'ਜਾਲਬ' ਵਾਂਗ ਵੇਲੇ ਦਾ ਸ਼ਾਇਰ ਹੋ ਕੇ ਪਲ-ਪਲ ਦੀ ਤਾਰੀਖ ਦਾ ਰਿਕਾਰਡ ਲੈਕੇ ਆਉਂਦੀ। ਲੋਕਾਂ ਵੱਲ ਦੀ ਸ਼ਾਇਰੀ ਦੀ ਪਛਾਣ ਇਸੇ ਤਰ੍ਹਾਂ ਬਣਦੀ ਹੁੰਦੀ ਏ। ਉਹ ਦੁੱਖ ਸਾਂਝੇ ਕਰਦਾ, ਸੁੱਖ ਲੱਭਦਾ। ਉਸੇ ਜੀਵਨ ਨੂੰ ਆਪ ਵੀ ਜਿਊਂਦਾ। ਉਸੇ ਨੂੰ ਸੰਵਾਰਨ ਦੇ ਸੁਫ਼ਨੇ ਤੱਕਦਾ। ਨਜ਼ਮੀ ਦੇ ਸੁਫਨੇ ਬਹੁਤ ਵੱਡੇ ਨੇ। ਇਸੇ ਤਰ੍ਹਾਂ ਹੁੰਦਾ ਵੀ ਏ। ਜਦੋਂ ਸੁਫਨੇ ਲੋਕਾਂ ਜੇਡੇ ਹੋ ਜਾਵਣ ਤਾਂ ਉਹ ਇਕ ਰਾਤ ਦੇ ਸੁਫਨੇ ਨਹੀਂ ਰਹਿ ਜਾਂਦੇ। ਸੱਜਰੀ ਸਵੇਰ ਦੇ ਸੁਫਨੇ ਬਣਕੇ ਮਨੁੱਖ ਦਾ ਅੰਦਰ ਬਾਹਰ ਜਗਾ ਛੱਡਦੇ ਨੇ।



ਬਾਬਾ ਨਜ਼ਮੀਂ ਇੱਕ ਔਖੀ ਦੁਨੀਆਂ ਦਾ ਵਸਨੀਕ ਏ। ਪਰ ਉਹ ਦੋਹਾਂ ਜਹਾਨਾਂ ਵਿਚ ਰੁੱਝਿਆ ਹੋਇਆ ਏ ਤੇ ਦੂਜਾ ਜਹਾਨ ਵੀ ਜੀਵਨ ਜਹਾਨ ਹੈ, ਸੁਫਨੇ ਦਾ ਇੱਕ ਜਹਾਨ ਉਹਦੀ ਅੱਖ ਵੇਖਦੀ ਏ। ਦੂਜਾ ਉਹ ਲੋਕਾਈ ਦੀ ਅੱਖ ਨਾਲ ਵੇਖਦਾ ਏ। ਹਾਲੇਂ ਬੱਸ ਨਹੀਂ। ਇੱਕ ਸੁਫਨਾ ਹੋਰ ਵੀ ਹੈ, ਤੀਜੇ ਜਹਾਨ ਦੀ ਮਹਾਨਤਾ ਦਾ ਸੁਫਨਾ ਜੋ ਬਾਬਾ ਨਜ਼ਮੀਂ ਸੁਰਮੇ ਵਾਂਗ ਲੋਕਾਈ ਦੀ ਅੱਖ ਵਿਚ ਸਜਾਉਣਾ ਚਾਹੁੰਦਾ ਏ। ਆਪਣੀ ਮਾਂ ਧਰਤੀ ਦੀ ਲਾਠੀ ਉੱਤੇ ਸੁਫਨਿਆਂ ਦੀ ਗੱਠੜੀ ਟੰਗ ਕੇ ਰੋਟੀ ਕਮਾਉਂਦਾ, ਸ਼ਹਿਰ ਕਰਾਚੀ ਅੱਪੜ ਜਾਂਦਾ ਏ, ਤਾਂ ਉਹਦੀ ਗੱਠੜੀ ਹੋਰ ਵੀ ਭਾਰੀ ਹੋ ਜਾਂਦੀ ਏ। ਕਰਾਚੀ ਆਪੇ ਇੱਕ ਦੁਨੀਆਂ ਲੋਕਾਈ ਦੇ ਸੁਫਨੇ। ਟੁੱਟ ਭੱਜ ਇੱਥੇ ਘੱਟ ਨਹੀਂ। ਪਰ ਸ਼ਾਇਰ ਤਾਂ ਘੱਟ ਨੇ। ਪੰਜਾਬ ਦਾ ਕਾਮਾ ਸ਼ਾਇਰ ਕਰਾਂਚੀ ਦਾ ਸ਼ਾਇਰ ਬਣ ਚੁੱਕਾ ਹੈ। ਇਸੇ ਕਰਕੇ ਉਹਦੀ ਗ਼ਜ਼ਲ ਬੈਚੇਨ ਸੋਚਾਂ ਸੋਚਦੀ ਹੋਈ ਕੜਾਕੇ ਨਾਲ ਬੋਲਦੀ ਹੈ। ਉਹਦੀ ਨਜ਼ਮ ਗ਼ਜ਼ਲ ਵਿਚ ਬਹੁਤਾ ਫ਼ਰਕ ਨਹੀਂ। ਇਸ ਕਰਕੇ ਪਈ ਗ਼ਜ਼ਲ ਵੀ ਬੁੱਲ੍ਹੇ ਸ਼ਾਹ ਦੀ ਮੁਰੀਦਣ ਏ। ਪੰਜਾਬਣ ਵਰਗੀ ਬੜਬੋਲੀ।

ਪੰਜਾਬੀ ਜ਼ੁਬਾਨ ਤੇ ਸ਼ਾਇਰੀ ਕਦੇ ਵੀ ਦਰਬਾਰੀ ਨਹੀਂ ਹੋਈ, ਕਦੇ ਵੀ ਨਹੀਂ। ਆਪ ਪੰਜਾਬੀ ਦਰਬਾਰ ਨੇ ਵੀ ਆਪਣੇ ਦਰਬਾਰੀ ਕਾਰੋਬਾਰ ਲਈ ਫਾਰਸੀ ਨੂੰ ਵਰਤਿਆ ਸੀ। ਨਤੀਜਾ ਭਾਵੇਂ ਪੰਜਾਬੀ ਦੀ ਤਰੱਕੀ ਨੂੰ ਦਰਬਾਰਾਂ ਵਲੋਂ ਮਦਦ ਨਹੀਂ ਮਿਲੀ। ਪਰ ਇਕ ਫਾਇਦੇ ਵਾਲੀ ਗੱਲ ਵੀ ਜ਼ਰੂਰ ਹੋਈ। ਪੰਜਾਬੀ ਅਦਬ- ਖ਼ਾਸ ਕਰਕੇ ਸ਼ਾਇਰੀ ਦਾ ਸੁਭਾਅ ਲੋਕਾਂ ਵਾਲਾ ਹੀ ਰਿਹਾ। ਹਾਕਮਾਂ/ਹੁਕਮਰਾਨਾਂ ਦੇ ਅੱਗੇ ਇਸ ਕਦੇ ਵੀ ਮੱਥਾ ਨਹੀਂ ਟੇਕਿਆ। ਸਗੋਂ ਮੱਥਾ ਲਾਈ ਰੱਖਿਆ। ਚੰਗਾ ਨਤੀਜਾ ਇਹ ਕਿ ਪੰਜਾਬੀ ਅਦਬ ਨੇ ਆਪਣਾ ਮਜ਼ਾਹਮਤੀ ਅਮਲ ਪੱਕਾ ਰੱਖਿਆ। ਮੁਜ਼ਾਹਮਤ ਵਾਲੀ ਸ਼ਾਇਰੀ ਤੇ ਜ਼ੁਬਾਨ ਲੋਕਾਂ ਤੌੜੀ ਅੱਪੜ ਸਕੀ। ਬੱਸ ਸ਼ਾਇਰ ਦਾ ਦਰਜਾ ਉੱਚਾ ਸੀ। ਉਹ ਸੂਫ਼ੀ ਔਲੀਆ, ਪੀਰ ਜਾਂ ਲੋਕਾਂ ਦਾ ਪਿਆਰਾ ਹੁੰਦਾ ਸੀ। ਲੋਕਾਂ ਦੇ ਨਾਲ ਖਲੋ ਕੇ ਜਬਰ ਦੀ ਮੁਜ਼ਾਹਮਤ ਕਰਦਾ ਰਿਹਾ। ਜਬਰ ਭਾਵੇਂ ਚੌਧਰੀ ਵੱਲੋਂ ਹੋਵੇ, ਭਾਵੇਂ ਮੁੱਲਾ, ਪੰਡਤ ਜਾਂ ਬਾਹਰੋਂ ਆਵਣ ਵਾਲੇ ਧਾੜਵੀਆਂ ਦਾ ਧਾੜਾ। ਸਾਡੇ 'ਵਾਰਸ' ਤੇ 'ਬੁੱਲ੍ਹਾ' ਲੋਕਾਂ ਦੇ ਦੁੱਖ ਵੰਡਾਉਂਦੇ ਰਹੇ। ਇਹੀ ਗੀਤ ਪ੍ਰੀਤ ਲੈਕੇ ਨਜ਼ਮੀਂ ਦੀ ਸ਼ਾਇਰੀ ਅਗਾਂਹ ਤੁਰਦੀ ਪਈ ਏ।

ਅੱਜ ਦੀ ਦੁਨੀਆਂ ਵਿਚ ਅੱਜ ਦੇ ਪੰਜਾਬ ਵਿਚ ਸ਼ਾਇਰੀ ਦਾ ਮਨਸਬ ਹੋਰ ਵੀ ਮੁਜ਼ਾਹਮਤੀ ਹੋ ਚੁੱਕਾ। ਹੋਣਾ ਚਾਹੀਦਾ ਵੀ ਸੀ। ਕਿਉਂ ਜੋ ਪੰਜਾਬੀ ਸਮਾਜ ਵਿਚ ਬੜੀ ਭਾਰੀ ਟੁੱਟ ਭੱਜ ਹੈ। ਅੰਦਰੋਂ-ਬਾਹਰੋਂ ਖ਼ਤਰਨਾਕ ਤਜ਼ਾਦ (ਵਿਰੋਧਤਾਈਆਂ) ਆਪਸ ਵਿਚ ਗੁੱਥਮ-ਗੁੱਥਾ ਹੁੰਦੇ ਪਏ ਨੇ, ਸਾਰੇ ਮੁਲਕ ਦੀ ਲੋਕਾਈ ਜਬਰ ਥੱਲੇ ਮਿੱਧੀ ਜਾ ਰਹੀ ਹੈ। ਸਗੋਂ ਤੀਸਰੀ ਦੁਨੀਆਂ ਅੰਦਰ ਮਨੁੱਖ ਦਾ ਅੰਦਰ ਬਾਹਰ ਤੰਗੀ, ਦੁੱਖ, ਭੁੱਖ ਤੇ ਧ੍ਰੋਹ ਦੀਆਂ ਸੂਈਆਂ ਤੇ ਸੂਲਾਂ ਨਾਲ ਵਿੰਨ੍ਹਿਆ ਪਿਆ ਹੈ। ਇਸ ਤਰ੍ਹਾਂ ਦੀ ਹਾਲਤ ਵਿਚ ਸ਼ਾਇਰ ਕੀ ਕਰੇ? ਬਹਿ ਕੇ ਕਰਮਾਂ ਦੀ ਰੱਸੀ ਵੱਟੇ? ਜਾਂ ਆਪਣੀ ਕਲਮ ਨੂੰ ਮੂਸਾ ਦੇ ਹੱਥ ਦਾ ਅਸਾਂ ਬਣਾਕੇ ਸਾਰੇ ਵੱਡੇ-ਨਿੱਕੇ ਸੱਪਾਂ ਨਾਲ ਘੋਲ ਪਿਆ ਕਰੇ? ਏਸ਼ੀਆ ਤੋਂ ਲੈਕੇ ਅਫ਼ਰੀਕਾ ਤੀਕ ਬਹੁਤ ਸਾਰੇ ਅਣਖਾਂ ਵਾਲੇ ਸ਼ਾਇਰ ਹਨ, ਜੋ ਸ਼ਾਇਰੀ ਨੂੰ ਹਥਿਆਰ ਬਣਾਉਣ ਦਾ ਫੈਸਲਾ ਕਰ ਚੁੱਕੇ ਹਨ। ਨਜ਼ਮੀਂ

ਉਹਨਾਂ ਦੇ ਨਾਲ ਹੈ। ਉਹਨੂੰ ਸਦਾਰਤੀ ਪੁਰਸਕਾਰਾਂ ਦੀ ਪ੍ਰਵਾਹ ਨਹੀਂ ਪਰ ਇਸ ਗੱਲ ਦਾ ਫ਼ਿਕਰ ਹੈ, ਪਈ ਲੋਕਾਂ ਨੂੰ ਭੋਲੇ ਭਾ ਮਰਨ ਤੋਂ ਬਚਾਉਣਾ ਕਿਵੇਂ ਹੈ?

ਇਸੇ ਕਾਰਨ ਉਹ 'ਬਾਬਾ' ਬਣ ਗਿਆ ਹੈ। ਉਸ ਨੂੰ ਪਤਾ ਪੰਜਾਬੀ ਲੋਕ ਆਪਣੇ ਬਾਬਿਆਂ ਦੀ ਗੱਲ ਪਹਿਲਾਂ ਸੁਣਦੇ ਹਨ। ਅੱਜ ਤਾਂ ਕਰਾਚੀ ਵਾਸੀ ਵੀ ਉਹਦੀ ਗੱਲ ਜ਼ਰੂਰ ਸੁਣਦੇ ਨੇ। ਉਹ ਜਿੱਥੇ ਜਾਂਦਾ ਮੁਸ਼ਹਿਰਾ ਲੁੱਟ ਲਿਆਉਂਦਾ ਹੈ। ਹਰ ਕਿਸੇ ਦੇ ਦਿਲ ਨੂੰ ਉਸਦੇ ਦਿਲ ਦੀ ਗੱਲ ਲੱਗਦੀ। ਇਹ ਵੱਖਰੀ ਗੱਲ ਹੈ ਕਿ ਇਸ ਕਬੀਲੇ ਦੇ ਸ਼ਾਇਰ ਦੇ ਹਿੱਸੇ ਖੁਸ਼ੀ ਦੇ ਗੀਤ ਇਸ਼ਕ ਦੀ ਗ਼ਜ਼ਲ ਨਹੀਂ ਆਉਂਦੀ ਹੁੰਦੀ। ਖੁਸ਼ੀ ਕਾਹਦੀ? ਗਲੀਆਂ ਤੇ ਮਸੀਤਾਂ ਲਹੂ ਨਾਲ ਰੰਗੀਆਂ। ਹਰ ਬੰਦਾ ਭੈਅ ਨਾਲ ਕੰਬਦਾ ਤੇ ਮੁਹੱਬਤ ਥਈਆ ਇਸ਼ਕ? ਕਿਸ ਦੇ ਨਾਲ? ਹੀਰ ਦੀ ਚੁੰਨੀ ਲੀਰਾਂ ਲੀਰਾਂ। ਸੱਸੀ ਦਾ ਚੋਲਾ ਪਾਟਾ। ਇੱਜ਼ਤਾਂ ਸਕਾਫਤਾਂ (ਸਭਿਆਚਾਰ) ਖ਼ਤਰੇ ਵਿਚ। ਇਸ਼ਕ ਦਾ ਨਗਮਾ। ਵੱਡ ਕਸਾਈ ਦੀ ਦੁਕਾਨ ਤੇ ਜਾ ਕੇ ਦਿਲ ਲੱਭਣ ਦਾ ਮਾਮਲਾ ਏ। ਇਹ ਮਾਮਲਾ ਕੋਈ ਬੇਫ਼ਿਕਰ ਕਰ ਸਕਦਾ ਹੋਵੇ ਤਾਂ ਕਰੇ। ਬਾਬਾ ਨਜ਼ਮੀਂ ਸ਼ਊਰ (ਸੂਝ ਦੀ) ਲੜਾਈ ਲੜਨ ਵਿਚ ਲੱਗਾ ਹੋਇਆ ਹੈ। ਲੱਗਦਾ ਉਹਦਾ ਸਮਾਜ ਗੁਨਾਹੀਂ ਭਰਿਆ ਸਮਾਜ ਏ। ਏਥੇ ਅਮਨ, ਮੁਹੱਬਤ ਦੀ ਖੁਸ਼ਬੂ ਦੇਣ ਵਾਲੇ ਫੁੱਲ ਸੜ ਕੇ ਸਵਾਹ ਹੋ ਚੁੱਕੇ ਹਨ। ਜ਼ਮੀਨ ਗੁਲਾਮ ਏ। ਮਨਾਫਕਤ ਦੀ ਸ਼ਾਇਰੀ ਕਿਸ ਕੰਮ। ਸੱਚੀ ਗੱਲ ਇਹੋ ਪਈ ਉਹ ਲੜਦਾ ਇਸ਼ਕ ਅਮਨ ਦੀ ਖੁਸ਼ਬੂ ਵਾਲੇ ਫੁੱਲਾਂ ਲਈ ਪਿਆ ਏ। ਪਰ ਜ਼ਮੀਨ ਦੀ ਆਜ਼ਾਦੀ ਬਿਨਾਂ ਫੁੱਲਾਂ ਦੀ ਕਾਸ਼ਤ ਕਿਸ ਤਰ੍ਹਾਂ ਹੋ ਸਕਦੀ ਏ?

ਬਾਬਾ ਨਜ਼ਮੀਂ ਆਪਣੀ ਸੋਝੀ ਤੇ ਸੂਝਵਾਨੀ ਪਾਰੋਂ ਬਹੁਤ ਕੁਝ ਜਾਣਦਾ ਸਮਝਦਾ ਏ। ਪੱਕੀ ਗੱਲ ਏ ਬਹੁਤ ਕੁਝ ਜਾਨਣ ਵਾਲਾ ਸੌਖਾ ਨਹੀਂ ਵੱਸਦਾ। ਪਰ ਉਹ ਭੋਲੇ ਭਾ ਮਾਰਿਆ ਵੀ ਨਹੀਂ ਜਾਂਦਾ। ਫਿਰ ਅਜਿਹਾ ਬੰਦਾ ਜੋ ਥੱਲੜੇ ਤਬਕੇ ਚੋਂ ਉੱਠਿਆ ਹੋਵੇ, ਪੂਰਾ ਸੂਝਵਾਨ ਹੋਵੇ, ਉਹਦ ਪੈਰਾਂ ਥੱਲੇ ਕੰਡੇ ਨਹੀਂ ਤਾਂ ਅੰਗਾਰੇ ਜ਼ਰੂਰ ਹੋਣਗੇ। ਇਸੇ ਕਰਕੇ ਉਹਦੀ ਸ਼ਾਇਰੀ ਕਮਗਰੇ ਦਾ ਫਲ ਬਣ ਜਾਂਦੀ ਏ। ਰੰਗ ਚੋਖਾ ਪਰ ਉਂਗਲਾਂ ਸੜ ਜਾਂਦੀਆਂ ਨੇ।

ਆਫਰੀਨ (ਸ਼ਾਬਾਸ਼ੇ) ਇਸ ਸ਼ਾਇਰੀ ਨੂੰ ਤੇ ਸ਼ਾਇਰ ਨੂੰ। ਮਦੀਨੇ ਜਾ ਕੇ ਵੀ ਉਹਦੀ ਅੱਖ ਅਕੀਦਤ (ਸ਼ਰਧਾ) ਦੇ ਅੱਥਰੂਆਂ ਨਾਲ ਅੰਨ੍ਹੀ ਨਹੀਂ ਹੁੰਦੀ। ਸਗੋਂ ਤਜ਼ਾਦਾਂ (ਵਿਰੋਧਤਾਈਆਂ) ਨੂੰ ਵੇਖਣ ਲਈ ਬਿੱਟ-ਬਿੱਟ ਤੱਕਦੀ ਏ ਤੇ ਫੇਰ ਇੱਕ ਵੱਖਰੀ ਟਾਈਪ ਦੀ ਨਾਅਤ ਏ।

ਸ਼ੱਕਰ ਨਾਲੋਂ ਮਿੱਠੀ ਲੱਗੀ, ਮਿੱਟੀ ਤੇਰੀ ਧਰਤੀ ਦੀ?
ਸੂਲਾਂ ਵਾਂਗੂੰ ਚੁੱਭਿਆ ਮੈਨੂੰ ਚੌਂਕੀਦਾਰ ਮਦੀਨੇ ਦਾ।
ਸੱਭੇ ਸੋਚਾਂ, ਸੱਭੇ ਸਧਰਾਂ ਵੇਖ ਕੇ ਮਿੱਟੀ ਹੋਈਆਂ ਨੇ,
ਏਥੇ ਵੀ ਜ਼ਰਦਾਰਾਂ ਹੱਥ ਏ, ਕਾਰੋਬਾਰ ਮਦੀਨੇ ਦਾ।

ਗਰੀਬ ਅਮੀਰ ਦਾ ਫ਼ਰਕ ਲੋਹੇ ਵਰਗੀ ਗੱਲ ਏ। ਇਸ ਹਕੀਕਤ ਨੂੰ ਲੁਕਾਉਣ ਲਈ ਮਜ਼ਬੀ ਪਰਦੇ, ਨਾ ਸਮਾਜੀ ਟਾਂਕੇ ਕੰਮ ਆਉਂਦੇ ਹਨ। ਹੁਣ ਤਾਂ ਉਹ ਵੇਲੇ ਵੀ ਦੂਰ ਨਿਕਲ ਚੁੱਕੇ ਨੇ, ਜਦੋਂ ਕੋਈ ਹਬਸ਼ੀ ਗੁਲਾਮ ਆਪਣੀ ਆਵਾਜ਼ ਦੀ ਤਾਕਤ ਨਾਲ ਮੈਂਬਰ ਤੇ ਚੜ੍ਹ ਸਕਦਾ ਸੀ, ਜਾਂ ਈਦ ਵਾਲੇ ਦਿਨ ਮਹਿਮੂਦੋ ਅਜਾਜ਼ ਇਕੋਂ ਸਫ਼ ਵਿਚ ਖਲੋ ਕੇ ਨਮਾਜ਼ ਪੜ੍ਹ



ਲੈਂਦੇ ਸਨ। ਨਹੀਂ ਅੱਜ ਨਹੀਂ। ਅੱਜ ਤਾਂ ਗਰੀਬੀ ਇੱਕ ਵੱਖਰੀ ਨਸਲ ਏ। ਵੱਖਰਾ ਤਬਕਾ, ਵੱਖਰੀ ਜ਼ਾਤ, ਵੱਖਰੀ ਮਜਬੂਰੀ ਬਣ ਚੁੱਕੀ ਏ। ਮਜ਼ਹਬੀ ਫ਼ਰਕ ਵੀ ਅੱਗ ਪਾਣੀ ਹੋ ਚੁੱਕੇ ਨੇ। ਇਕ ਸਾੜਦਾ ਏ, ਇੱਕ ਭਜਾਉਂਦਾ ਏ। ਇੱਕ ਪਾਸੇ ਰੋਟੀ ਦਾ ਟੁਕੜਾ, ਦੂਜੇ ਪਾਸੇ ਸੋਨੇ ਦਾ ਪਹਾੜ।

ਫਜਰ ਤੋਂ ਲੈਕੇ ਸ਼ਾਮਾਂ ਤੀਕਰ, ਟੁੱਕਰ ਪੂਰਾ ਹੋਂਦਾ ਨਹੀਂ,
ਬਾਬਾ ਨਜ਼ਮੀਂ ਕਿੰਝ ਖਰੀਦਾਂ, ਜਾਕੇ ਹਾਰ ਮਦੀਨੇ ਦਾ।

ਪੱਗ ਤਜ਼ਾਦਾਂ ਦੇ ਕੰਡੇ, ਬੇਇਨਸਾਫੀ ਦੇ ਦਫਤਰ.... ਇਹਨਾਂ ਕੋਲ ਮਹਿਲ-ਮਾੜੀਆਂ, ਦੂਜਿਆਂ ਕੋਲ ਘਰ-ਘਰੌਂਦੇ। ਪਰ ਬਹੁਤ ਸਾਰੇ ਲੱਖਾਂ ਦੀਆਂ ਕੁੱਲੀਆਂ ਥੱਲੇ ਬੈਠੇ ਸਾਫ਼ ਦਿਸਦੇ ਪਏ ਨੇ। ਕਿਸੇ ਅੱਖ ਨੂੰ ਸ਼ਰਮ ਨਹੀਂ, ਕਿਸੇ ਦੇ ਦਿਲ ਨੂੰ ਫ਼ਿਕਰ ਨਹੀਂ। ਪਰ ਸ਼ਾਇਰ ਵਾਸਤੇ ਬੜੀ ਮੁਸ਼ਕਿਲ ਏ।

ਅਸਾਂ ਤੇ ਬੂਹੇ ਢੋਅ ਲਏ ਆਪਣੇ ਵੇਖ ਕੇ ਆਲਾ ਮੌਸਮ ਦਾ,
ਜਿਹਨਾਂ ਦੇ ਘਰ ਕੱਖਾਂ ਦੇ ਨੇ, ਉਹ ਕੀ ਢੋਣਗੇ ਬਾਬਾ ਜੀ।

ਗੱਲ ਹੋਈ ਨਾ ਪੁੱਛਣ ਵਾਲੀ, ਸੋਚਣ ਵਾਲੀ, ਹੋਰ ਨਹੀਂ ਤਾਂ ਆਪਣਾ ਆਪ ਤਾਂ ਹੈਗਾ। ਇਸੇ ਕਰਕੇ ਤਾਂ ਉਸਨੇ ਆਪਣਾ ਤਖ਼ੱਲਸ 'ਬਾਬਾ' ਰੱਖ ਲਿਆ ਏ। ਇਸ ਤਰ੍ਹਾਂ ਕਰਕੇ ਉਹ ਪੁਰਾਣੇ ਬਾਬਿਆਂ ਨਾਲ ਜਾ ਰਲਦਾ ਏ। ਪਰ ਫਿਰ ਇੱਕ ਗੱਲ ਵੱਖਰੀ ਏ। ਨਜ਼ਮੀਂ ਦਾ ਕਲਾਮ ਨਵੇਂ ਦੌਰ ਦੇ ਸ਼ਾਇਰਾਂ ਦੀਆਂ ਜਰੂਰਤਾਂ ਦਾ ਖਜ਼ਾਨਾ ਏ। ਇਥੇ ਉਹ 'ਜਾਲਿਬ' ਦੇ ਨੇੜੇ ਚਲਾ ਜਾਂਦਾ ਏ। ਤਰੱਕੀ ਪਸੰਦ ਸੋਚ ਦੀ ਆਪਣੀ ਤਾਕਤ ਹੁੰਦੀ ਏ। ਪਰ ਸੱਭੇ ਕੁਝ ਇਕ ਜਿਹਾ ਨਹੀਂ ਹੁੰਦਾ। ਇੱਕ ਵੇਲਾ ਇੱਕ ਹਾਲਤ ਵੀ ਸਭੇ ਕੁਝ ਇਕੋ ਜਿਹਾ ਪੈਦਾ ਨਹੀਂ ਕਰਦੀ। ਫਿਤਰਤ ਤਬਦੀਲੀ ਮੰਗਦੀ ਵੀ ਏ। ਤਬਦੀਲੀ ਨੂੰ ਮੰਨਦੀ ਵੀ ਏ। ਆਦਮੀ ਦਾ ਆਪਣਾ ਉਸਾਰਿਆ ਸਮਾਜ ਵੀ ਇਸੇ ਅਸੂਲ ਦੀ ਮੰਗ ਕਰਦਾ ਏ। ਪਰ ਇਸ ਸਮਾਜ ਦੇ ਪਿਛਾਂਹ-ਖਿਚੂ ਤਬਕੇ, ਤਬਦੀਲੀ ਅੱਗੇ ਹਿੱਕ ਡਾਹ ਕੇ ਰੋਕ ਲਾਉਣ ਦਾ ਚਾਰਾ ਕਰਦੇ ਹਨ। ਨਤੀਜਾ ਸਭ ਕੁਝ ਗੁਲਸ਼ਨ ਦਾ ਸੜਨ ਲੱਗ ਜਾਂਦਾ ਏ। ਇਨਕਲਾਬ ਸਮਾਜ ਦੀ ਲੋੜ ਵੀ ਏ ਤੇ ਮੰਨਸ਼ਾ ਵੀ। ਸੋ ਬਾਬਾ ਨਜ਼ਮੀਂ ਉਡੀਕ ਰਿਹਾ ਏ। ਅਸੀਂ ਸਾਰੇ ਉਡੀਕ ਰਹੇ ਹਾਂ।

ਇਸ ਧਰਤੀ ਦਾ ਨਕਸ਼ਾ ਬਦਲਣ ਵਾਲਾ ਏ,
ਦਰਿਆ ਆਪਣਾ ਰਸਤਾ ਬਦਲਣ ਵਾਲਾ ਏ।

ਪਰ ਇਸ ਦੇਸ਼ ਦੇ ਬੁਜ਼ਦਿਲ ਆਗੂ? ਉਹਨਾਂ ਦੀ ਸੋਚ ਤਾਂ ਕੁਝ ਹੋਰ ਹੀ ਏ। ਉਹ ਲੋਕਾਂ ਨਾਲ, ਨਾ ਫਿਤਰਤ ਨਾਲ

ਮੈਂ ਕਹਿਨਾ ਵਾਂ ਇਹਦੀ ਨੀਂਹ ਮਜ਼ਬੂਤ ਕਰੋ,
ਆਗੂ ਕਹਿੰਦੇ ਮੱਥਾ ਬਦਲਣ ਵਾਲਾ ਏ।
ਬੁਜ਼ਦਿਲ ਨੇ ਉਹ 'ਬਾਬਾ' ਜਿਹੜੇ ਕਹਿੰਦੇ ਨੇ,
ਤਕਦੀਰਾਂ ਨੂੰ ਅੱਲਾ ਬਦਲਣ ਵਾਲਾ ਏ।

ਸ਼ਾਇਰ ਉਸ ਸੂਰਜ ਦੀ ਆਸ ਲਾਉਂਦਾ ਏ, ਜਿਸਦੀ ਗਰਮੀ ਨਾਲ ਮਾੜੇ ਧੀੜੇ ਦੀ ਸੀਤ ਲੱਥ ਜਾਵੇਗੀ। ਆਪਣੇ ਤਬਕੇ ਦੇ ਨਾਲ ਸ਼ਾਇਰ ਆਪਣੇ ਅਸਲੇ ਦੀ ਪਛਾਣ ਵੀ

ਰੱਖਦਾ। ਪੰਜਾਬੀ ਅਸਲਾ, ਕਮਾਊ, ਅਣਖੀ, ਮਿਹਨਤੀ ਲੋਕੀਂ। ਜੱਦੋ-ਜਹਿਦ ਵਾਲੀ ਰਾਹ ਤੇ, ਭਾਰੀ ਕੁਰਬਾਨੀ ਦੇਣ ਵਾਲੇ, ਵੱਡੇ-ਵੱਡੇ ਦੁੱਖ, ਚੁੱਪ-ਚੁਪੀਤੇ ਸਹਿ ਜਾਣ ਵਾਲੇ, ਜਿਹਨਾਂ ਬਾਰੇ ਇੱਕ ਜਾਨਦਾਰ ਸ਼ਾਇਰ ਨਿਹਮਤ ਅਹਿਮਦ ਨੇ ਕਿਹਾ ਸੀ

ਅਣਖ ਦੀ ਚਿਣਗ ਚਵਾਤੀ
ਸਾਡੇ ਅਸਲੇ ਦੀ ਖੁਸ਼ਬੋ।

ਬਾਬਾ ਨਜ਼ਮੀਂ ਕਹਿੰਦਾ,
ਭਗਤ ਸਿੰਘ ਤੇ ਦੁੱਲਾ ਜਬਰੂ
ਮੇਰਾ ਲਹੂ
ਕਿੰਝ ਖਲੋਵਾਂ ਗਜ਼ਨੀ ਤੇ ਤੈਮੂਰੀ ਨਾਲ

ਇਸੇ ਤਰ੍ਹਾਂ ਲਿਖੇ ਅੱਖਰਾਂ ਦੀ ਜ਼ੁਬਾਨ ਏ, ਸੱਚ ਨਾਲ ਸੱਤ। ਬੁੱਲ੍ਹੇ ਦਾ ਕਬੀਲਾ ਵੱਖਰਾ। ਉਸ ਕਬੀਲੇ ਦਾ ਬੰਦਾ ਦੂਜਿਆਂ ਨਾਲੋਂ ਵੱਖਰਾ। ਵੱਖਰੀ ਟਾਈਪ ਦਾ। ਦਰਬਾਰਾਂ ਨਾਲ ਸੰਗਤ ਨਹੀਂ ਕਰਦਾ। ਇਹ ਗੱਲ ਫੱਬਦੀ ਵੀ ਨਹੀਂ। ਉਹ ਜਿਹੜੇ ਮਨਜ਼ੂਰੀਆਂ ਨਾਲ ਲਿਖਦੇ ਨੇ, ਇੰਝ ਤਬਕਾਤੀ (ਸ਼੍ਰੇਣਕ) ਦਸਤੂਰਾਂ ਦੀ ਗੱਲ ਹੋਰ ਏ,

ਮੇਰੇ ਨਾਲੋਂ ਕੁਹਜਾ ਪੁੱਤਰ ਲੰਬੜਾਂ ਦਾ,
ਧਰਤੀ ਉੱਤੇ ਫਿਰਦਾ ਏ ਮਗਰੂਰੀ ਨਾਲ।

ਲੋਕਾਈ ਦੇ ਸ਼ਾਇਰ ਦਾ ਆਖਿਆ ਆਪਣਾ ਹੀ ਹੁੰਦਾ
ਨਜ਼ਮੀਂ ਦੀ ਇਕ ਨਜ਼ਮ ਵਰਗੀ ਗ਼ਜ਼ਲ ਹੈ, ਕੰਧਾਂ ਰੇਤ ਦੀਆਂ।

ਪੁਰਾਣੇ ਅਤੇ ਨਖਿੱਦ ਸਮਾਜ ਦੀਆਂ ਭੁਰਦੀਆਂ ਢਹਿੰਦੀਆਂ ਕੰਧਾਂ ਅਜੇ ਵੀ ਨਵੇਂ ਇਨਸਾਨ ਨੂੰ ਪੁਰਾਣੀ ਜ਼ਿੰਦਗੀ ਵਿਚ ਘੇਰਾ ਪਾਈ ਖੜ੍ਹੀਆਂ ਨੇ। ਕੰਧਾਂ ਭੁਰਦੀਆਂ ਨੇ, ਪਰ ਢਹਿੰਦੀਆਂ ਨਹੀਂ। ਇਹੋ ਕੰਧਾਂ ਮਨੁੱਖ ਦਾ ਜੀਵਨ ਭੋਰਾ-ਭੋਰਾ ਕਰਕੇ ਭੋਰੀ ਜਾਂਦੀਆਂ ਨੇ। ਪਰ ਕੋਈ ਅਜਿਹਾ ਸੂਰਮਾ ਨਹੀਂ ਜੰਮਦਾ, ਜੋ ਇੱਕ ਧੱਕਾ ਮਾਰੇ ਢਹਿੰਦੀਆਂ ਕੰਧਾਂ ਢਾਹ ਕੇ ਨਵੀਂ ਨੀਂਹ ਉਸਾਰੇ।

ਮੇਰੇ ਆਲੇ ਦੁਆਲੇ ਕੰਧਾਂ ਰੇਤ ਦੀਆਂ
ਇੰਝ ਨਾ ਲੱਗਣ ਪਾਲੇ, ਕੰਧਾਂ ਰੇਤ ਦੀਆਂ।
ਮੀਂਹ ਵੀ, ਨਾਲ ਹਨ੍ਹੇਰੀ, ਦੀਵੇ ਰੱਖਣ ਲਈ
ਕਿੰਝ ਬਣਾਵਾਂ ਆਲੇ, ਕੰਧਾਂ ਰੇਤ ਦੀਆਂ।
ਮੋਘੇ ਦਾ ਮੂੰਹ ਖੁੱਲ੍ਹਾ ਕੀਤਾ ਦੁਸ਼ਮਣ ਨੇ,
ਕਰ ਗਏ ਯਾਰ ਹਵਾਲੇ, ਕੰਧਾਂ ਰੇਤ ਦੀਆਂ।

ਮੈਂ ਆਖਿਆ ਹੈ ਕਿ ਬਾਬਾ ਨਜ਼ਮੀਂ ਲੋਕਾਂ ਦੇ ਦਿਲ ਦੀ ਗੱਲ ਬੁੱਝ ਲੈਂਦਾ ਏ ਤੇ ਪਲ-ਪਲ ਨੂੰ ਆਪਣੇ ਬਿਆਜ਼ ਉੱਤੇ ਰਿਕਾਰਡ ਕਰਦਾ ਹੈ। ਬਾਬਰੀ ਮਸਜਿਦ ਢਾਹੀ ਜਾਂਦੀ ਏ ਭਾਰਤ ਵਿਚ। ਪਾਕਿਸਤਾਨ ਵਾਲੇ ਆਪਣਾ ਆਪ ਢਾਹੁਣ ਵਿਚ ਜੁੱਟ ਜਾਂਦੇ ਨੇ। ਅਸੀਂ ਸਾਰੇ



ਜੋ ਇਨਸਾਨੀ ਨੁਕਤਾ ਨਜ਼ਰ ਨਾਲ ਨਿੰਦਿਆ ਕਰ ਸਕਦੇ ਸੀ। ਇਕੋ ਜਿਹੀ ਵਹਿਸ਼ਤ ਦੋਵੀਂ ਪਾਸੀਂ ਵੇਖਦੇ ਹਾਂ। ਪਾਕਿਸਤਾਨ ਵਾਲਿਆਂ ਨੇ ਤਾਂ ਹੱਦ ਕਰ ਛੱਡੀ। ਆਪੇ ਆਪਣੀ ਤਵਾਰੀਖ ਢਾਹ ਛੱਡੀ। ਲਾਹੌਰ ਤੋਂ ਕਰਾਚੀ ਤੋੜੀ, ਪਿਸ਼ਾਵਰ ਤੋਂ ਲੈ ਕੇ ਬਲੋਚਿਸਤਾਨ ਤੋੜੀ ਸਾਰੇ ਮੰਦਿਰ ਢਾਹ ਦਿੱਤੇ ਤੇ ਸ਼ਿਵਾਲੇ, ਗੁਰਦੁਆਰੇ ਮੁਕਾ ਛੱਡੇ। ਤਾਰੀਖ ਦੇ ਨਕਸ਼, ਤਹਿਜ਼ੀਬ ਦੀਆਂ ਨਿਸ਼ਾਨੀਆਂ, ਕਲਾ ਦੇ ਨਮੂਨੇ ਚੁੱਕ ਬਰਬਾਦ ਕੀਤੇ। ਅਜਿਹੇ ਵੇਲੇ ਇਨਸਾਨੀਅਤ ਨੂੰ ਪਿਆਰ ਕਰਨ ਵਾਲਾ ਸ਼ਾਇਰ ਕੀ ਕਰੇ, ਆਪਣੇ ਆਪ ਨੂੰ ਬਦ-ਦੁਆ ਦੇਵੇ। ਰੱਬਾ! ਰੱਬਾ! ਦੁਹਾਈ ਰੱਬਾ! ਮੈਂ ਵੇਖ ਨਹੀਂ ਸਕਦਾ, ਸੁਣ ਨਹੀਂ ਸਕਦਾ।

ਰੱਬਾ ਮੈਨੂੰ ਗੂੰਗਾ ਕਰਦੇ,
ਰੱਬਾ ਮੈਨੂੰ ਅੰਨ੍ਹਾ ਕਰਦੇ।
ਰੱਬਾ ਮੈਨੂੰ ਡੋਰਾ ਕਰਦੇ,
ਨਾਮ-ਨਿਹਾਦ ਇਹ ਬੰਦੇ ਤੇਰੇ
ਜੋ ਜੋ ਰੰਗ ਵਿਖਾਉਂਦੇ ਪਏ ਨੇ
ਅੱਖਾਂ ਦੇ ਨਾਲ ਤੱਕ ਨਹੀਂ ਸਕਦਾ
ਕੰਨਾਂ ਦੇ ਨਾਲ ਸੁਣ ਨਹੀਂ ਸਕਦਾ।
ਆਪਣੇ ਮੂੰਹ 'ਚੋਂ ਕਹਿ ਨਹੀਂ ਸਕਦਾ।

ਅੱਜਕੱਲ ਵੱਡਾ ਮਸਲਾ ਮਹਿੰਗਾਈ ਹੈ। ਗਰੀਬੀ, ਬੇਰੁਜ਼ਗਾਰੀ ਦੇ ਨਾਲ-ਨਾਲ ਜ਼ਰੂਰਤ ਦੀਆਂ ਸ਼ੈਆਂ ਮਹਿੰਗੀਆਂ ਹੋ ਰਹੀਆਂ ਨੇ। ਲੋਕਾਂ ਦੀ ਖਰੀਦ-ਸ਼ਕਤੀ ਘੱਟ ਰਹੀ ਏ। ਖਲਕਤ ਦੁਖੀ ਏ। ਬਾਲ ਬੱਚੇ ਭੁੱਖੇ ਮਰਦੇ ਪਏ ਨੇ। ਬੇਨਜ਼ੀਰ ਹਕੂਮਤ ਆਸ ਨਾਲ ਆਉਂਦੀ ਏ, ਨਿਰਾਸ਼ ਕਰਕੇ ਜਾਂਦੀ ਏ। ਗੱਲ ਸ਼ਾਇਰੀ ਦੀ ਨਹੀਂ, ਆਰਥਿਕਤਾ ਦੀ ਹੈ। ਪਰ ਜੇ ਸ਼ਾਇਰ ਆਮ ਲੋਕਾਂ ਵਿਚ ਹੋਵੇ, ਮਹਿੰਗਾਈ ਦੇ ਮਸਲੇ ਨੂੰ ਤੀਰ ਵਾਂਗ ਸਾਹਮਣੇ ਤੋਂ ਸੀਨੇ ਤੇ ਜਰਦਾ ਹੋਵੇ ਤਾਂ ਫੁੱਲਾਂ ਤੇ ਬੁਲਬੁਲ ਦੀਆਂ ਗੱਲਾਂ ਕਿੱਥੋਂ ਕਰੇ। ਉਹਨੂੰ ਗੁਲਾਬ ਕਿਥੋਂ ਮਿਲਣ? ਖੁਸ਼ਬੋ ਸੁੰਘ ਕੇ ਗੁਜ਼ਾਰਾ ਕਿੰਝ ਕਰੇ? ਭੁੱਖਾ ਨੰਗਾ ਬੱਚਾ ਜੇ ਕਿਸੇ ਲੇਖਕ ਦਾ ਦਿਲ ਦਰਦ ਨਾਲ ਨਹੀਂ ਭਰ ਦਿੰਦਾ ਤਾਂ ਉਹ ਸ਼ਾਇਰ ਨਹੀਂ, ਵਪਾਰੀ ਹੋ ਸਕਦਾ ਏ। ਲੱਖਾਂ ਭੁੱਖੇ ਬੱਚੇ ਸ਼ਾਇਰ ਦੀ ਆਵਾਜ਼ ਨੂੰ ਮੁਜ਼ਾਹਮਤੀ (ਵਿਰੋਧ) ਤਾਕਤ ਨਾਲ ਭਰ ਛੱਡਦੇ ਨੇ। ਜੇ ਕਿਸੇ ਸ਼ਾਇਰ ਨੂੰ ਸ਼ਰਮ ਨਾ ਆਵੇ, ਉਹ ਖੰਡ ਦੇ ਖਿਡੌਣੇ ਬਣਾਈ ਜਾਵੇ ਤਾਂ ਦਾਮਨ ਦੇ ਕਹਿਣ ਅਨੁਸਾਰ, 'ਉਹਦਾ ਫਿੱਟੇ ਮੂੰਹ'

ਬਾਬਾ ਨਜ਼ਮੀਂ ਤੁੱਕ ਬੰਦੀ ਨਹੀਂ, ਖੰਡ ਦੇ ਖਿਡੌਣੇ ਵੀ ਨਹੀਂ ਬਣਾਉਂਦਾ, ਨਾ ਕਾਠ ਦੀਆਂ ਬੁਲਬੁਲਾਂ, ਚਿੜੀਆਂ ਵੇਚਦਾ ਫਿਰਦਾ ਏ। ਉਹਦੇ ਕੋਲ ਅਸਲੀ ਮਾਲ ਹੁੰਦਾ। ਸਟੇਜ ਤੇ ਆ ਕੇ ਮੁਸ਼ਹਿਰਾ ਲੁੱਟ ਲੈਂਦਾ। ਫੇਰ ਵੀ ਉਦਾਸ ਰਹਿੰਦਾ। ਜ਼ਿੰਦਗੀ ਇਸੇ ਹੀ ਤਰ੍ਹਾਂ ਦੀ ਹੁੰਦੀ ਹੈ। ਇਸੇ ਤਰ੍ਹਾਂ ਬੀਤ ਜਾਂਦੀ ਏ ਤੇ ਹਰਖ ਨਾ ਹੁੰਦਾ।

ਪਰ ਇਥੇ ਜ਼ਿੰਦਗੀ ਵਰ੍ਹਦੀਆਂ ਗੋਲੀਆਂ ਤੇ ਬੰਬ-ਧਮਾਕਿਆਂ ਵਿਚਕਾਰ, ਭੁੱਖੀ-ਤਿਹਾਈ, ਧੋਖੇ ਫਰੇਬ ਦੀ ਮਾਰੀ, ਅੱਖਾਂ ਉੱਤੇ ਹੱਥ ਰੱਖੀ ਲਹਿਰਾਂ ਮਾਰ ਰਹੀ ਏ। ਇਥੇ ਸ਼ਾਇਰ ਸਿਆਸੀ ਹਾਹਾਕਾਰ ਬਿਨਾਂ ਰਹਿ ਨਹੀਂ ਸਕਦਾ। ਇਸੇ ਕਰਕੇ ਇਥੇ ਇਕ ਮਜ਼ਾਮਤੀ ਕਬੀਲਾ

ਬਣ ਗਿਆ ਹੋਇਆ ਹੈ, ਜਿਸਦੀ ਰੀਤ ਸਾਡੇ ਪੰਜਾਬ ਵਿਚ ਚੱਲੇ ਬੁੱਲ੍ਹੇ ਸ਼ਾਹ ਦੀ ਕਾਫ਼ੀ ਤੋੜੀ ਵੀ, ਪਿੱਛੇ ਕਿਤੇ ਵਾਰਾਂ ਤੋਂ ਚਲੀ ਆਉਂਦੀ ਏ। ਇਨਸਾਨ ਦੇ ਖਿਲਾਫ਼ ਨਵੀਂ ਸੋਚ ਹੋਰ ਨਵੀਂ ਨਸਲ ਦੇ ਖਿਲਾਫ਼ ਆਜ਼ਾਦੀ ਦੇ ਖਿਲਾਫ਼, ਹੁਸਨ ਇਸ਼ਕ ਦੇ ਖਿਲਾਫ਼ ਕੋਹੜਿਆ ਦਾ ਏਕਾ, ਧਾੜਵੀਆਂ ਦਾ ਧਾੜਾ ਹੁੰਦਾ ਰਿਹਾ। ਮਜ਼ਾਹਮਤ ਵੀ ਕਦੇ ਘੱਟ ਨਹੀਂ ਰਹੀ। ਇਸੇ ਮੋਰਚੇ ਦਾ ਆਗੂ ਸਦਾ ਹੀ ਸ਼ਾਇਰ ਰਿਹਾ ਏ। ਹੀਰ ਦੀ ਚੀਕ ਤੋਂ ਲੈ ਕੇ ਰਾਂਝੇ ਦੀ ਪੁਕਾਰ ਤੋੜੀ ਸ਼ਾਇਰ ਦਾ ਕਲਮ ਰਿਕਾਰਡ ਕਰਦਾ। ਅੱਖਰਾਂ ਦਾ ਖੇਲ ਬਾਬਾ ਨਜ਼ਮੀਂ ਜਦੋਂ ਖੇਡਦਾ ਏ ਤਾਂ ਛਾਂਟੀ ਕਰ ਲੈਂਦਾ। ਸੱਜਣਾਂ ਵਾਸਤੇ ਉਹ ਅੱਖਰਾਂ ਦੇ ਫੁੱਲ ਬਣਾਉਂਦਾ, ਵੈਰੀਆਂ ਵਾਸਤੇ ਆਪਣੇ ਅੱਖਰਾਂ ਵਿਚੋਂ ਪੱਥਰ ਘੜ ਲੈਂਦਾ। ਫੁੱਲਾਂ ਪੱਥਰਾਂ ਦੀ ਸ਼ਾਇਰੀ ਅਸਲ ਵਿਚ ਮਜ਼ਾਹਮਤੀ ਸ਼ਾਇਰੀ ਦਾ ਈ ਨਾਂ ਏ। ਬਾਬਾ ਨਜ਼ਮੀਂ ਇਸ ਦੌਰ ਦਾ ਦੂਜਾ ਜਾਲਿਬ ਗਿਣਿਆ ਜਾਵੇਗਾ।

ਇਸੇ ਲਈ ਤੇ ਸ਼ਹਿਰ 'ਚ ਮੇਰਾ ਚਰਚਾ ਏ,
ਹੱਥ ਹਮੇਸ਼ਾ ਪਾਵਾਂ ਪੱਥਰ ਭਾਰੇ ਨੂੰ।

ਭਾਰੇ ਪੱਥਰ ਨੂੰ ਹੱਥ ਪਾਉਣ ਵਾਲਾ ਮਜ਼ਲੂਮ ਮਖਲੂਕ (ਜੰਤਾ) ਵੱਲ ਖਲੋ ਕੇ ਡਾਢੇ ਨਾਲ ਲੜਦਾ ਵੀ ਏ, ਉਹਦੇ ਹੱਕ ਦੀ ਹਮਾਇਤ ਵੀ ਕਰਦਾ ਹੈ। ਹੱਕ ਮਾਰਨ ਵਾਲੇ ਨੂੰ ਉਹ ਵੰਗਾਰਦਾ ਵੀ ਹੈ।

ਅਗਲੀ ਵਾਰ ਭੜੋਲੇ ਸੱਖਣੇ ਵੇਖੇਂਗਾ,
ਹੁਣ ਵੀ ਜੇ ਨਾ ਮਿਲਿਆ ਹੱਕ ਮੁਜ਼ਾਰੇ ਨੂੰ।

ਸਿਆਸੀ ਨਾਹਰੇ ਸ਼ਾਇਰੀ ਵਿਚ ਚੰਗੇ ਨਹੀਂ ਲੱਗਦੇ। ਪਰ ਸਿਆਸੀ ਰਮਜ਼ਾਂ ਵਾਹਵਾ ਮਜ਼ਾ ਦੇਂਦੀਆਂ ਹਨ। ਇਥੋਂ ਲੋਕਾਂ ਨਾਲ ਧ੍ਰੋਹ ਕਰਕੇ ਉਹਨਾਂ ਨੂੰ ਗੂੰਗੇ-ਬੋਲੇ ਬਣਾਕੇ ਰੱਖਿਆ ਜਾਂਦਾ ਏ। ਪਰ ਸ਼ਾਇਰ ਜਦੋਂ ਉਹਨਾਂ ਦੀ ਬੋਲੀ ਵਿਚ ਉਹਨਾਂ ਦੀ ਰਮਜ਼ ਵਿਚ ਗੱਲ ਕਰਦਾ ਏ ਤਾਂ ਬੜਾ ਚੰਗਾ ਲੱਗਦਾ। ਚੰਗੀ ਤਰ੍ਹਾਂ ਗੱਲ ਸਮਝ ਵੀ ਆਉਂਦੀ । ਗੂੰਗਾ ਕੀ, ਗੂੰਗੇ ਦੀ ਮਾਂ ਵੀ, ਇਸ ਤਰ੍ਹਾਂ ਦੀ ਸ਼ਾਇਰੀ ਉੱਤੇ ਵਾਹ-ਵਾਹ ਕਰਦੇ ਨੇ। ਇਹ ਸ਼ਾਇਰ ਆਪਣੀ ਸ਼ਾਇਰੀ ਵਿਚ ਫ਼ਿਕਰਾਂ ਦੀ ਗੱਲ ਕਰਦਾ ਹੈ। ਫ਼ਿਕਰ ਵਿਚੋਂ ਸਮਾਜ ਦੇ ਕੀਮੀਆਗਰ ਕੁਝ ਸਿੱਖ ਸਕਦੇ ਹਨ ਤੇ ਆਉਣ ਵਾਲ ਜ਼ਮਾਨਿਆਂ ਦਾ ਇਤਿਹਾਸਕਾਰ ਬੜਾ ਕੁਝ ਲੱਭ ਸਕਦਾ ਹੈ-

ਮੈਨੂੰ ਤੇ ਹਰ ਵੇਲੇ ਚਿੰਤਾ ਲੱਗੀ ਏ
ਕਿਸਰਾਂ ਸ਼ਹਿਦ ਬਣਾਵਾਂ ਪਾਣੀ ਖਾਰੇ ਨੂੰ

ਕਿੰਨੇ ਪਿੰਡ ਰੁੜ੍ਹੇ ਨੇ ਪਰਲੇ ਪਾਸੇ ਦੇ,
ਪੁਲ ਹੋਵੇ ਤਾਂ ਵੇਖਾਂ ਓਸ ਖਿਸਾਰੇ ਨੂੰ।

ਅੱਜ ਦੇ ਜ਼ਮਾਨੇ ਵਿਚ ਚੰਗਾ ਸ਼ਾਇਰ ਉਹ ਮੰਨਿਆ ਜਾਂਦਾ ਹੈ ਜੋ ਸਮਾਜ ਵਾਸਤੇ ਆਪਣ ਜ਼ਿੰਮੇਵਾਰੀ ਨੂੰ ਸਮਝਦਾ ਏ। ਉਹਦੀਆਂ ਖਰਾਬੀਆਂ ਨੂੰ ਦੂਰ ਕਰਨ ਦੇ ਯਤਨ ਕਰਦਾ ਜਾਂ ਕਰਨਾ ਚਾਹੁੰਦਾ ਏ। ਸੁਫਨੇ ਵੇਖਦਾ ਇੱਕ ਚੰਗੇਰੀ ਦੁਨੀਆਂ ਦੇ। ਜੇ ਕਿਤੇ ਕੋਈ ਤਹਿਰੀਕ



(ਅੰਦੋਲਨ) ਹੋਵੇ ਤਾਂ ਨਾਲ-ਨਾਲ ਆਪ ਵੀ ਟੁਰ ਪਵੇ। ਲੋੜ ਪਵੇ ਤਾਂ ਪਹਿਲੇ ਮੋਰਚੇ ਅੱਪੜ ਕੇ ਹਥਿਆਰ ਚੁੱਕ ਲਵੇ। ਤੀਸਰੀ ਦੁਨੀਆਂ ਵਿਚ ਇਸ ਤਰ੍ਹਾਂ ਸ਼ਾਇਰ ਸਿਆਸਤ ਪੂਰੀ ਬਿੜਕ ਰੱਖਦਾ ਏ। ਬੰਦੂਕ ਚੁੱਕ ਆਪਣੇ ਲੋਕਾਂ ਖ਼ਾਤਿਰ ਲੜਦਾ ਵੀ ਏ। ਜਾਨ ਵੀ ਦਿੰਦਾ। ਸਾਡੇ ਇਥੇ ਸ਼ਾਇਰ ਦੀ ਕਿਸਮਤ ਮਾੜੀ ਏ। ਉਹਨੂੰ ਬਹੁਤਾ ਕੁਝ ਕਰਨ ਨੂੰ ਮਿਲਦਾ ਨਹੀਂ। ਬੜੇ ਦਿਨਾਂ ਤੋਂ ਇਥੇ ਲੋਕਾਂ ਵਲੋਂ ਕੋਈ ਤਹਿਰੀਕ (ਲਹਿਰ) ਨਹੀਂ। ਜਾਗ੍ਰਿਤੀ ਘੱਟ ਗਈ ਏ। ਤਬਕਾਤੀ (ਸ਼੍ਰੇਣਕ) ਜੰਗ ਦੀ ਥਾਂ ਖਾਨਾਜੰਗੀ ਵੱਧ ਜਾਣ ਦਾ ਮਤਲਬ ਲੋਕਾਂ ਵਿਚ ਸ਼ਊਰ (ਸੂਝ) ਦੀ ਤਾਕਤ ਥੁੜਦੀ ਏ। ਦੁਸ਼ਮਣ ਬਹੁਤਾ ਚਲਾਕ ਹੋ ਚੁੱਕਾ। ਹੁਣ ਉਹ ਕਰੇ ਤਾਂ ਕੀ ਕਰੇ। ਲੋਕਾਂ ਦੇ ਮਨ ਦੀਆਂ ਗੱਲਾਂ ਕਰਦਾ ਕਦੇ-ਕਦੇ ਆਪਣੇ ਮਨ ਨਾਲ ਬਾਤਾਂ ਪਾਉਂਦਾ। ਹੋਰ ਚਾਰਾ ਵੀ ਕੋਈ ਨਹੀਂ। ਕਾਲੀ ਰਾਤ, ਧਰਤੀ ਉੱਤੇ ਜੁਗਨੂੰ ਨਾ ਜੋਤ। ਅਸਮਾਨੇ ਤਾਰਾ ਕੋਈ ਨਹੀਂ। ਮਨ ਵਿਚਾਰਾ ਕੀ ਕਰੇ। ਫਿਰ ਵੀ ਕਿਸੇ ਕੀਮੀਆਹਾਰੀ (ਰਸਾਇਣ ਵਿਗਿਆਨੀ) ਦੀ ਸਲਾਹ ਤਾਂ ਦੇ ਈ ਸਕਦਾ। ਖਾਰੇ ਪਾਣੀ ਨੂੰ ਸ਼ਹਿਦ ਬਣਾ ਛੱਡੇ ਤਾਂ ਬਸਤੀ ਦੇ ਲੋਕਾਂ ਦੀ ਤਰੇਹ ਲੱਥ ਜਾਵੇਗੀ।

ਬਾਬਾ ਨਜ਼ਮੀਂ ਆਪਣੇ ਮੁਲਕ ਦੇ ਹਾਕਮਾਂ ਦੇ ਵਤੀਰੇ ਨਾਲ ਰਾਜ਼ੀ ਨਹੀਂ। ਇਸੇ ਤਰ੍ਹਾਂ ਲੋਕਾਂ ਵਿਚ ਨਫਸਾ ਨਫਸੀ (ਇੱਛਾਵਾਂ) ਵੇਖਦਾ। ਕੱਲ੍ਹ ਦੀ ਫ਼ਿਕਰ ਕਿਸੇ ਨੂੰ ਨਹੀਂ। ਰਸਤਾ ਮੰਜ਼ਿਲ ਕਿਸੇ ਨੂੰ ਯਾਦ ਨਹੀਂ। ਵੇਲੇ ਦੀ ਅੱਖ ਦਾ ਇਸ਼ਾਰਾ ਵੇਖਕੇ ਕੋਈ ਨਾਲ ਰਲਦਾ ਏ ਨਾ ਟੁਰਦਾ ਏ, ਕੰਧ ਤੇ ਲਿਖੇ ਨੂੰ ਪੜ੍ਹਨ ਦੀ ਥਾਂ ਕਿਸੇ ਦੀ ਤਕਦੀਰ ਨੂੰ ਹੱਥਕੜੀ ਲਾਈ ਫਿਰਦੇ ਨੇ।

ਚੌਂਕਾਂ ਦੇ ਵਿਚ ਮੱਥੇ ਭਿੜਦੇ ਉਹਨਾਂ ਦੇ,
ਜਿਹੜੇ ਲੋਕ ਨਹੀਂ ਤੱਕਦੇ, ਲਾਲ ਇਸ਼ਾਰੇ ਨੂੰ।

ਫਿਰ ਉਦੋਂ ਸਮਾਜ ਦੀਆਂ ਵਿਰੋਧਤਾਈਆਂ ਪੈਰ-ਪੈਰ ਤੇ ਅਤੇ ਪਲ-ਪਲ ਸਾਹਮਣੇ ਆਉਂਦੀਆਂ ਨੇ। ਇੱਕ ਹੱਸਾਸ (ਸੰਵੇਦਨਸ਼ੀਲ) ਸ਼ਾਇਰ ਲਈ ਅਜ਼ਾਬ (ਦੁੱਖ) ਬਣ ਜਾਂਦੇ ਹਨ।

ਉਹਨਾਂ ਦਾ ਵੀ ਤੂਈਓਂ ਰੱਬ ਏਂ, ਇਹਦਾ ਅੱਜ ਜਵਾਬ ਤਾਂ ਦੇ
ਈਦਾਂ ਵਾਲੇ ਦਿਨ ਵੀ ਜਿਹੜੇ, ਕਰਨ ਦਿਹਾੜੀ ਜਾਂਦੇ ਨੇ।

ਜਿਹਨਾਂ ਦੇ ਗਲ ਲੀਰਾਂ ਪਈਆਂ, ਉਹਨਾਂ ਵੱਲ ਤੱਕਦੇ ਨਹੀਂ,
ਕਬਰਾਂ ਉੱਤੇ ਤਿੱਲੇ ਜੜੀਆਂ ਚੱਦਰਾਂ ਚਾੜ੍ਹੀ ਜਾਂਦੇ ਨੇ।

ਇਸ ਵੱਡੇ ਤਜਾਦ (ਟਕਰਾ) ਵਾਲੇ ਸਮਾਜ ਵਿਚ ਉਹਦਾ ਆਪਣਾ ਕਿਰਦਾਰ ਵੀ ਇੱਕ ਇਕਾਈ ਨਹੀਂ ਰਹਿ ਜਾਂਦਾ। ਆਪਣੇ ਆਪ ਨੂੰ ਟੁੱਟੇ ਹੋਣ ਤੋਂ ਬਚਾਉਣ ਲਈ ਉਸਨੂੰ ਫ਼ਰਕ ਕਰਨਾ ਪੈਂਦਾ ਏ। ਇੱਕ ਪਾਸੇ ਉਹੋ ਸ਼ਾਇਰੀ ਹੀਰ ਦੇ ਹੁਸਨ ਦੀ ਖ਼ੈਰ ਮਨਾਉਂਦੀ ਏ। ਦੂਜੇ ਪਾਸੇ ਕੈਦੋਂ ਵਰਗੇ ਚੋਰਾਂ ਨੂੰ ਮਾਰ ਮੁਕਾਉਣਾ ਚਾਹੁੰਦੀ ਏ। ਕਦੇ-ਕਦੇ ਆਪਣੇ ਨੂੰ ਬਚਾਉਣ ਲਈ ਗ਼ੈਰ ਨੂੰ ਮਾਰਨਾ ਜ਼ਰੂਰੀ ਹੁੰਦੈ। ਸੋਈ ਸਾਡਾ ਬਾਬਾ ਆਪਣੇ ਹੰਸਾਂ, ਮੋਰਾਂ, ਕੋਇਲਾਂ ਤੇ ਮਮੋਲੀਆਂ ਲਈ ਸ਼ਹਿਦ ਮਿੱਠੇ ਫੁੱਲ, ਮੁਲਾਇਮ ਅੱਖਰ ਇਕੱਠੇ ਕਰਦਾ ਏ। ਅੱਖਰ

ਜੋ ਬੋਲਦੇ ਗਾਉਂਦੇ ਸ਼ਿਅਰ, ਕਹਿੰਦੇ ਦਿਲ ਰਾਜ਼ੀ ਰੱਖਦੇ ਨੇ। ਪਰ ਜਿੱਥੇ ਕਿਤੇ ਇੱਲਾਂ, ਗਿਰਝਾਂ ਭਰੀਆਂ ਦੀ ਬਸਤੀ ਹੋਵੇ, ਉਹ ਪੱਥਰ ਇਕੱਠੇ ਕਰਦਾ ਹੈ। ਖ਼ੈਰ ਤੇ ਖ਼ੂਬਸੂਰਤੀ ਨੂੰ ਗੀਤ ਸੁਣਾਉਂਦਾ, ਬਦੀ ਤੇ ਬਦਸੂਰਤੀ ਨੂੰ ਪੱਥਰ ਮਾਰਦਾ ਬਾਬਾ ਨਜ਼ਮੀਂ ਅਸਲ ਨਸਲ ਪੰਜਾਬੀ ਸ਼ਾਇਰ ਏ। ਹਸਬ ਨਸਬ ਤੋਂ ਸਾਈਂ ਲੋਕ। ਉਹਦੀ ਸ਼ਾਇਰੀ ਦਾ ਇੱਕ ਲਫਜ਼ ਵੀ ਬਨਾਉਟੀ ਨਹੀਂ। ਉਹਦਾ ਤਬਕਾ ਵੀ ਬਾਂਝ ਤਬਕਾ ਨਹੀਂ। ਸਗੋਂ ਪੈਦਾਵਾਰੀ ਤਬਕਾ ਏ। ਇਸੇ ਕਰਕੇ ਉਹ ਅਜਿਹੇ ਸ਼ਿਅਰ ਕਹਿ ਸਕਦਾ ਏ -

ਇਹ ਵੀ ਸ਼ਗਨਾਂ ਨਾਲ ਵਿਆਹੀ ਹੋਵੇਗੀ,
ਸਿਰ ਤੇ ਜਿਹੜੀ ਪੱਥਰ ਚੁੱਕੀ ਜਾਂਦੀ ਏ।

ਨਵੇਂ ਮਨੁੱਖ ਦੀ ਨਵੀਂ ਸੋਚ ਤੇ ਨਵੇਂ ਜੀਵਨ ਮੁਜਬ ਦਾਨਸ਼ (ਸਿਆਣਪ) ਤੇ ਮਿਹਨਤ ਦਾ ਮਿਲਾਪ ਇੱਕ ਸੱਚੀ ਕਦਰ ਏ। ਦਰਬਾਰੀ ਤੇ ਦਰਬਾਰਦਾਰੀ ਕਰਨ ਵਾਲੇ ਇਸ ਕਦਰ ਨੂੰ ਪਛਾਣ ਨਹੀਂ ਸਕਦੇ। ਪਰ ਉਹ ਆਪ ਸੰਗਸਾਰ (ਪੱਥਰ ਮਾਰਨ ਦੇ) ਕੀਤੇ ਜਾਣ ਦੇ ਕਾਬਿਲ ਜ਼ਰੂਰ ਨੇ।

ਨਜ਼ਮੀਂ ਦੀਆਂ ਤਸਬੀਹਾਂ (ਅਲੰਕਾਰ) ਤੇ ਬਿੰਬ ਬੜੇ ਖਰੇ ਹਨ। ਮਿਹਨਤਕਸ਼ ਤੇ ਸੱਚੇ ਦਾਨਸ਼ਵਰਾਂ (ਚਿੰਤਕਾਂ) ਨੂੰ ਉਹ ਧਰਤੀ ਦੇ ਸੁਨਿਆਰੇ ਆਖਦਾ ਬੜਾ ਚੰਗਾ ਲੱਗਦਾ ਏ।

ਇਨਸਾਨੀਅਤ ਨਾਲ ਸੱਚਲ ਦਾਨਸ਼ਵਰੀ ਨਾਲ ਉਹ ਬੜੀ ਸਾਂਝ ਰੱਖਦਾ ਏ। ਪੰਜਾਬ ਵੰਡਿਆ ਗਿਆ। ਪਰ ਤਵਾਰੀਖ ਦੀ ਸਾਂਝ, ਭਗਤ ਸਿੰਘ, ਦੁੱਲਾ ਭੱਟੀ, ਅਹਿਮਦ ਖਰਲ ਵੀ ਹਨ ਤੇ ਅੱਗੋਂ ਫਰੀਦ, ਨਾਨਕ, ਵਾਰਸ, ਬੁੱਲ੍ਹੇ ਸ਼ਾਹ ਵੀ ਜ਼ੁਬਾਨ ਦੀ ਕੈਦ, ਨਾ ਵੇਲੇ ਦੀ ਰੋਕ, ਫੈਜ਼ ਫਿਰਾਕ ਤੇ ਜਾਲਿਬ ਹੈਗੇ ਨੇ। ਉਹ ਆੜੀ ਹਨ। ਸਿਬਤੇ ਹਸਨ, ਜੋਸ਼ ਤੇ ਦਾਮਨ ਪੀਰ ਭਰਾ ਲੱਗਦੇ ਨੇ। ਇਸੇ ਤਰ੍ਹਾਂ ਸੱਚਲ, ਵਾਰਸ ਤੇ ਭੱਟਾਈ ਇਕੋ ਰਾਹ ਦੇ ਰਾਹੀ। ਬਾਬਾ ਨਜ਼ਮੀਂ ਦੇ ਪਿਆਰੇ ਹੋਏ ਭਗਤ ਸਿੰਘ ਤੇ ਭੁੱਟੋ ਨੂੰ ਯਾਦ ਕਰਦਾ ਬਾਬਾ ਨਜ਼ਮੀਂ ਹੈਦਰ ਬਖਸ਼ ਜੈਤੋਈ ਨੂੰ ਭੁੱਲਦਾ ਨਹੀ। ਇਕੋ ਕਾਫਲਾ ਹੈ, ਤਹਿਜ਼ੀਬ ਦੇ ਰਖਵਾਲੇ ਤੇ ਧਰਤੀ ਦੇ ਸੁਨਿਆਰੇ ਅੱਗੜ-ਪਿੱਛੜ ਤੁਰੇ ਜਾਂਦੇ ਨੇ। ਹਿੰਮਤਾਂ ਹਸਤੀਆਂ ਵਾਲੇ ਹੋਰ ਵੀ ਹੋਣਗੇ, ਨਾਲ-ਨਾਲ ਪਿੱਛੇ ਟੁਰਦੇ ਜਾ ਕੇ ਰਲ ਜਾਣਗੇ। ਇਨਸਾਨੀਅਤ ਦਾ ਕਾਫਲਾ ਵਧੇਗਾ, ਅੱਗੇ ਹੋਰ ਅੱਗੇ।

(ਸ਼ਾਹਮੁਖੀ ਤੋਂ ਗੁਰਮੁਖੀ ਲਿਪੀ ਹ. ਸ. ਹ.)


**ਹਰਭਜਨ ਸਿੰਘ ਹੁੰਦਲ**

ਦੀ

**ਕਾਵਿ ਚੇਤਨਾ**

ਸੰਪਾਦਕ ਡਾ. ਹਰਪ੍ਰੀਤ ਸਿੰਘ ਹੁੰਦਲ

ਪੰਨੇ 296, ਮੁੱਲ 300/-

ਮਨਪ੍ਰੀਤ ਪ੍ਰਕਾਸ਼ਨ, ਗੀਤਾ ਕਾਲੋਨੀ, ਦਿੱਲੀ




## ਧਰਤ ਦਾ ਦਰਦ

- ਗੁਰਬਖਸ਼ ਸਿੰਘ ਭੰਡਾਲ

ਭਲੇ ਵੇਲਿਆਂ 'ਚ ਮੇਰਾ ਬਾਪ
ਅੰਮ੍ਰਿਤ ਵੇਲੇ ਹਲ ਵਾਹੁਣ ਲੱਗਿਆਂ
ਪੁੱਤਾਂ ਵਾਂਗ ਪਾਲੇ ਬਲਦਾਂ ਨੂੰ ਦੁਲਾਰਦਾ ਸੀ
ਵਾਹਿਗੁਰੂ ਦਾ ਨਾਮ ਲੈ ਕੇ
ਧਰਤੀ ਨੂੰ ਨਮਸਕਾਰਦਾ ਸੀ
ਭਰਵਾਂ ਜੋਤਰਾ ਲਾਉਂਦਾ ਸੀ
ਅਤੇ ਮਿੱਟੀ ਨਾਲ ਮਿੱਟੀ ਹੁੰਦਿਆਂ
ਭਰਵੀਂ ਫਸਲ ਉਗਾਉਂਦਾ ਸੀ
ਉਸਨੂੰ ਪਤਾ ਹੁੰਦਾ ਸੀ ਕਿ
ਮੋਹ 'ਚ ਧਰਤੀ ਨੂੰ ਨੀਂਦ ਤੋਂ ਨਹੀਂ ਜਗਾਉਣਾ
ਅਤੇ ਮਾਂ ਵਰਗੀ ਧਰਤੀ
ਪਰਿਵਾਰ ਲਈ
ਸਭ ਨਿਆਮਤਾਂ ਬਖਸ਼ਦੀ ਸੀ

ਸਮਾਂ ਬਦਲਿਆ
ਮੈਂ ਹਰੀ ਕ੍ਰਾਂਤੀ ਦੇ ਆਖੇ ਲੱਗ
ਟਰੈਕਟਰ ਨਾਲ ਸਭ ਜੰਗਲ ਬੇਲੇ ਵਾਹੁੰਦਾ
ਜੰਗਲੀ ਜੀਵਾਂ ਦੇ ਘਰੌਂਦੇ ਢਾਹੁੰਦਾ
ਧਰਤੀ ਦੀ ਉੜਕ ਨਾਪਦਾ ਰਿਹਾ
ਖਾਦਾਂ ਤੇ ਕੀਟਨਾਸ਼ਕਾਂ ਨਾਲ
ਪੁੱਤ ਜੰਮਣ ਵਾਲੀ ਭੋਂ ਨੂੰ
ਜ਼ਹਿਰ ਨਾਲ ਗਰਭਾਉਂਦਾ ਰਿਹਾ
ਰੱਬੀ ਰਹਿਮਤਾਂ 'ਚ
ਪਲੀਤਪੁਣਾ ਛਿੜਕਦਾ ਰਿਹਾ
ਅਤੇ ਮੰਡੀ 'ਚ ਮੌਤ ਦਾ
ਵਣਜ ਕਰਦਾ ਰਿਹਾ
ਮੇਰੀ ਸੋਚ 'ਚੋਂ ਗੁੰਮ ਹੀ ਗਿਆ
ਧਰਤੀ ਦਾ ਦਾਤੀ ਸਰੂਪ
ਧਰਤ ਮਾਂ ਦੀ ਕਰਾਹੁਣਾ ਵੀ
ਮੇਰੇ ਨਾਪਾਕ ਇਰਾਦਿਆਂ ਨੂੰ
ਪਸੀਜ ਨਾ ਸਕਿਆ
ਅਤੇ ਆਖਰ ਬਾਂਝ ਧਰਤੀ ਦੀ ਅੱਖ 'ਚ
ਖਾਰਾ ਸਾਗਰ ਉਮੜ ਆਇਆ
ਪਰ ਮੇਰੀ ਅੱਖ ਫਿਰ ਵੀ ਸਿੱਲੀ ਨਾ ਹੋਈ।
ਅੱਜਕੱਲ ਮੇਰਾ ਬੱਚਾ
ਧਰਤੀ ਦੀ ਹਿੱਕ 'ਤੇ
ਇੱਟਾਂ-ਪੱਥਰਾਂ ਦੇ ਜੰਗਲ
ਉਸਾਰਨ 'ਚ ਮਸਰੂਫ ਏ
ਫਸਲਾਂ ਦੇ ਦੀਦਿਆਂ 'ਚ
ਸੁਪਨੇ ਦੀ ਤਿੜਕਣ ਏ
ਬਹੁਤ ਮਾਯੂਸ ਨੇ ਬੇਵਾ ਬ੍ਰਿਖ
ਉਦਾਸੀ 'ਚ ਡੁੱਬੇ ਨੇ ਖਾਲੀ ਆਲ੍ਹਣੇ
ਕੁਦਰਤ ਦੀ ਅੱਖ 'ਚ ਲਟਕਦਾ ਏ ਅੱਥਰੂ
ਅਤੇ ਗੁੰਮਸੁੰਮ ਏ ਧਰਤੀ ਮਾਤਾ।

(7, ਪ੍ਰੋਫੈਸਰ ਕਾਲੋਨੀ, ਕਪੂਰਥਲਾ)

## ਗ਼ਜ਼ਲ

- ਕੁਲਵਿੰਦਰ ਬੱਛੋਆਣਾ

ਕੱਲ੍ਹ ਜਿਨ੍ਹਾਂ ਨੂੰ ਰੋਟੀ ਨਾ ਬਸਤਰ ਮਿਲੇ।
ਅੱਜ ਉਨ੍ਹਾਂ ਦੇ ਹੱਥਾਂ 'ਚੋਂ ਸ਼ਸਤਰ ਮਿਲੇ।

ਲਾਜ਼ਮੀ ਉਸ ਵਿਚੋ ਦੁੱਲਾ ਜਨਮਦਾ,
ਜਿਸ ਧਰਤ ਨੂੰ ਰੌਂਦ ਕੇ ਅਕਬਰ ਮਿਲੇ।

ਆਏ ਸੀ ਲੱਖ ਵਾਰ ਅਸੀਂ ਮਰਹਮ ਲਈ,
ਤੇਰੇ ਦਰ ਤੋਂ ਪਰ ਸਦਾ ਨਸ਼ਤਰ ਮਿਲੇ।

ਉਹ ਉਦਾਸੀ 'ਤੇ ਤੁਰੇ ਇਹ ਸੋਚ ਕੇ,
ਕਿਸ ਦਿਸ਼ਾ ਜਾਈਏ ਕਿ ਨਾ ਬਾਬਰ ਮਿਲੇ।

ਮੁਰਦਿਆਂ ਦੇ ਉਤੋਂ ਕਫ਼ਨ ਲਾਹ ਦਿਓ,
ਜਿਉਂਦਿਆਂ ਤਾਈਂ ਤਾਂ ਇੱਕ ਚਾਦਰ ਮਿਲੇ।

ਬਿਖੜਾ ਪੈਂਡਾ ਪਰ ਅਸਾਂ ਰੁਕਣਾ ਨਹੀਂ,
ਰਾਹਾਂ ਵਿਚ ਨਦੀਆਂ ਨੂੰ ਕਦ ਸਾਗਰ ਮਿਲੇ।

ਰੌਸ਼ਨੀ ਸੂਹੀ ਜਾਂ ਰਾਹੋਂ ਭਟਕ ਗਈ,
ਵਕਤ ਦੇ ਰਹਿਬਰ ਬਣੇ ਹਿਟਲਰ ਮਿਲੇ।

ਪੈਰਾਂ ਵਿਚ ਪਗੜੀ ਕਿਸੇ ਦੀ ਰੋਲਕੇ,
ਸੀਸ ਤੇਰੇ ਨੂੰ ਕਿਵੇਂ ਆਦਰ ਮਿਲੇ।

## ਸੰਨ ਸੰਤਾਲੀ

- ਹਰੀ ਸਿੰਘ ਮੋਹੀ

ਮੁਲਕ ਜੇ ਟੋਟੇ ਨਾ ਹੋਇਆ ਹੋਂਵਦਾ, ਹਰ ਬਸ਼ਰ ਏਦਾਂ ਨਾ ਫਿਰਦਾ ਰੋਂਵਦਾ।
ਜੇ ਨਾ ਧਰਤੀ ਤੇ ਲਕੀਰਾਂ ਪੈਂਦੀਆਂ, ਆਦਮੀ ਗਗਨਾਂ ਨੂੰ ਵੀ ਜਾ ਛੋਂਹਵਦਾ।

ਝਪਕਦੇ ਅੱਖ ਯਾਰ ਵੈਰੀ ਹੋ ਗਏ, ਮੁਸਕਰਾਉਂਦੇ ਅੱਖ ਕੈਰੀ ਹੋ ਗਏ,
ਚੜ੍ਹ ਕੇ ਸਿਰ ਇਉਂ ਓਪਰਾਪਣ ਕੜਕਿਆ, ਸਭ ਗਵਾਂਢੀ ਨਾਗ ਜ਼ਹਿਰੀ ਹੋ ਗਏ।

ਛੱਡ ਕੇ ਘਰ-ਬਾਰ ਬੇਘਰ ਹੋ ਗਏ, ਨੈਣ ਸਨ ਜੋ ਹੱਸਦੇ ਤਰ ਹੋ ਗਏ,
ਨਾ ਕੋਈ ਮੰਜ਼ਿਲ ਸੀ ਨਾ ਕੋਈ ਦਿਸ਼ਾ, ਪਲ 'ਚ ਘਰਬਾਰੀ ਮੁਹਾਜ਼ਿਰ ਹੋ ਗਏ।

ਪਿਆਰੇ ਉਹ ਦਰਿਆ ਜੋ ਸਾਨੂੰ ਜੋੜਦੇ, ਹੋ ਗਏ ਹੱਦ ਰਿਸ਼ਤਿਆਂ ਨੂੰ ਤੋੜਦੇ,
ਬਣ ਗਏ ਸਿਰ ਵੱਢ ਦੁਸ਼ਮਣ ਹਾਂ ਅਸੀਂ, ਸਾਂ ਜੋ ਇਕ ਦੂਜੇ ਨੂੰ ਚੰਗਾ ਲੋੜਦੇ।

ਹੋਏਗਾ ਏਦਾਂ ਨਾ ਸੀ ਖ਼ਾਬ-ਓ-ਖ਼ਿਆਲ, ਹੱਥ 'ਚੋਂ ਡਿੱਗੇਗਾ ਇਉਂ ਸਾਂਝਾਂ ਦਾ ਥਾਲ,
ਇੰਝ ਫੂਕੇ ਜਾਵਣੇ ਸਨ ਆਲ੍ਹਣੇ, ਕਦ ਕਿਸੇ ਦੇ ਮਨ 'ਚ ਸੀ ਐਸੀ ਮਲਾਲ।

ਐਸੀ ਆਜ਼ਾਦੀ ਸੀ ਚਾਹੀ ਕਿਸ ਭਲਾ, ਹਰ ਕਦਮ ਗੱਡੀ ਸੀ ਫਾਹੀ ਕਿਸ ਭਲਾ,
ਬੇਗੁਨਾਹੀ ਲੀਰਾਂ ਕਰ ਦਿੱਤੀ ਗਈ, ਸੀ ਮਚਾਈ ਇਉਂ ਤਬਾਹੀ ਕਿਸ ਭਲਾ।

ਇਸ ਤਰ੍ਹਾਂ ਆਜ਼ਾਦ ਹੋ ਕੇ ਕੀ ਲਿਆ, ਇਕ ਦੂਜੇ ਦਾ ਲਹੂ ਹੀ ਪੀ ਲਿਆ,
ਰਲਕੇ ਗਾਉਣਾ ਨੱਚਣਾ ਸੀ ਕੀ ਅਸੀਂ, ਬਣ ਗਏ ਦੁਸ਼ਮਣ ਜ਼ੁਬਾਂ ਨੂੰ ਸੀਅ ਲਿਆ।

ਦੁਸ਼ਮਣਾਂ ਦੀਆਂ ਉਂਗਲਾਂ 'ਤੇ ਨੱਚਦੇ, ਵੇਖ ਇਕ ਦੂਜੇ ਨੂੰ ਹੱਸਦਾ ਮੱਚਦੇ,
ਇਸ ਤਰ੍ਹਾਂ ਆਏ ਅੜਿੱਕੇ ਝੂਠ ਦੇ, ਲੱਗਦੇ ਨੇੜੇ ਨਹੀਂ ਹਾਂ ਸੱਚ ਦੇ।

ਇੰਝ ਭਾਰੂ ਹੋ ਗਿਆ ਮਨ ਤੇ ਤਮ੍ਹਾ, ਮੰਗੀਏ ਸਭ ਦਾ ਭਲਾ ਕਿੱਥੇ ਸਮਾਂ,
ਸਹਿਮ ਵਿਚ ਜਿਉਂਦੇ ਵੀ ਪਲ-ਪਲ ਮਰ ਰਹੇ, ਕਰ ਰਹੇ ਹਾਂ ਧੜਾ-ਧੜ ਅਸਲਾ ਜਮ੍ਹਾ।

ਕੌਣ ਤੁਰਿਆ ਵੰਡੀਆਂ ਪਾਵਣ ਲਈ, ਆਪਣਿਆਂ ਦੀ ਰੱਤ ਪੀ ਜਾਵਣ ਲਈ,
ਖੋਜ ਕੱਢੋ ਕਿਸ ਨੇ ਬੀੜਾ ਚੁੱਕਿਆ, ਸਾਂਝ ਕੁੱਲੀਆਂ ਇਸਮਤਾਂ ਢਾਵਣ ਲਈ।



ਅੱਜ ਇਹ ਆਲਮ ਹੈ ਸਾਡੇ ਪਿਆਰ ਦਾ, ਇਕ ਦੂਜਾ ਨਿੰਦਦਾ ਨਹੀਂ ਹਾਰਦਾ,
ਅਸਲੇ ਤੇ ਅਸਲਾ ਜਮ੍ਹਾਂ ਹਾਂ ਕਰ ਰਹੇ, ਪਾਠ ਕਰਦੇ ਰਾਤ ਦਿਨ ਹਥਿਆਰ ਦਾ।

ਢੇਰ ਬਾਰੂਦਾਂ ਦੇ ਲਾ ਲਏ ਨੇ ਅਸੀਂ, ਐਟਮੀ ਅੱਡੇ ਬਣਾ ਲਏ ਨੇ ਅਸੀਂ,
ਮੌਤ ਵੰਡਣਾ ਧਰਮ ਸਾਡਾ ਹੋ ਗਿਐ, 'ਹੇਜ' ਇਥੋਂ ਤੱਕ ਵਧਾ ਲਏ ਨੇ ਅਸੀਂ।

ਸਾਜ਼ਿਸ਼ਾਂ ਦੀ ਛਾਂ ਦੇ ਵਿਚ ਹਾਂ ਰਹਿ ਰਹੇ, ਐਸੀ ਰੁੱਤ ਵਿਚ ਅਮਨ ਦੱਸੋ ਕੀ ਰਹੇ,
ਹਰ ਸ਼ਹਿਰ ਹਰ ਦਿਨ ਧਮਾਕੇ ਹੋਂਵਦੇ, ਫ਼ਿਕਰ ਸਾਹਾਂ ਦਾ ਸਹਿਜ ਹਨ ਪੀ ਰਹੇ।

ਕੀ ਜਿਨਾਹ ਸੀ ਜੂਝਿਆ ਇਸ ਅੱਜ ਲਈ, ਕੀ ਸਰਾਭਾ ਝੂਟਿਆ ਇਸ ਅੱਜ ਲਈ,
ਭਗਤ ਸਿੰਘ ਦੇ ਖ਼ਾਬ ਦੀ ਕਿੱਥੇ ਤਾਬੀਰ, ਕੌਣ ਸੀ ਲੜਿਆ ਜੋ ਅੱਜ ਦੇ ਚੱਜ ਲਈ।

ਮੁੜੇ ਪਵੋ ਮੌਕਾ ਅਜੇ ਵੀ ਹੈ ਹਜ਼ੂਰ, ਨਾ ਸਦਾ ਰਹਿੰਦਾ, ਹੈ ਟੁੱਟ ਜਾਂਦਾ ਗਰੂਰ,
ਫਿਰ ਨਾ ਪਛਤਾਵਣ ਲਈ ਰਹਿਣਾ ਕੋਈ, ਹੋ ਗਏ ਟਕਰਾ ਕੇ ਜਿਸ ਦਿਨ ਚੂਰ-ਚੂਰ।

ਆਓ ਹੱਦਾਂ ਲੰਘ ਭੁੱਲ ਕੇ ਸਭ ਗਿਲੇ, ਸਾਂਝ ਦੇ ਦੀਵੇ ਜਗਾਈਏ ਦਿਲ ਮਿਲੇ,
ਸਾਜ਼ਿਸ਼ੀ ਹੱਥਾਂ ਤੇ ਚੜ੍ਹਨਾ ਛੱਡੀਏ, ਜਗਮਗਾਵਣ ਉਲਫ਼ਤਾਂ ਦੇ ਸਿਲਸਿਲੇ।

**(B-IV/725, ਕੋਟਕਪੂਰਾ, 151204)**

ਗ਼ਜ਼ਲਾਂ

## ਗੁਰਭਜਨ ਗਿੱਲ

1.

ਮੋਹ ਮੁਹੱਬਤ ਪਾਰਦਰਸ਼ੀ ਹੈ ਤਾਂ ਫਿਰ ਟੁੱਟੇ ਨਹੀਂ।
ਇਕ ਦੇ ਪਿੰਜਰੇ 'ਚੋਂ ਪਰਿੰਦੇ ਵੇਖ ਲਏ ਛੁੱਟੇ ਨਹੀਂ।

ਤੂੰ ਜੋ ਮਾਰੇ ਤੀਰ ਸਾਰੇ ਅੱਜ ਤੱਕ ਮਹਿਫ਼ੂਜ਼ ਨੇ,
ਜੀਭ ਦੰਦਾਂ ਹੇਠ ਹੈ ਪਰ, ਹਿੱਕ 'ਚੋਂ ਪੁੱਟੇ ਨਹੀਂ।

ਰੁੱਖ ਇਕ ਹਰਿਆਵਲੇ ਨੂੰ ਚੱਟ ਗਈ ਹੈ ਇੰਝ ਵੇਲ,
ਉਸਦੀ ਛਾਵੇਂ ਬਹਿਣ ਵਾਲੇ, ਫੇਰ ਤੋਂ ਫੁੱਟੇ ਨਹੀਂ।

ਜਿਹੜੇ ਪਲ ਮਾਣੇ ਕਦੇ ਸੀ ਤੂੰ ਤੇ ਮੈਂ ਰਲ ਬੈਠ ਕੇ,
ਸਾਂਭ ਲਏ ਨੇ ਪੋਟਲੀ ਵਿਚ, ਵੇਖ ਲੈ ਸੁੱਟੇ ਨਹੀਂ।

ਭਰਮ ਸੀ ਤੈਨੂੰ ਕਿ ਖੰਭਾਂ ਤੋਂ ਬਿਨਾਂ ਕੀ ਕਰਨਗੇ,
ਇਹ ਪਰਿੰਦੇ ਉੱਡਦੇ, ਹਾਰੇ ਨਹੀਂ, ਹੁੱਟੇ ਨਹੀਂ।

ਧਰਤ ਤੇ ਕਿਹੜਾ ਗਿਰਾਂ ਹੈ, ਲੱਭਦਾ ਮੈਂ ਖਪ ਗਿਆ,
ਲੋਕ ਜਿੱਥੇ ਹਾਕਮਾਂ, ਲੁੱਟੇ ਨਹੀਂ ਕੁੱਟੇ ਨਹੀਂ।

ਬਦਲਦੀ ਪੋਸ਼ਾਕ ਕੁਰਸੀ, ਦੰਦ ਉਹੀ ਨੇ ਜਨਾਬ,
ਬਾਬਰਾਂ ਵੇਲੇ ਤੋਂ ਜਿਹੜੇ ਅੱਜ ਤੱਕ ਟੁੱਟੇ ਨਹੀਂ।

2.

ਵੀਰਵਾਰ ਨੂੰ ਜਗਦੇ ਦੀਵੇ, ਸਾਡੇ ਪਿੰਡ ਦਰਗਾਹਾਂ ਅੰਦਰ,
ਪਰ ਬਾਕੀ ਦਿਨ ਘੁੱਪ ਹਨੇਰਾ, ਰਹਿੰਦਾ ਸਾਰੇ ਰਾਹਾਂ ਅੰਦਰ।

ਹਾੜ੍ਹ, ਸਿਆਲ, ਪਤਝੜਾਂ ਮਗਰੋਂ, ਰੁੱਤ ਬਸੰਦੀ ਕੀਹਦੀ ਖ਼ਾਤਰ,
ਸਾਡੇ ਲਈ ਹਰ ਵਰਕਾ ਜ਼ਖ਼ਮੀ, ਸਾਰੇ ਬਾਰਾਂ-ਮਾਹਾਂ ਅੰਦਰ।

ਟੱਲੀਆਂ ਦੀ ਟੁਣਕਾਰ ਗੁਆਚੀ, ਵਿਚ ਸਿਆੜਾਂ ਸੁਪਨੇ ਮੋਏ,
ਚਿੰਤਾ ਚਿਖ਼ਾ ਬਰਾਬਰ ਧੁਖ਼ਦੀ, ਆਉਂਦੇ ਜਾਂਦੇ ਸਾਹਾਂ ਅੰਦਰ।

ਮੱਛੀਆਂ ਖ਼ਾਤਰ ਜਾਲ ਵਿਛਾਉਂਦੇ, ਵਿਰਲੇ ਟਾਂਵੇ ਪਾਰ ਲੰਘਾਉਂਦੇ,
ਬਣੇ ਸਿਆਸਤਦਾਨਾਂ ਵਰਗੇ, ਬਹੁਤੇ ਲੋਕ ਮਲਾਹਾਂ ਅੰਦਰ।

ਵੱਡੀ ਬੁੱਕਲ ਵਾਲੇ ਬਾਬੇ, ਬਿਰਖ਼ ਬਰੂਟੇ ਮੁੱਕਦੇ ਜਾਂਦੇ,
ਜੋ ਭਰਦੇ ਸੀ ਜਗਤ-ਕਲਾਵਾ, ਇਨ੍ਹਾਂ ਦੋਹਾਂ ਬਾਹਾਂ ਅੰਦਰ।

ਇਹ ਮੌਸਮ ਵਿਚ ਸੁੱਚੇ ਰਿਸ਼ਤੇ, ਕਿਉਂ ਲੱਭਦੈ ਤੂੰ ਅੱਧੀ ਰਾਤੇ,
ਪਿਆਰ ਮੁਹੱਬਤ ਗਰਜ਼ੀ ਬੱਧੇ, ਭਰ ਗਈ ਖੋਟ ਨਿਗਾਹਾਂ ਅੰਦਰ।

ਆਪਣੇ ਘਰ ਤੇ ਚੌਗਿਰਦੇ ਨੂੰ ਜੇਕਰ ਰੌਸ਼ਨ ਕਰਨਾ ਚਾਹੇ,
ਮਮਟੀ ਬਾਲ ਚਿਰਾਗ, ਗੁਆ ਨਾ, ਬਹੁਤਾ ਵਕਤ ਸਲਾਹਾਂ ਅੰਦਰ।





# ਜੋਤਹੀਣ ਅੱਖਾਂ ਦਾ ਦਰਦ

**- ਤਲਵਿੰਦਰ ਸਿੰਘ**

ਪਿੱਛੇ ਜਿਹੇ ਮੈਂ ਟੀ.ਵੀ. ਉੱਤੇ ਇੱਕ ਨਾਟਕ ਵੇਖ ਰਿਹਾ ਸਾਂ। ਇਕ ਪਾਤਰ ਬਹੁਤ ਜ਼ਾਲਮ ਤੇ ਨਿਰਦਈ ਬੰਦੇ ਦਾ ਰੋਲ ਅਦਾ ਕਰ ਰਿਹਾ ਸੀ। ਉਹ ਬੇਲਿਹਾਜ਼ ਕਿਸਮ ਦਾ ਬੰਦਾ ਦੂਜੇ ਨਾਲ ਵਾਲੇ ਪਾਤਰ ਨੂੰ ਪੁੱਛਦਾ ਹੈ ਕਿ ਦੱਸ ਮੇਰੀਆਂ ਦੋਹਾਂ ਅੱਖਾਂ ਵਿਚੋਂ ਕਿਹੜੀ ਅੱਖ ਦਾ ਡੇਲਾ ਪੱਥਰ ਦਾ ਹੈ? ਉਹ ਦੂਜਾ ਪਾਤਰ ਉਹਦੀਆਂ ਅੱਖਾਂ ਵੱਲ ਗਹੁ ਨਾਲ ਵੇਖਦਾ ਤੇ ਦੱਸਦਾ ਹੈ, 'ਇਹ ਸੱਜੇ ਪਾਸੇ ਵਾਲੀ ਅੱਖ ਦਾ।'

'ਕਿਵੇਂ ਪਤਾ ਲੱਗਾ?' ਉਹ ਰੁੱਖਾ ਤੇ ਅਮਾਨਵੀ ਰੁਚੀਆਂ ਵਾਲਾ ਪਾਤਰ ਪੁੱਛਦਾ ਹੈ।

'ਸਾਫ਼ ਹੈ।' ਦੂਜਾ ਪਾਤਰ ਕਹਿੰਦਾ ਹੈ, 'ਇਸ ਪੱਥਰ ਦੇ ਡੇਲੇ ਵਿਚ ਫਿਰ ਵੀ ਕੁਝ ਤਰਸ ਤੇ ਲਿਹਾਜ਼ ਹੈ।'

ਸੰਘਣੀ ਧੁੰਦ ਤੇ ਕੜਾਕੇ ਦੀ ਠੰਢ ਵਿਚ ਮੈਂ ਆਪਣੇ ਪਾਕਿਸਤਾਨ ਤੋਂ ਆਏ ਮਿੱਤਰ ਸਲਮਾਨ ਰਸ਼ਦੀ ਤੇ ਨਿੱਕੇ ਵੀਰ ਦੇਵਿੰਦਰ ਨਾਲ ਜਾਂਦਾ ਸਭੌਂਕੀ ਗੱਲ ਕਰ ਰਿਹਾ ਸਾਂ। ਸਵੇਰ ਵੇਲੇ ਟ੍ਰੈਫਿਕ ਤਾਂ ਘੱਟ ਸੀ ਪਰ ਧੁੰਦ ਕਾਰਨ ਸਾਹਮਣੇ ਵੀਹ ਪੰਝੀ ਗਜ਼ ਤੱਕ ਦਿਸਦਾ ਕੁਝ ਨਹੀਂ ਸੀ। ਕਾਰ ਬੇਹੱਦ ਧੀਮੀ ਚੱਲ ਰਹੀ ਸੀ। ਅਸੀਂ ਏਧਰ ਉਧਰ ਦੀਆਂ ਗੱਲਾਂ ਕਰਦੇ ਜਾ ਰਹੇ ਸਾਂ। ਅੰਬਰਸਰੋਂ ਤੁਰਿਆਂ ਦੋ ਘੰਟੇ ਹੋਣ ਲੱਗੇ ਸਨ। ਉਸੇ ਦਿਨ ਸਲਮਾਨ ਹੋਰਾਂ ਵਾਪਸ ਮੁੜਨਾ ਸੀ ਤੇ ਅਸਾਂ ਉਨ੍ਹਾਂ ਨੂੰ ਮੁੜ ਵਾਹਗੇ ਵੀ ਛੱਡਣਾ ਸੀ। ਰੱਈਏ ਤੋਂ ਜੀ. ਟੀ. ਰੋਡ ਛੱਡ ਕੇ ਅਸੀਂ ਪਿੰਡਾਂ ਵੱਲ ਨੂੰ ਰੁਖ਼ ਕਰ ਲਿਆ। ਸਫ਼ਰਨਾਮੇ ਤੇ ਇਤਿਹਾਸ ਲਿਖਣ ਵਾਲੇ ਸਲਮਾਨ ਨੂੰ ਮੈਂ ਉਹਦੀ ਪਿਛਲੀ ਫੇਰੀ ਵੇਲੇ ਵੀ ਲਾਰਾ ਲਾਇਆ ਸੀ ਕਿ ਅਗਲੀ ਵਾਰ ਜ਼ਰੂਰ ਬੁੱਟਰਾਂ ਵਾਲੇ ਚਰਨ ਸਿੰਘ ਨੂੰ ਮਿਲਾਵਾਂਗਾ। ਸਲਮਾਨ ਅਜਿਹਾ ਬੰਦਾ ਲੱਭ ਰਿਹਾ ਸੀ ਜਿਹੜਾ ਦੰਗਿਆਂ ਵਿਚ ਸਿੱਧੀ ਭੂਮਿਕਾ ਨਿਭਾ ਚੁੱਕਿਆ ਹੋਵੇ। ਜ਼ਾਹਿਰ ਸੀ ਕਿ ਅੱਵਲ ਤਾਂ ਉਸ ਪੀੜ੍ਹੀ ਦੇ ਲੋਕ ਵਿਰਲੇ ਟਾਂਵੇ ਰਹਿ ਗਏ ਨੇ, ਜੇ ਕੋਈ ਲੱਭ ਵੀ ਪਵੇ ਤਾਂ ਕੋਈ ਅਜਿਹੀ ਗੱਲ ਮੰਨਣ ਲਈ ਬਹੁਤਾ ਰਾਜ਼ੀ ਨਹੀਂ ਹੋਵੇਗਾ। ਇਸ ਪਿੰਡ ਦੇਵਿੰਦਰ ਦੇ ਸਹੁਰੇ ਪਰਿਵਾਰ ਦੇ ਕੁਝ ਜੀਅ ਵੱਸਦੇ ਸਨ ਤੇ ਉਸ ਘਰ ਦਾ ਬਜ਼ੁਰਗ ਕਾਲਾ ਸਿੰਘ ਦੰਗਿਆਂ ਵਿਚ ਹਿੱਸਾ ਲੈ ਚੁੱਕਿਆ ਸੀ। ਕਾਲਾ ਸਿੰਘ ਗੁੰਮ ਜਿਹੇ ਸੁਭਾਅ ਦਾ ਸੀ ਜਦ ਕਿ ਉਸੇ ਪਿੰਡ ਦਾ ਇਕ ਹੋਰ ਬਜ਼ੁਰਗ ਚਰਨ ਸਿੰਘ ਆਪਣੇ ਕੀਤੇ ਕੰਮਾਂ ਨੂੰ ਸਵੀਕਾਰਦਾ ਸੀ। ਕਾਲਾ ਸਿੰਘ ਤੇ ਚਰਨ ਸਿੰਘ ਦੇ ਦੋਸਤਾਨਾ ਸੰਬੰਧ ਸਨ। ਇਹ ਦੋਵੇਂ ਬਜ਼ੁਰਗ ਸੰਤਾਲੀ ਦੀ ਵੰਡ ਵੇਲੇ ਬਲਵੱਈਆਂ ਨਾਲ ਰਲ ਕੇ ਕੱਟ ਵੱਢ ਵਿੱਚ ਸਰਗਰਮ ਭੂਮਿਕਾ ਨਿਭਾ ਚੁੱਕੇ ਸਨ। ਮੈਂ ਤੇ ਦੇਵਿੰਦਰ ਉਨ੍ਹਾਂ ਨੂੰ ਮਿਲ ਚੁੱਕੇ ਸਾਂ ਅਤੇ ਕੁਝ ਗੱਲਾਂ ਪਹਿਲਾਂ ਵੀ ਸੁਣ ਬੈਠੇ ਸਾਂ। ਮੈਂ ਸਲਮਾਨ ਨੂੰ ਉਨ੍ਹਾਂ ਬਾਰੇ ਦੱਸ ਪਾਈ ਤਾਂ ਉਹ ਜ਼ੋਰ ਪਾਉਣ ਲੱਗਾ ਕਿ ਉਨ੍ਹਾਂ ਨਾਲ ਜ਼ਰੂਰ ਮਿਲਾ ਕੇ ਲਿਆਓ। ਉਹ ਇਨ੍ਹਾਂ ਤੋਂ ਆਪਣੀ ਨਵੀਂ

ਕਿਤਾਬ ਲਈ ਕੁਝ ਤੱਥ ਜਾਨਣਾ ਚਾਹੁੰਦਾ ਸੀ। ਅਸਾਂ ਸਲਾਹ ਬਣਾਈ ਸੀ ਕਿ ਉਨ੍ਹਾਂ ਨਾਲ ਵਾਰਤਾਲਾਪ ਸਹਿਜ ਸੁਭਾਵਕ ਹੀ ਕਰਨੀ ਹੈ। ਕੋਈ ਸਿੱਧਾ ਸੁਆਲ ਨਹੀਂ ਪੁੱਛਣਾ। ਕਿਉਂਕਿ ਜੇ ਇਨ੍ਹਾਂ ਬਜ਼ੁਰਗਾਂ ਨੂੰ ਸਲਮਾਨ ਬਾਰੇ ਦੱਸ ਦਿੱਤਾ ਕਿ ਇਹ ਪਾਕਿਸਤਾਨ ਤੋਂ ਆਇਆ ਕੋਈ ਲਿਖਾਰੀ ਹੈ ਤਾਂ ਸ਼ਾਇਦ ਉਹ ਤੱਥਾਂ ਨੂੰ ਏਨੀ ਸਪੱਸ਼ਟਤਾ ਨਾਲ ਦੱਸਣੋ ਗੁਰੇਜ਼ ਕਰ ਜਾਣ ਜਿੰਨਾ ਉਹ ਆਮ ਸਾਧਾਰਨ ਗੱਲਬਾਤ ਵਿਚ ਕਰ ਸਕਦੇ ਹਨ।

ਪਿੰਡ ਬੁਟਰਾਂ ਦੀ ਫਿਰਨੀ 'ਤੇ ਕਾਰ ਰੋਕ ਅਸੀਂ ਗਲੀ 'ਚੋਂ ਹੁੰਦੇ ਹੋਏ ਇਕ ਸਾਧਾਰਨ ਜਿਹੇ ਘਰ ਵਿਚ ਦਾਖਲ ਹੋਏ। ਵਿਹੜੇ ਦੇ ਇਕ ਪਾਸੇ ਬਾਲਟੇ ਵਿਚ ਧੂਣੀ ਧੁਖ਼ਾ ਕੇ ਬਜ਼ੁਰਗ ਬੈਠਾ ਸੀ ਅਤੇ ਦੂਜੇ ਬੰਨੇ ਚੌਂਕੇ ਵਿਚ ਉਸਦੀ ਸੁਆਣੀ ਚੁੱਲ੍ਹੇ 'ਤੇ ਰਿੰਨ੍ਹਣ ਪਕਾਉਣ ਦਾ ਕੰਮ ਕਰ ਰਹੀ ਸੀ। ਅਸੀਂ ਉਨ੍ਹਾਂ ਨੂੰ ਮਿਲੇ। ਦੇਵਿੰਦਰ ਨੇ ਆਉਣ ਬਾਰੇ ਪਹਿਲਾਂ ਹੀ ਦੱਸਿਆ ਹੋਇਆ ਸੀ। ਸਾਨੂੰ ਮਿਲਣ ਪਿੱਛੋਂ ਇਸ ਘਰ ਦਾ ਬਜ਼ੁਰਗ ਜਿਸਦਾ ਨਾਂ ਕਾਲਾ ਸਿੰਘ ਸੀ ਆਪਣੇ ਦੂਜੇ ਸਾਥੀ ਚਰਨ ਸਿੰਘ ਨੂੰ ਲੈਣ ਚਲਾ ਗਿਆ। ਚਾਹ ਬਣਦੇ ਤੱਕ ਉਸਦਾ ਹੱਥ ਫੜੀ ਕਾਲਾ ਸਿੰਘ ਆ ਗਿਆ। ਚਰਨ ਸਿੰਘ ਦੀਆਂ ਖੁੱਲ੍ਹੀਆਂ ਅੱਖਾਂ ਨਜ਼ਰ ਵਿਹੂਣੀਆਂ ਸਨ। ਉਨ੍ਹਾਂ ਵਿਚਲੇ ਡੇਲਿਆਂ ਦਾ ਰੰਗ ਗਹਿਰਾ ਦੂਧੀਆ ਜਿਹੀ ਭਾਅ ਮਾਰਦਾ ਸੀ। ਚਿੱਟੀ ਸਫੈਦ ਦਾੜ੍ਹੀ ਤੇ ਗੋਰੇ ਰੰਗ ਦੇ ਚਰਨ ਸਿੰਘ ਦਾ ਕੱਦ ਦਰਮਿਆਨਾ ਸੀ। ਅਸਾਂ ਉੱਠ ਕੇ ਉਹਨੂੰ ਫਤਹਿ ਬੁਲਾਈ। ਦੋ ਕੁ ਮਹੀਨੇ ਪਹਿਲਾਂ ਮਿਲੇ ਹੋਣ ਕਰਕੇ ਉਸਨੇ ਜਾਣੂਆਂ ਵਾਂਗ ਵਿਹਾਰ ਕੀਤਾ। ਬਜ਼ੁਰਗ ਮਾਈ ਨੇ ਸਾਡੇ ਨਾਲ ਚਾਹ ਦੀ ਗਿਲਾਸੀ ਉਸਨੂੰ ਫੜਾਈ। ਸਲਮਾਨ ਆਪਣਾ ਕੈਮਰਾ ਤੇ ਟੇਪ ਰਿਕਾਰਡਰ ਸੈੱਟ ਕਰਨ ਲੱਗਾ।

ਹਾਲ ਚਾਲ ਦੱਸਣ ਪੁੱਛਣ ਤੋਂ ਗੱਲਾਂ 'ਚੋਂ ਗੱਲ ਕੱਢਣ ਦਾ ਸਿਲਸਿਲਾ ਆਰੰਭ ਹੋਇਆ। ਚਰਨ ਸਿੰਘ ਨੇ ਦੱਸਿਆ ਕਿ ਉਹ ਮਹਿਰਾ ਬਰਾਦਰੀ ਨਾਲ ਸਬੰਧ ਰੱਖਦਾ ਹੈ ਤੇ ਚਾਰ ਮੁੰਡਿਆਂ ਤੇ ਇੱਕ ਧੀ ਦਾ ਪਿਓ ਹੈ। ਬੱਚੇ ਵਿਆਹੇ ਵਰੇ ਹਨ ਤੇ ਅੱਡੇ 'ਤੇ ਸਾਇਕਲ ਮੁਰੰਮਤ ਕਰਨ ਤੇ ਟਾਇਰਾਂ ਟਿਊਬਾਂ ਨੂੰ ਪੈਂਚਰ ਵਗੈਰਾ ਲਾਉਣ ਦਾ ਕੰਮ ਕਰਦੇ ਹਨ। ਇਹ ਪਿੰਡ ਉਸਦੇ ਨਾਨਕਿਆਂ ਦਾ ਹੈ। ਜੱਦੀ ਪਿੰਡ ਜੇਠੂਵਾਲ ਲਾਗੇ ਹੈ। ਪਿਓ ਉਨ੍ਹਾਂ ਦਾ ਨਿੱਕੇ-ਨਿੱਕੇ ਜੁਆਕ ਛੱਡ ਕੇ ਮਰ ਗਿਆ ਸੀ ਤੇ ਨਾਨੇ ਨੇ ਧੀ ਨੂੰ ਬੱਚਿਆਂ ਸਮੇਤ ਆਪਣੇ ਕੋਲ ਲੈ ਆਂਦਾ ਸੀ। ਇਥੇ ਹੀ ਇਨ੍ਹਾਂ ਦੀ ਪਰਵਰਿਸ਼ ਹੋਈ। ਸੋਲਾਂ ਸਤਾਰਾਂ ਸਾਲ ਦੀ ਉਮਰ ਵਿਚ ਉਹ ਚੰਗਾ ਸੋਹਣਾ ਜਵਾਨ ਨਿਕਲ ਆਇਆ। ਇਸ ਪਿੰਡ ਤੋਂ ਦੋ ਕੁ ਮੀਲ ਹਟਵੇਂ ਪਿੰਡ ਬੁਤਾਲੇ ਦੇ ਮਾਲ ਮਹਿਕਮੇ ਵਿਚ ਲੱਗੇ ਜ਼ਿਲ੍ਹੇਦਾਰ ਦੀ ਨਜ਼ਰੀਂ ਚੜ੍ਹਿਆ ਤਾਂ ਉਹਨੇ ਆਪਣਾ ਅਰਦਲੀ ਭਰਤੀ ਕਰ ਲਿਆ। ਨੌਕਰੀ ਦੌਰਾਨ ਹੀ ਵਿਆਹ ਹੋਇਆ। ਨਿਆਣੇ ਪੈਦਾ ਹੋਏ। ਕੁਲ ਪੰਦਰਾਂ ਵੀਹ ਸਾਲ ਨੌਕਰੀ ਕੀਤੀ। ਗੁੜਗਾਓਂ, ਕਸੂਰ, ਅੰਬਾਲੇ ਤੇ ਅਖ਼ੀਰ ਅੰਬਰਸਰ ਵਰਗੀਆਂ ਥਾਵਾਂ 'ਤੇ ਨੌਕਰੀ ਕੀਤੀ। ਵੱਡੇ ਭਰਾ ਦੀ ਮੌਤ ਹੋਣ ਬਾਅਦ ਘਰ ਵਿਚ ਰਹਿਣਾ ਜ਼ਰੂਰੀ ਹੋ ਗਿਆ ਤੇ ਨੌਕਰੀ ਛੱਡ ਦਿੱਤੀ। ਇਥੇ ਵਿਆਹਾਂ ਸ਼ਾਦੀਆਂ 'ਤੇ ਕੰਮ ਕਰਨ ਜਾਂਦਾ ਰਿਹਾ। ਠੇਕੇ 'ਤੇ



ਜ਼ਮੀਨ ਲੈ ਕੇ ਵਾਹੁੰਦਾ ਰਿਹਾ। ਭਰਾ ਦੇ ਬੱਚੇ ਵੀ ਪਾਲੇ ਤੇ ਆਪਣਾ ਟੱਬਰ ਵੀ ਸਾਂਭਿਆ। ਹੁਣ ਵੀਹਾਂ ਕੁ ਸਾਲਾਂ ਤੋਂ ਨਜ਼ਰ ਬਿਲਕੁਲ ਬੰਦ ਹੈ। ਸਿਹਤ ਠੀਕ ਹੈ। ਘਰ ਦਾ ਗੁਜ਼ਾਰਾ ਵੀ ਚੰਗਾ ਚੱਲ ਰਿਹਾ। ਇਸ ਵੇਲੇ ਉਮਰ ਸਤਾਸੀ ਸਾਲ ਹੈ। ਤੇਈ ਦਾ ਜਨਮ ਹੈ।

ਤੇ ਬਾਪੂ ਜੀ ਜਦੋਂ ਪਾਕਿਸਤਾਨ ਬਣਿਆ ਉਦੋਂ ਕਿੱਥੇ ਸੀ?' ਸਲਮਾਨ ਨੇ ਸਹਿਜ ਨਾਲ ਗੱਲ ਤੋਰੀ।

'ਉਦੋਂ ਮੈਂ ਕਸੂਰ ਸਾਂ। ਜ਼ਿਲ੍ਹੇਦਾਰ ਸਾਹਿਬ ਸਰਦਾਰ ਪ੍ਰਤਾਪ ਸਿੰਘ ਦੇ ਸਿਪਾਹੀ ਦੀ ਚਾਕਰੀ ਕਰਦਾ ਸਾਂ। ਉਹਦੇ ਦਫ਼ਤਰ ਤੇ ਘਰ ਦੇ ਨਿੱਕੇ ਮੋਟੇ ਕੰਮ ਸਾਂਭਦਾ। ਉਹ ਮੇਰੇ ਕੰਮ 'ਤੇ ਖ਼ੁਸ਼ ਸੀ। ਮੇਰੇ 'ਤੇ ਯਕੀਨ ਕਰਦਾ ਸੀ। ਮੈਂ ਬੜਾ ਮਿਹਨਤੀ ਸਾਂ। ਕਸੂਰ ਦੇ ਦੋ ਨਾਇਬ ਤਹਿਸੀਲਦਾਲ ਸਿੱਖ ਸਨ। ਵੱਡਾ ਤਹਿਸੀਲਦਾਰ ਵੀ ਸਿੱਖ ਸੀ। ਇਹ ਸਾਰੇ ਵੱਡੇ ਅਫਸਰ ਸਨ ਤੇ ਇਨ੍ਹਾਂ ਦੀ ਬਥੇਰੀ ਚੱਲਦੀ ਸੀ। ਲੋਕ ਡਰਦੇ ਵੀ ਸਨ। ਜ਼ਿਲ੍ਹੇਦਾਰ ਦਾ ਸਿਪਾਹੀ ਹੋਣ ਕਰਕੇ ਮੇਰਾ ਵੀ ਚੰਗਾ ਰੋਅਬ ਸੀ। ਘੋੜੇ ਵਾਲੀ ਬੱਘੀ ਵਿਚ ਸਰਦਾਰ ਬਹਾਦਰ ਆਪਣੇ ਸਰਕਾਰੀ ਦੌਰੇ ਤੇ ਏਧਰ ਉਧਰ ਜਾਂਦੇ ਤਾਂ ਮੈਂ ਨਾਲ ਜਾਂਦਾ। ਉਹ ਕੋਚਵਾਨ ਲਾਗੇ ਅੱਗੇ ਬਹਿੰਦੇ ਤੇ ਮੈਂ ਉਨ੍ਹਾਂ ਦੇ ਕਾਗਜ਼ਾਂ ਦਾ ਪੁਲੰਦਾ ਫੜ ਕੇ ਪਿੱਛੇ ਬੈਠਦਾ। ਲੋਕ ਉਨ੍ਹਾਂ ਨੂੰ ਝੁਕ-ਝੁਕ ਸਲਾਮਾਂ ਕਰਦੇ। ਜਦੋਂ ਵੰਡ ਦਾ ਰੌਲਾ ਪਿਆ ਤਾਂ ਪਤਾ ਲੱਗਾ ਕਸੂਰ ਪਾਕਿਸਤਾਨ ਵੱਲ ਜਾ ਰਿਹਾ। ਸਿੱਖ ਅਫਸਰ ਜ਼ੋਰ ਪਾਉਣ ਲੱਗੇ ਕਿ ਨਹੀਂ, ਕਸੂਰ ਹਿੰਦੁਸਤਾਨ ਵਿਚ ਜਾਵੇ। ਕੁਝ ਦਿਨ ਭੰਬਲਭੂਸਾ ਪਿਆ ਰਿਹਾ। ਸਰਦਾਰਾਂ ਦਾ ਅਫਸਰੀ ਟੌਹਰ ਹਿੱਲਣ ਲੱਗਾ ਤਾਂ ਸਾਨੂੰ ਫ਼ਿਕਰ ਹੋਇਆ। ਕਸੂਰ ਨੂੰ ਹਿੰਦੁਸਤਾਨ ਵਿਚ ਖੜਨ ਨਾਲੋਂ ਆਪਣੇ ਬਚਾਅ ਦਾ ਖ਼ਿਆਲ ਵੱਧ ਹੋਣ ਲੱਗਾ। ਇਧਰੋਂ-ਉਧਰੋਂ ਸਾੜ ਫੂਕ, ਲੁੱਟਾਂ ਖੋਹਾਂ ਤੇ ਬੰਦਿਆਂ ਦੇ ਮਰਨ ਮਰਾਉਣ ਦੀਆਂ ਖ਼ਬਰਾਂ ਦਾ ਜ਼ੋਰ ਹੋ ਗਿਆ ਤਾਂ ਅਸਾਂ ਨਿਕਲਣ ਦੀ ਸੋਚੀ। ਉਧਰ ਸ਼ਹਿਰ ਵਿਚ ਇਹ ਅਫਵਾਹ ਜ਼ੋਰ ਫ਼ੜ ਗਈ ਕਿ ਇਹ ਸਿੱਖ ਕਸੂਰ ਨੂੰ ਹਿੰਦੁਸਤਾਨ ਵਿਚ ਖੜ਼ਨ ਲਈ ਜ਼ੋਰ ਪਾ ਰਹੇ ਨੇ। ਉਸ ਸ਼ਾਮ ਮੈਂ ਰੋਟੀ ਬਣਾ ਰਿਹਾ ਸਾਂ ਕਿ ਇਕਦਮ ਰੌਲਾ ਪੈ ਗਿਆ। ਅਸੀਂ ਘਬਰਾ ਗਏ ਤੇ ਬਿਨਾਂ ਦੇਰ ਕੀਤੇ ਉਥੋਂ ਦੌੜੇ। ਦੰਗਾ ਕਰਨ ਵਾਲਿਆਂ ਨੂੰ ਖ਼ਬਰ ਹੋ ਗਈ ਅਤੇ ਉਹ ਸਾਡੀ ਭਾਲ ਵਿਚ ਨਿਕਲੇ। ਉਨ੍ਹਾਂ ਨੂੰ ਪਤਾ ਲੱਗਾ ਕਿ ਅਸੀਂ ਖੇਮਕਰਨ ਵੱਲ ਗਏ ਹਾਂ ਤਾਂ ਉਹ ਉਧਰ ਨੂੰ ਸਾਡੇ ਮਗਰ ਚੜ੍ਹੇ। ਉਨ੍ਹਾਂ ਦੇ ਲਲਕਾਰੇ ਤੇ ਹੋਕੇ ਆਵਾਜ਼ੇ ਸਾਨੂੰ ਸੁਣ ਰਹੇ ਸਨ। ਅਸੀਂ ਜਾਨਾਂ ਬਚਾਉਂਦੇ ਨੱਸੇ ਆਏ। ਉਹ ਖੇਮਕਰਨ ਤੋਂ ਅਗਾਂਹ ਤੱਕ ਸਾਡੇ ਮਗਰ ਆਏ। ਸਿਰਫ਼ ਪੰਜਾਂ ਸੱਤਾਂ ਮਿੰਟਾਂ ਦਾ ਹੀ ਫ਼ਰਕ ਪਿਆ ਕਿ ਅਸੀਂ ਉਨ੍ਹਾਂ ਦੀ ਜੱਦ ਵਿਚੋਂ ਨਿਕਲੇ। ਜਦ ਅਸੀਂ ਆਪਣੇ ਆਪ ਨੂੰ ਕੁਝ ਬਚ ਬਚਾਅ ਵਿਚ ਮਹਿਸੂਸ ਕੀਤਾ ਤਾਂ ਥੋੜ੍ਹਾ ਸਾਹ ਲਿਆ। ਇਲਾਕਾ ਚੰਗੀ ਤਰ੍ਹਾਂ ਜਾਣਦਾ ਸੀ। ਉਥੋਂ ਇਕ ਪਿੰਡ ਵਿਚੋਂ ਕੋਈ ਨਿੱਕਾ ਮੋਟਾ ਸਾਧਨ ਲੱਭਿਆ ਤੇ ਪਹੂਵਿੰਡ ਪਹੁੰਚੇ। ਪਹੂਵਿੰਡ ਬਾਬਾ ਬਿਧੀ ਚੰਦ ਦਾ ਪਿੰਡ ਹੈ ਤੇ ਇਥੇ ਉਨ੍ਹਾਂ ਦੇ ਟੱਬਰ ਨਾਲ ਸਰਦਾਰ ਹੋਰਾਂ ਦੀ ਚੰਗੀ ਸਾਂਝ ਸੀ। ਅਸੀਂ ਉਨ੍ਹਾਂ ਦੇ ਕੋਲ ਘਰ ਪਹੁੰਚੇ।

ਇਹ ਘਰਾਣਾ ਚੰਗੇ ਸਰਦੇ ਪੁੱਜਦੇ ਲੋਕਾਂ ਦਾ ਸੀ। ਬੰਦੇ ਚੰਗੇ ਵੱਡੇ ਸਰਦਾਰ ਸੀ। ਅਮੀਰ ਜ਼ਿਮੀਦਾਰ। ਉਨ੍ਹਾਂ ਅਗਲੀ ਸਵੇਰ ਸਾਨੂੰ ਇਕ ਲਾਰੀ ਦਾ ਪ੍ਰਬੰਧ ਕਰਕੇ ਦਿੱਤਾ। ਨਾਲ ਡਰਾਇਵਰ ਵੀ ਦਿੱਤਾ ਤੇ ਸਾਨੂੰ ਉਥੋਂ ਤੋਰਿਆ। ਉਸ ਲਾਰੀ ਵਿਚ ਅਸੀਂ ਇਥੇ ਪਿੰਡ ਪਹੁੰਚੇ। ਆਪਣੀ ਜਾਨ ਮਸਾਂ ਬਚਾ ਕੇ।'

'ਕਸੂਰ ਤੋਂ ਪਿੰਡ ਆਉਣ ਦੇ ਸਫ਼ਰ ਵਿਚ ਕਿਸ ਤਰ੍ਹਾਂ ਦਾ ਅਸਰ ਹੋਇਆ?' ਮੈਂ ਗੱਲ ਤੋਰਨ ਵਜੋਂ ਪੁੱਛਿਆ।

'ਬਹੁਤ ਈ ਮਾੜਾ। ਉਹ ਸਮਾਂ ਕਦੇ ਨਹੀਂ ਭੁੱਲ ਸਕਦਾ। ਸਭ ਤੋਂ ਪਹਿਲਾਂ ਕਸੂਰ ਬਰਾਂਚ ਵਾਲੀ ਵੱਡੀ ਨਹਿਰ ਦੇ ਪੁਲ ਕੋਲ ਇਕ ਲਾਸ਼ ਰੁਕੀ ਹੋਈ ਨਜ਼ਰੀਂ ਪਈ। ਜ਼ਿਲ੍ਹੇਦਾਰ ਸਾਹਿਬ ਨੇ ਲਾਰੀ ਰੁਕਵਾਈ। ਅਸਾਂ ਉੱਤਰ ਕੇ ਡਿੱਠਾ ਤਾਂ ਉਥੇ ਤਾਂ ਕਈ ਲਾਸ਼ਾਂ ਇਕ ਦੂਜੀ ਨਾਲ ਅਟਕੀਆਂ ਰੁਕੀਆਂ ਪਈਆਂ ਸਨ। ਅਗਾਂਹ ਤੁਰੇ ਤਾਂ ਸੜਕ ਦੇ ਕੰਢੇ ਕਈ ਮਰੇ ਹੋਏ ਲੋਕ ਪਏ ਸਨ। ਸੜਕ ਉਦੋਂ ਕੱਚੀ ਹੁੰਦੀ ਸੀ। ਸਾਰੇ ਰਾਹ ਏਨੀਆਂ ਲੋਥਾਂ ਵੇਖੀਆਂ ਕਿ ਗਿਣੀਆਂ ਨਹੀਂ ਸਨ ਜਾ ਸਕਦੀਆਂ। ਆਸੇ ਪਾਸੇ ਨੱਕ ਸਾੜਵੀਂ ਬੋਅ। ਉੱਤੋਂ ਅੱਤ ਦੀ ਗਰਮੀ। ਬੁਰੇ ਹਾਲੀਂ ਪਿੰਡ ਪਹੁੰਚੇ। ਬਹੁਤ ਬੁਰਾ ਅਸਰ ਹੋਇਆ। ਉਸ ਤੋਂ ਬੁਰਾ ਅਸਰ ਉਦੋਂ ਹੋਇਆ ਜਦੋਂ ਇੱਥੇ ਆ ਕੇ ਪਤਾ ਲੱਗਾ ਕਿ ਉਧਰ ਪਾਕਿਸਤਾਨ ਵਾਲੇ ਪਾਸੇ ਸਾਡੇ ਹਿੰਦੂਆਂ ਸਿੱਖਾਂ ਉੱਤੇ ਬਹੁਤ ਜ਼ੁਲਮ ਹੋਣ ਡਹੇ ਨੇ। ਮੁਸਲਮਾਨ ਧਾੜਵੀ ਰੱਜ ਕੇ ਕਤਲੇਆਮ ਕਰ ਰਹੇ ਨੇ। ਉਧਰ ਸਿਆਲਕੋਟ ਵੱਲ ਸੁਣਿਆ ਕਿ ਮੁਸਲਿਆਂ ਜ਼ਨਾਨੀਆਂ ਦੀ ਬੜੀ ਬੇਇੱਜ਼ਤੀ ਕੀਤੀ। ਉਨ੍ਹਾਂ ਦੇ ਥਣ ਵੱਢ-ਵੱਢ ਜਲੂਸ ਕੱਢੇ। ਉਨ੍ਹਾਂ ਗੱਡੀ ਭਰ ਲਾਸ਼ਾਂ ਦੀ ਅੰਬਰਸਰ ਵੱਲ ਤੋਰੀ ਹੈ। ਫਿਰ ਸਾਨੂੰ ਵੀ ਰੋਹ ਚੜ੍ਹ ਗਿਆ। ਅਸਾਂ ਗੱਭਰੂ ਮੁੰਡਿਆਂ ਨੇ ਟੋਲੇ ਬਣਾਏ ਤੇ ਹਥਿਆਰ ਇਕੱਠੇ ਕੀਤੇ। ਕਿਰਪਾਨਾਂ, ਬਰਛੇ, ਛਵ੍ਹੀਆਂ ਜੋ ਵੀ ਲੱਭਾ ਫੜਿਆ ਤੇ ਆ ਬੁਤਾਲੇ ਦੀ ਘੇਰਾਬੰਦੀ ਕਰ ਲਈ। ਬੁਤਾਲਾ ਵੱਡਾ ਪਿੰਡ ਹੈ। ਏਥੇ ਮੁਸਲਮਾਨਾਂ ਦੀ ਵੱਡੀ ਤਾਦਾਦ ਸੀ। ਲਾਗੇ ਦੇ ਹੋਰ ਵੀ ਕਈ ਪਿੰਡਾਂ ਵਿਚ ਮੁਸਲਮਾਨ ਬਥੇਰੇ ਸਨ। ਇਨ੍ਹਾਂ ਵਿਚ ਬਹੁਤੇ ਨਿੱਕੇ ਕਿੱਤਿਆਂ ਵਾਲੇ - ਮੋਚੀ, ਜੁਲਾਹੇ, ਘੁਮਿਆਰ, ਤਰਖਾਣ। ਪਹਿਲਾਂ ਅਸਾਂ ਬੁਤਾਲਾ ਘੇਰਿਆ। ਆਸੇ ਪਾਸੇ ਨਾਕੇ ਲਾਏ ਤੇ ਪਿੰਡ ਵੜ ਕੇ ਲੱਗੇ ਮੁਸਲੇ ਲੱਭ ਲੱਭ ਮਾਰਨ। ਬੜੇ ਆਹੂ ਲਾਹੇ। ਸਮਝੋ ਪਈ ਬੰਦਾ ਮਾਰਨ ਲੱਗਿਆਂ ਕੋਈ ਦਰੇਗ ਨਹੀਂ ਸੀ ਆਉਂਦਾ। ਵੱਢ-ਵੱਢ ਸੱਥਰ ਲਾਹ ਦਿੱਤੇ। ਕਿਸੇ ਦੇ ਰੋਣ ਦਾ, ਤਰਲਿਆਂ ਦਾ ਕੋਈ ਅਸਰ ਨਾ.....।'

ਜੋਤਹੀਣ ਅੱਖਾਂ ਦੇ ਦੁਧੀਆ ਬਲੌਰਾਂ ਵਰਗੇ ਡੇਲੇ ਬੀਤੇ ਦੇ ਨਕਸ਼ ਚਿਤਾਰ ਰਹੇ ਸਨ। ਨਕਸ਼ ਜਿਹੜੇ ਅਜੇ ਵੀ ਕਿਤੇ ਗੁੰਮ ਨਹੀਂ ਸਨ ਹੋਏ। ਹਨ੍ਹੇਰਿਆਂ ਨਾਲ ਦੀਰਘ ਰਿਸ਼ਤਾ ਗੰਢਣ ਵਾਲੀਆਂ ਅੱਖਾਂ ਵਿਚ ਕੋਈ ਭਾਵ ਨਹੀਂ ਸੀ। ਪਿੱਛੇ ਦਿਮਾਗ ਦੇ ਕਿਸੇ ਖਾਨੇ ਵਿਚ ਧੁੰਦਲੇ ਨਕਸ਼ ਰਲਗੱਡ ਹੋ ਰਹੇ ਸਨ। ਚਾਹ ਦਾ ਆਖਰੀ ਸੁੜ੍ਹਾਕਾ ਮਾਰ ਕੇ ਉਸਨੇ ਟਟੋਲ ਕੇ ਗਿਲਾਸੀ ਹੇਠਾਂ ਜ਼ਮੀਨ 'ਤੇ ਰੱਖ ਦਿੱਤੀ।



ਸਲਮਾਨ ਪੁੱਛਿਆ, 'ਫੇਰ ਬਾਬਾ ਜੀ?'

'ਫੇਰ ਕੀ, ਉਹ ਦਿਨ ਹੀ ਅਜਿਹੇ ਸੀ। ਲਹੂ ਚਿੱਟਾ ਹੋ ਗਿਆ ਸੀ। ਮਜ਼ਹਬੀ ਜਨੂੰਨ ਸਿਰ ਚੜ੍ਹਿਆ ਸੀ। ਬੰਦਾ ਮਾਰ ਕੇ ਠੰਢ ਪੈਂਦੀ ਸੀ। ਲੋਕਾਂ ਰੱਜ ਕੇ ਲੁੱਟ ਕੀਤੀ। ਦਾਣਾ-ਫੱਕਾ, ਜੁੱਲੀਆਂ-ਬਿਸਤਰੇ, ਡੰਗਰ-ਵੱਛਾ, ਜੋ ਵੀ ਲੱਭਾ ਲੁੱਟਿਆ ਤੇ ਆਪਣੇ ਘਰੀਂ ਢੋਅ ਲਿਆ। ਉਧਰ ਵੀ ਇਵੇਂ ਹੀ ਹੋਇਆ ਸੀ। ਉਥੇ ਕਸੂਰ ਵੱਲ ਵੀ। ਸਾਡੇ ਲੋਕ ਉਥੇ ਬਥੇਰੇ ਅਮੀਰ ਸਨ। ਕਈਆਂ ਤਾਂ ਆਪਣੇ ਘਰੀਂ ਟੋਏ ਪੁੱਟ-ਪੁੱਟ ਚੀਜ਼ਾਂ ਲੁਕਾਈਆਂ। ਗਹਿਣੇ, ਪੈਸੇ, ਹੋਰ ਚੀਜ਼ਾਂ। ਬਾਅਦ ਵਿਚ ਖੌਰੇ ਕਿਸੇ ਨੂੰ ਲੱਭੇ ਕਿ ਨਾ? ਕੋਈ ਲੈਣ ਗਿਆ ਵੀ ਕਿ ਨਾ? ਏਧਰ ਵੀ ਬੜਾ ਕੁਝ ਹੋਇਆ। ਜਿਹੜਾ ਜਿੰਨਾ ਵੱਡਾ ਓਸ ਓਨੀ ਵੱਡੀ ਲੁੱਟ ਕੀਤੀ। ਲੋਕਾਂ ਘਰ ਭਰ ਲਏ। ਅਸੀਂ ਵੱਢ ਟੁੱਕ ਨੂੰ ਟੱਕਰੇ ਸਾਂ। ਸਾਡਾ ਵੀਹਾਂ ਪੰਝੀਆਂ ਜਣਿਆਂ ਦਾ ਟੋਲਾ ਸੀ। ਅਸਾਂ ਬੁਤਾਲੇ ਦੀ ਹੇਠਲੀ ਉੱਤੇ ਲੈ ਆਂਦੀ। ਕੱਚੇ ਘਰਾਂ ਦੇ ਕੋਠੇ ਟੱਪਦੇ ਤੇ ਹੇਠਾਂ ਵਿਹੜਿਆਂ ਵਿਚ ਛਾਲਾਂ ਮਾਰਦੇ। ਕੰਧਾਂ ਕੌਲਿਆਂ ਉਹਲੇ ਲੁਕੇ ਬੰਦਿਆਂ ਨੂੰ ਧੂਹ ਕੇ ਬਾਹਰ ਕੱਢਦੇ ਤੇ ਤਲਵਾਰ ਦੇ ਇਕੋ ਵਾਰ ਨਾਲ ਧੌਣ ਲਾਹ ਕੇ ਅਹੁ ਮਾਰਦੇ ਜਾਂ ਬਰਛਾ ਢਿੱਡ ਦੇ ਆਰ-ਪਾਰ ਲੰਘਾ ਦਿੰਦੇ। ਇਕ ਪੂਰਾ ਦਿਨ ਅਸਾਂ ਉਹ ਵੱਢ ਕੱਟ ਕੀਤੀ। ਆਸੇ-ਪਾਸੇ ਲਾਸ਼ਾਂ ਹੀ ਲਾਸ਼ਾਂ,ਖ਼ੂਨ ਹੀ ਖ਼ੂਨ। ਜਿਵੇਂ ਕਸੂਰੋਂ ਆਉਂਦਿਆਂ ਅਸਾਂ ਰਾਹ ਵਿਚ ਡਿੱਠਾ ਸੀ। ਅਗਲੇ ਦਿਨ ਲਾਸ਼ਾਂ ਨੂੰ ਧੂਹ ਧੂਹ ਇਕ ਥਾਂ ਇਕੱਠਿਆਂ ਕੀਤਾ ਤੇ ਤਿੰਨ ਵੱਡੇ ਗੱਡੇ ਭਰੇ। ਨਾਲ ਹੀ ਲਹੂ ਦੇ ਭਰੇ ਜੁੱਲੇ ਬਿਸਤਰੇ ਸੁੱਟੇ। ਰੱਸੀਆਂ ਬੇੜਾਂ ਨਾਲ ਉਨ੍ਹਾਂ ਨੂੰ ਬੰਨ੍ਹਿਆ। ਤਿੰਨੇ ਗੱਡੇ ਬਿਆਸਾ ਵੱਲ ਲੈ ਤੋਰੇ। ਮਗਰ ਪੈਂਹਠ ਸੱਤਰ ਜ਼ਨਾਨੀਆਂ ਤੁਰੀਆਂ ਜ਼ਨਾਨੀਆਂ ਅਸਾਂ ਘੱਟ ਮਾਰੀਆਂ ਸੀ। ਅਸਾਂ ਕਿਹਾ, ਘਰੀਂ ਮੁੜ ਜਾਓ, ਅਸੀਂ ਵਾਪਸ ਮੁੜਦੇ ਆਂ ਤਾਂ ਤੁਹਾਨੂੰ ਵੰਡ ਵੰਡਾ ਕੇ ਆਪਣੇ ਘਰੀਂ ਬਿਠਾ ਲਵਾਂਗੇ। ਪਰ ਉਹ ਸਹੁਰੀਆਂ ਮੁੜੀਆਂ ਨਹੀਂ। ਨਾ ਉਨ੍ਹਾਂ ਸਾਡੀ ਗੱਲ ਸੁਣੀ। ਜਦੋਂ ਬਿਆਸ ਦਰਿਆ ਵਿਚ ਅਸਾਂ ਤਿੰਨਾਂ ਗੱਡਿਆਂ ਦੀਆਂ ਲਾਸ਼ਾਂ ਰੋੜ੍ਹੀਆਂ ਉਨ੍ਹਾਂ ਸਾਰੀਆਂ ਕਿਹਾ, ਜੋ ਸਾਡੇ ਮਾਲਕ ਨਹੀਂ ਰਹੇ, ਅਸਾਂ ਵੀ ਨਹੀਂ ਰਹਿਣਾ। ਉਨ੍ਹਾਂ ਸਾਡੇ ਰੋਕਣ ਦੇ ਬਾਵਜੂਦ ਵਾਰੋ ਵਾਰੀ ਦਰਿਆ ਵਿਚ ਛਾਲਾਂ ਮਾਰ ਦਿੱਤੀਆਂ। ਅਸਾਂ ਬਾਹਾਂ ਫੜ ਫੜ ਹਟਾਉਣਾ ਚਾਹਿਆ, ਪਰ ਉਨ੍ਹਾਂ ਸਾਡੀ ਇੱਕ ਨਹੀਂ ਸੁਣੀ। ਸਹੁਰੀਆਂ ਦੀਨ ਦੀਆਂ ਬੜੀਆਂ ਪੱਕੀਆਂ ਸੀ। ਅਸੀਂ ਖਾਲੀ ਗੱਡੇ ਲੈ ਕੇ ਵਾਪਸ ਮੁੜ ਆਏ।

'ਤੁਸੀਂ ਕਿਹਾ ਨਾ ਬੰਦੇ ਮਾਰ ਕੇ ਸਕੂਨ ਮਿਲਦਾ ਸੀ ਪਰ ਕਿਸੇ ਗੱਲ ਨੇ ਦੁਖੀ ਨਾ ਕੀਤਾ?'

'ਇੱਕ ਸਾਲ ਡੇਢ ਸਾਲ ਦਾ ਮੁੰਡਾ ਸੀ। ਗਲੀ ਵਿਚ ਰੋਂਦਾ ਫਿਰੇ। ਸਾਡੇ 'ਚੋਂ ਇਕ ਜਣਾ ਕਹਿਣ ਲੱਗਾ, ਇਹਦਾ ਕੀ ਕਰੀਏ? ਇਹਦੇ ਮਾਂ-ਬਾਪ ਤਾਂ ਵੱਢੇ ਗਏ। ਇਹਨੂੰ ਕੌਣ ਪਾਲੂ? ਤਾਂ ਦੂਜੇ ਆਖਿਆ, ਇਹਦਾ ਵੀ ਪੁੰਨ ਕਰੋ। ਇਸ ਵੇਲੇ ਇਹਨੂੰ ਮਾਰਨਾ ਜਾਇਜ਼ ਆ। ਤਾਂ ਉਹਨੇ ਆਪ ਹੀ ਬਰਛਾ ਮਾਰ ਕੇ ਉਹਦੀ ਧੌਣ ਲਾਹ ਕੇ ਅਹੁ ਮਾਰੀ। ਇਸ ਗੱਲ ਦਾ ਮੇਰੇ 'ਤੇ

ਬੜਾ ਅਸਰ ਹੋਇਆ। ਇਹ ਗੱਲ ਮੈਨੂੰ ਚੰਗੀ ਨਾ ਲੱਗੀ।

'ਇਹ ਨਫ਼ਰਤ ਵਾਲਾ ਮਾਹੌਲ ਇਕਦਮ ਬਣ ਗਿਆ ਕਿ ਵੰਡ ਤੋਂ ਪਹਿਲਾਂ ਵੀ ਕਿਤੇ ਹੈ ਸੀ?' ਦੇਵਿੰਦਰ ਨੇ ਪੁੱਛਿਆ।

'ਪਹਿਲਾਂ ਕਿੱਥੇ ਸੀ? ਸਾਰੇ ਮਿਲਜੁਲ ਕੇ ਰਹਿੰਦੇ ਸੀ। ਅਸੀਂ ਮੁੰਡੇ ਖੁੰਡੇ ਸ਼ਾਮੀਂ ਕਬੱਡੀਆਂ ਖੇਡਦੇ, ਘੁਲਦੇ। ਮੇਰੇ ਬਹੁਤੇ ਯਾਰ ਮੁਸਲਮਾਨਾਂ ਦੇ ਮੁੰਡੇ ਸੀ - ਅਹਿਮਦ, ਗੇਲੂ, ਮੁਹੰਮਦੀ। ਲੋਕ ਇਕ ਦੂਜੇ ਦੇ ਘਰੀਂ ਦੁੱਖ-ਸੁੱਖ ਨੂੰ ਜਾਂਦੇ। ਵਿਆਹ ਸ਼ਾਦੀਆਂ 'ਤੇ ਕੱਠੇ ਹੁੰਦੇ। ਇਕ ਦੂਜੇ ਦਾ ਖਾ ਵੀ ਲੈਂਦੇ ਸਨ। ਈਦ ਨੂੰ ਮੁਸਲਮਾਨ ਬੱਕਰੇ ਜ਼ਿਬਾਹ ਕਰਦੇ ਤਾਂ ਲੋਕਾਂ ਨੂੰ ਮੀਟ ਵੰਡਦੇ। ਸਾਡੇ ਲੋਕ ਉਂਝ ਤਾਂ ਹਲਾਲ ਵਾਲਾ ਮੀਟ ਨਹੀਂ ਸੀ ਖਾਂਦੇ ਪਰ ਕਈ ਮੁਫ਼ਤ ਦਾ ਲੈ ਕੇ ਖਾ ਵੀ ਲੈਂਦੇ ਸਨ। ਮੁਸਲਮਾਨ ਸਾਡੇ ਸਿੱਖਾਂ ਹਿੰਦੂਆਂ ਦੇ ਘਰੋਂ ਰਿੱਧਾ ਪੱਕਾ ਖਾ ਲੈਂਦੇ ਸਨ। ਕੋਈ ਬਹੁਤੀ ਤੇਰ ਮੇਰ ਨਹੀਂ ਸੀ। ਜਦੋਂ ਰੌਲੇ ਪਏ ਤਾਂ ਫਿਰ ਕੋਈ ਪਛਾਣ ਨਾ ਰਹੀ। ਕੋਈ ਦਰਦ ਨਾ ਰਿਹਾ। ਲਹੂ ਸਫ਼ੈਦ ਹੋ ਗਿਆ।

'ਬਾਬਾ ਜੀ, ਇਹ ਦੱਸੋ ਪਈ ਜ਼ਨਾਨੀਆਂ ਨਾਲ ਜ਼ੋਰ ਜ਼ਬਰ ਵੀ ਹੋਇਆ?' ਸਲਮਾਨ ਨੇ ਪੁੱਛਿਆ।

'ਹੋਇਆ ਹੋਊ ਜ਼ਰੂਰ ਪਰ ਆਪਾਂ ਨਹੀਂ ਕੀਤਾ। ਬਾਕੀ ਬਈ ਜਦੋਂ ਮੂਲੀ ਗਾਜਰ ਵਾਂਗ ਬੰਦਾ ਵੱਢਿਆ ਜਾ ਸਕਦਾ ਸੀ ਤਾਂ ਇਹ ਗੱਲ ਕਿਹੜੀ ਏਡੀ ਵੱਡੀ ਸੀ। ਸੁਣਿਆ ਲੋਕਾਂ ਕੀਤਾ ਵੀ ਐਦਾਂ, ਪਰ ਆਪਾਂ ਨ੍ਹੀਂ।' ਦੂਧੀਆ ਰੰਗੇ ਬਲੌਰ ਘੁੰਮੇ। ਸ਼ਾਇਦ ਬਾਬਾ ਘਰ ਵਿਚ ਬੈਠੀ ਤੀਵੀਂ ਤੋਂ ਸੰਕੋਚ ਕਰ ਗਿਆ ਜਾਂ ਵੱਡੀ ਉਮਰ ਦਾ ਲਿਹਾਜ਼ ਕਰ ਗਿਆ ਕਿ ਮੰਨਿਆ ਨਾ। ਨਾ ਹੀ ਲਾਗੇ ਚੁੱਪ ਬੈਠੇ ਕਾਲਾ ਸਿਹੁੰ ਨੇ ਕੋਈ ਹਾਮੀ ਭਰੀ।

ਮੈਂ ਗੱਲ ਬਦਲੀ, 'ਬਾਬਾ ਜੀ, ਉਹ ਤੁਹਾਡੇ ਯਾਰ ਬੇਲੀ ਜਿਹੜੇ ਪਾਕਿਸਤਾਨ ਚਲੇ ਗਏ ਮੁੜ ਆਏ ਕਦੇ?'

'ਆਏ, ਇਕ ਦੋ ਵਾਰ। ਸਾਡੇ ਗਲੀਂ ਲੱਗ ਕੇ ਰੋਏ। ਉਧਰ ਵਿਚਾਰੇ ਖਿੱਲਰ ਪੁੱਲਰ ਗਏ। ਕੋਈ ਕਿਧਰੇ ਕੋਈ ਕਿਧਰੇ। ਸਭ ਖੁਆਰ ਹੋ ਗਏ। ਆਪਣਾ ਪਿੰਡ ਵੇਖ ਕੇ ਬੜਾ ਰੋਏ। ਅਸਾਂ ਵੀ ਕਿਹਾ, ਪਤਾ ਨਹੀਂ ਯਾਰੋਂ ਕਿੱਦਾਂ ਹਨ੍ਹੇਰ ਗਰਦੀ ਪੈ ਗਈ। ਕੈਸਾ ਜਨੂੰਨ ਚੜ੍ਹ ਗਿਆ ਕਿ ਆਪਣੇ ਬੇਗਾਨੇ ਦੀ ਪਛਾਣ ਈ ਭੁੱਲ ਗਈ। ਕੁਝ ਸਮਝ ਨਹੀਂ ਲੱਗੀ ਕਿ ਉਦੋਂ ਹੋ ਕੀ ਗਿਆ ਸੀ। ਏਨੇ ਬੇਕਿਰਕ ਕਿੱਦਾਂ ਹੋ ਗਏ ਸਾਂ? ਫਿਰ ਮੇਰੀ ਨਜ਼ਰ ਚਲੀ ਗਈ। ਨਜ਼ਰ ਗਈ ਤਾਂ ਸੋਚਿਆ ਕਿਸੇ ਦੀ ਬਦਦੁਆ ਲੱਗੀ ਹੈ। ਪਤਾ ਨਹੀਂ ਕਿਹਦੀ? ਕਿਸੇ ਬੇਗੁਨਾਹ ਦੀ ਹਾਅ ਪਈ ਹੈ ਕਿ ਰੱਬ ਨੇ ਮੈਨੂੰ ਅੰਨ੍ਹਾ ਕਰ ਦਿੱਤਾ। ਵੀਹ ਸਾਲ ਹੋ ਗਏ ਨੇ। ਉਹ ਤਿੰਨ ਲਾਸ਼ਾਂ ਦੇ ਭਰੇ ਗੱਡੇ ਨਹੀਂ ਭੁੱਲਦੇ। ਉਹ ਵਿਰਲਾਪ ਕਰਦੀਆਂ ਜ਼ਨਾਨੀਆਂ ਦਾ ਖ਼ਿਆਲ ਨਹੀਂ ਜਾਂਦਾ। ਉਹ ਸਾਲ ਭਰ ਦਾ ਫੂਹੀ ਜਿੰਨਾ ਬੱਚਾ ਨਹੀਂ ਵਿਸਰਦਾ। ਪਤਾ ਨਹੀਂ ਕਿਹਦਾ ਸਰਾਪ ਲੱਗਾ? ਜਦੋਂ ਸਾਹਿਬ ਦਾ ਅਰਦਲੀ ਸਾਂ ਤਾਂ ਉਹਦੇ ਕਹਿਣ 'ਤੇ ਮੁਰਗਾ ਵਗੈਰਾ ਝਟਕਾ ਦਿੰਦਾ ਸਾਂ। ਉਹ



ਕਹਿੰਦਾ ਤਾਂ ਏਧਰੋਂ-ਉਧਰੋਂ ਸਹਿਆ ਖਰਗੋਸ਼ ਵੀ ਫੜ ਲਿਆਉਂਦਾ ਤੇ ਵੱਢ ਕੇ ਧਰ ਦਿੰਦਾ। ਬਾਅਦ ਵਿਚ ਐਸੀ ਦਿਮਾਗ ਨੂੰ ਪਲਟੀ ਲੱਗੀ ਕਿ ਕਿਸੇ ਜਾਨਵਰ ਨੂੰ ਵੱਢਣਾ ਮਾਰਨਾ ਤਾਂ ਦੂਰ ਮੀਟ ਵੀ ਖਾਣ ਨੂੰ ਦਿਲ ਨਹੀਂ ਕੀਤਾ। ਕਿਸੇ ਨਾਲ ਮੁੜ ਕਦੇ ਮਾੜਾ ਨਹੀਂ ਕੀਤਾ। ਨੇਕ ਕਮਾਈ ਕੀਤੀ ਦੇ ਹੱਕ ਦਾ ਖਾਧਾ। ਪਰ, ਇਹ ਮੈਨੂੰ ਪੱਕਾ ਪਤਾ ਕਿ ਕਿਸੇ ਦਾ ਹਉਂਕਾ ਲੈ ਬੈਠਾ।'

'ਵੰਡ ਤੋਂ ਬਾਅਦ ਕਿੰਨਾ ਕੁ ਚਿਰ ਨੌਕਰੀ ਕੀਤੀ?' ਗ਼ਮਗੀਨ ਮਾਹੌਲ ਨੂੰ ਛੱਡਣ ਦੀ ਖ਼ਾਤਿਰ ਦੇਵਿੰਦਰ ਨੇ ਪੁੱਛਿਆ।

'ਮਾਲ ਅਫ਼ਸਰ ਨੇ ਇਧਰ ਵੀ ਮੈਨੂੰ ਨਾਲ ਹੀ ਰੱਖਿਆ। ਪੰਜ ਕੁ ਸਾਲ ਅੰਬਾਲੇ ਰਹੇ। ਫਿਰ ਅੰਬਰਸਰ। ਜਦੋਂ ਭਰਾ ਦੀ ਮੌਤ ਹੋਈ ਤਾਂ ਮੈ ਕਿਹਾ, ਸਾਹਿਬ ਜੀ, ਮੈਨੂੰ ਹੁਣ ਛੁੱਟੀ ਦਿਓ। ਮੇਰੀ ਮਜਬੂਰੀ ਆ। ਉਨ੍ਹਾਂ ਕਿਹਾ ਕੁਝ ਸਾਲ ਹੋਰ ਟਿਕ ਤੇਰੀ ਪੈਨਸ਼ਨ ਲੱਗ ਜਾਊ, ਪਰ ਮੈਂ ਨਹੀਂ ਮੰਨਿਆ ਤੇ ਘਰ ਆ ਗਿਆ।' ਦੂਧੀਆ ਬਲੌਰਾਂ ਵਰਗੇ ਡੇਲੇ ਦਿਮਾਗ ਦੀ ਕਿਸੇ ਕੁੰਦਰ ਵਿਚੋਂ ਸਹਿਕਦੇ, ਦਮ ਤੋੜਦੇ ਨਕਸ਼ਾਂ ਨੂੰ ਚਿਤਾਰਦੇ ਘੁੰਮਣ ਲੱਗੇ ਤੇ ਜ਼ੁਬਾਨ ਟੁੱਟੀ ਲੜੀ ਜੋੜਨ ਲੱਗੀ, 'ਬਾਕੀ ਇਕ ਗੱਲ ਮੇਰੀ ਸਮਝ ਵਿਚ ਆਉਂਦੀ ਆ, ਉਹ ਮਜ਼ਹਬੀ ਝਗੜਾ ਸੀ ਜਿਹੜਾ ਹੋਣਾ ਨਹੀਂ ਸੀ ਚਾਹੀਦਾ। ਮਜ਼ਹਬੀ ਝਗੜਿਆਂ 'ਚ ਬੰਦਾ ਅੰਨ੍ਹਾ ਹੋ ਜਾਂਦਾ। ਉਦੋਂ ਮੈਨੂੰ ਮਜ਼ਹਬੀ ਜਨੂੰਨ ਨੇ ਅੰਨ੍ਹਾ ਕਰ ਦਿੱਤਾ ਸੀ, ਹੁਣ ਰੱਬ ਨੇ। ਕਿਸੇ ਦੀ ਹਾਅ ਨੇ। ਹੁਣ ਪਛਤਾਉਂਦਾ ਹਾਂ ਕਿ ਉਦੋਂ ਉਹ ਸਭ ਕਿਉਂ ਕੀਤਾ। ਆਪਣੇ ਆਪ ਨੂੰ ਪੁੱਛਦਾ ਹਾਂ, ਭਈ ਉਦੋਂ ਤੈਨੂੰ ਹੋ ਕੀ ਗਿਆ ਸੀ, ਪਰ ਕੋਈ ਜੁਆਬ ਨਹੀਂ ਲੱਭਦਾ। ਹੁਣ ਕਦੇ-ਕਦੇ ਨੀਂਦ ਨਹੀਂ ਆਉਂਦੀ। ਕਿੰਨਾ ਕਿੰਨਾ ਚਿਰ ਉੱਠ ਕੇ ਬੈਠਾ ਰਹਿੰਦਾ ਹਾਂ। ਸੋਚਦਾ ਰਹਿੰਦਾ ਹਾਂ। ਪਰ ਸੋਚਣ ਨਾਲ ਹੁਣ ਕੀ ਹੋਣਾ? •

61, ਫਰੈਂਡਜ਼ ਕਾਲੋਨੀ, ਅੰਮ੍ਰਿਤਸਰ

ਲਹਿੰਦੇ ਪੰਜਾਬ ਦੇ
ਪੰਜਾਬੀ ਕਵੀ
**ਬਾਬਾ ਨਜਮੀ**
ਦੀ
**ਚੋਣਵੀਂ ਕਵਿਤਾ**
**ਸੰਪਾਦਕ ਹਰਭਜਨ ਸਿੰਘ ਹੁੰਦਲ**
ਪੰਨੇ 210, ਮੁੱਲ 200/-
**ਪੰਜਾਬੀ ਸੱਥ ਲਾਂਬੜਾ, ਜਲੰਧਰ**

# ਕਵਿਤਾ ਦੀ ਸਿਰਜਣਾ

**- ਹਰਭਜਨ ਸਿੰਘ ਹੁੰਦਲ**

ਕਵਿਤਾ ਦੀ ਆਮਦ ਦਾ ਕੋਈ ਵੇਲਾ ਵਕਤ ਨਹੀਂ ਹੈ ਅਰਥਾਤ ਇਸਦਾ ਕੋਈ ਟਾਈਮ-ਟੇਬਲ ਨਹੀਂ ਹੁੰਦਾ। ਕਵੀ ਲੱਖ ਵਾਰ ਕਲਮ ਤੇ ਕਾਪੀ ਲੈ ਕੇ ਬੈਠ ਜਾਵੇ ਇਹ ਨਹੀਂ ਉਤਰਦੀ। ਇਹ ਤਾਂ ਨਾਜ਼ਿਲ ਹੁੰਦੀ ਹੈ। ਬਿਜਲੀ ਦੇ ਲਿਸ਼ਕਾਰੇ ਵਾਂਗ ਉਦੈ ਹੁੰਦੀ ਹੈ। ਜੇ ਉਸ ਵੇਲੇ ਪਕੜੀ ਗਈ ਤਾਂ ਠੀਕ, ਨਹੀਂ ਤਾਂ ਫੇਰ ਲੱਭਿਆ ਵੀ ਨਹੀਂ ਥਿਆਉਂਦੀ। ਇਹ ਆਪ-ਮੁਹਾਰੀ ਉਤਰਦੀ ਹੈ। ਇਸ ਦਾ ਕੋਈ ਧਿੱਤ-ਵਾਰ ਨਹੀਂ ਹੈ। ਕਈ ਵਾਰ ਆਉਣ ਸਾਰ ਹੱਥਾਂ ਪੈਰਾਂ ਦੀ ਪਾ ਦਿੰਦੀ ਹੈ। ਉਸ ਵੇਲੇ ਕੋਈ ਵੀ ਕਾਗਜ਼, ਕਾਪੀ, ਅਖ਼ਬਾਰ ਦਾ ਵਰਕਾ, ਚਿੱਟ ਜਾਂ ਰਸੀਦ ਕੋਲ ਹੋਵੇ ਤਾਂ ਇਸਨੂੰ ਕੋਈ ਇਤਰਾਜ਼ ਨਹੀਂ। ਇਹ ਕਵੀ ਦੀ ਹਥੇਲੀ ਉੱਤੇ ਵੀ ਉਤਾਰੇ ਜਾਣ ਲਈ ਬਿਹਬਲ ਹੋ ਜਾਂਦੀ ਹੈ। ਕਈ ਵਾਰ ਇਸਦਾ ਲਗਾਤਾਰ ਰਉਂ ਬਣਿਆ ਰਹਿੰਦਾ ਹੈ। ਲੰਮੀਆਂ ਕਵਿਤਾਵਾਂ ਖੰਡ-ਕਾਵਿ ਜਾਂ ਮਹਾਂ-ਕਾਵਿ ਇਸੇ ਤਰ੍ਹਾਂ ਹੀ ਲਿਖੇ ਜਾਂਦੇ ਹਨ। ਅਜਿਹੇ ਵੇਲੇ ਕਦੇ-ਕਦੇ ਹੀ ਆਉਂਦੇ ਹਨ। ਕਵੀ ਤਾਂ ਬੱਸ ਪਰਾਗੇ ਲਾਹ-ਲਾਹ ਸੁੱਟੀ ਜਾਂ ਧਰੀ ਜਾਂਦਾ ਹੈ। ਉਸ ਵੇਲੇ ਅਜਿਹੀਆਂ ਸੁਭਾਗੀਆਂ ਘੜੀਆਂ ਨੂੰ ਪਕੜਨ ਦੀ ਗੱਲ ਹੁੰਦੀ ਹੈ। ਜੇ ਕਵੀ ਅਜਿਹੀ ਘੜੀ ਗਵਾ ਬੈਠੇ ਮਗਰੋਂ ਕਈ-ਕਈ ਦਿਨ ਪਛਤਾਉਂਦਾ ਰਹਿੰਦਾ ਹੈ। ਉਹ ਰਉਂ ਲਹਿ ਜਾਣ ਬਾਅਦ ਸ਼ਿਲਪੀ ਵਾਂਗ ਕਵੀ ਲਿਖੇ ਲਫਜ਼ਾਂ ਨੂੰ ਰੰਦਦਾ, ਤਰਾਸ਼ਦਾ ਤੇ ਰੇਤੀ ਲਾ-ਲਾ ਲਿਸ਼ਕਾਉਣ ਦਾ ਕਾਰਜ ਹੀ ਕਰਦਾ ਹੈ। ਰਚਨਾ ਸੰਪੂਰਨ ਹੋਣ ਉੱਤੇ ਉਹ ਇੱਕ ਖੁਸ਼ੀ ਤੇ ਖੁਮਾਰੀ ਨਾਲ ਭਰਪੂਰ ਆਨੰਦ ਦੀ ਅਵਸਥਾ ਵਿਚ ਹੁੰਦਾ, ਖ਼ੁਦ ਵੀ ਹੈਰਾਨ ਹੁੰਦਾ ਹੈ। ਸੋਚਦਾ ਹੈ, ਕਾਸ਼! ਉਹ ਘੜੀਆਂ ਜੰਮ-ਜੰਮ ਆਉਣ। ਮੇਰੀ ਜ਼ੁਬਾਨ ਨੂੰ ਮੇਰੀ ਮਾਂ ਬੋਲੀ ਨੂੰ ਭਾਗ ਲਾਉਣ! ਕਵੀ ਨੂੰ ਕਦੇ-ਕਦੇ ਸ਼ਬਦਾਂ ਦਾ ਜਾਦੂਗਰ ਵੀ ਆਖਿਆ ਜਾਂਦਾ ਹੈ। ਕਦੇ ਕਵੀ ਪੂਰਨ ਸਿੰਘ ਨੇ ਕਿਹਾ ਸੀ ਕਿ ਸ਼ਬਦ ਮੇਰੇ ਹੱਥਾਂ ਵਿਚੋਂ ਕਿਰਕਿਰ ਪੈਂਦੇ ਹਨ, ਮੈਥੋਂ ਸਾਂਭੇ ਨਹੀਂ ਜਾਂਦੇ। ਇੱਕ ਗੱਲ ਹੋਰ ... ਕਵਿਤਾ ਮਾਂ-ਬੋਲੀ ਵਿਚ ਹੀ ਲਿਖਣੀ ਸੰਭਵ ਹੈ।

ਪਰਾਈਆਂ ਬੋਲੀਆਂ ਵਿਚ ਤਾਂ ਇਹ ਅਨੁਵਾਦ ਹੋ ਸਕਦੀ ਹੈ, ਰਚੀ ਨਹੀਂ ਜਾ ਸਕਦੀ। ਜੇ ਕੋਈ ਅਜਿਹੀ ਗੁਸਤਾਖੀ ਕਰਦਾ ਹੈ ਤਾਂ ਉਹ ਭੁੱਲ ਕਰਦਾ ਹੈ। ਰਚਨਾ ਅਜਿਹੀਆਂ ਗੁਸਤਾਖੀਆਂ ਬਰਦਾਸ਼ਤ ਨਹੀਂ ਕਰਦੀ। ਕਵਿਤਾ ਦਿਲ ਦਾ ਮਾਮਲਾ ਹੈ, ਤਰਕ ਦਾ ਨਹੀਂ। ਇਹ ਜਜ਼ਬੇ ਦੇ ਸਿਰ ਉੱਤੇ ਜੀਊਂਦੀ ਹੈ, ਦਲੀਲਾਂ ਉੱਤੇ ਨਹੀਂ। ਇਹ ਪਾਠਕ ਜਾਂ ਸਰੋਤੇ ਦਾ ਹੱਥ ਫੜਕੇ ਨੀਲੇ ਅਸਮਾਨ ਉੱਤੇ ਸਤਰੰਗੀ ਪੀਂਘ ਦੇ ਕੋਲ ਲੈ ਜਾਂਦੀ ਹੈ ਤੇ ਉਸਨੂੰ ਆਖਦੀ ਹੈ, "ਲੈ ਇਥੋਂ ਵੇਖ ਆਪਣੀ ਧਰਤੀ ਨੂੰ, ਕਿਸ ਤਰ੍ਹਾਂ ਦੀ ਲੱਗਦੀ ਹੈ ਤੈਨੂੰ ਆਪਣੀ ਧਰਤੀ, ਆਪਣੇ ਲੋਕ" ਅਵੱਸ਼ ਹੀ ਧਰਤੀ ਥੋੜ੍ਹੀ-ਬਹੁਤੀ ਬਦਲੀ ਹੋਈ ਦਿਸੇਗੀ ਤੇ ਸੋਹਣੀ ਵੀ।

ਤੁਸੀਂ ਪੁੱਛ ਸਕਦੇ ਹੋ ਕਿ ਕਵਿਤਾ ਲਿਖਦਿਆਂ ਕਵੀ ਦੀ ਵਿਚਾਰਧਾਰਾ ਕਿਵੇਂ ਆਪਣਾ



ਰੋਲ ਅਦਾ ਕਰਦੀ ਹੈ। ਵਿਚਾਰ, ਸੋਚਾਂ ਵਿਚ, ਕਲਪਣਾ ਵਿਚ, ਘਿਉ-ਖਿਚੜੀ ਹੋਏ ਉਸ ਦੀਆਂ ਕਾਲਪਨਿਕ ਉਡਾਰੀਆਂ ਦਾ ਅਟੁੱਟ ਤੇ ਅਣਵੰਡ ਹਿੱਸਾ ਬਣ ਚੁੱਕੇ ਹੁੰਦੇ ਹਨ। ਉਹਨਾਂ ਨੂੰ ਕਵੀ ਦੀ ਸੋਚਣੀ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਰਚਨਾ ਵੇਲੇ ਕਵੀ ਦੀ ਹੋਂਦ, ਸਮੁੱਚੀ ਸ਼ਖ਼ਸੀਅਤ, ਉਸ ਦੀਆਂ ਤਾਂਘਾਂ, ਸੁਪਨੇ ਸਰਗਰਮ ਹੋਏ ਹੁੰਦੇ ਹਨ। ਉਸਦਾ ਸਮੁੱਚਾ ਆਪਾ ਤੇ ਵਜੂਦ ਸਿਰਜਣਾਤਮਿਕ ਹਰਕਤ ਵਿਚ ਆਇਆ ਹੁੰਦਾ ਹੈ। ਇਹਨਾਂ ਨੂੰ ਅੱਡ-ਅੱਡ ਖਾਨਿਆਂ ਵਿਚ ਵੰਡਿਆ ਨਹੀਂ ਜਾ ਸਕਦਾ। ਕਵੀ ਦੀ ਕਵਿਤਾ ਦੀ ਸਹੀ ਪਛਾਣ ਲਈ ਉਸਦੇ ਚਿੰਤਨ, ਆਲੇ-ਦੁਆਲੇ, ਪਰਿਵਾਰਕ ਪਿਛੋਕੜ ਤੇ ਉਸਦੇ ਯੁੱਗ ਦੀਆਂ ਚੁਣੌਤੀਆਂ ਦੀ ਜਾਣਕਾਰੀ ਚਾਹੀਦੀ ਹੁੰਦੀ ਹੈ। ਕੋਈ ਵੀ ਰਚਨਾ ਸਮੇਂ ਨਾਲੋਂ ਤੋੜ ਕੇ ਪਰਖੀ ਨਹੀਂ ਜਾ ਸਕਦੀ। ਜੇ ਕੋਈ ਐਸੇ ਸਿੱਟੇ ਕੱਢੇਗਾ ਤਾਂ ਉਹ ਗਲਤ ਤੇ ਅਧੂਰੇ ਕੱਢੇਗਾ। ਉਸਦੇ ਅਧਿਐਨ ਵਿਚ ਕਾਣੋ ਰਹਿ ਜਾਵੇਗੀ। ਕਵਿਤਾ ਵੀ ਆਲੇ-ਦੁਆਲੇ ਦੀ ਉਪਜ ਹੁੰਦੀ ਹੈ। ਇਸ ਵਿਚੋਂ ਵਰਤਮਾਨ ਤੇ ਬੀਤੇ ਦੇ ਨਕਸ਼ ਪਛਾਣੇ ਜਾ ਸਕਦੇ ਹਨ। ਕਲਪਨਾ ਦੀ ਉਡਾਰੀ ਵੀ ਸਮਾਜਿਕ ਹਾਲਤਾਂ ਤੋਂ ਪ੍ਰਭਾਵਿਤ ਹੁੰਦੀ ਹੈ। ਕਲਪਣਾ ਦੀ ਡੋਰ ਉੱਡਦੀ ਪਤੰਗ ਵਾਂਗ ਕਵੀ ਤੇ ਉਸਦੇ ਆਲੇ-ਦੁਆਲੇ ਦੇ ਹੱਥ ਹੁੰਦੀ ਹੈ। ਉਡਾਰੀਆਂ ਲਾ ਕੇ, ਕਵੀ ਨੇ ਬਾਜੀਆਂ ਪਾਉਂਦੇ ਬੀਬੇ ਕਬੂਤਰਾਂ ਵਾਂਗ ਵਾਪਸ ਧਰਤੀ ਤੇ ਹੀ ਆਉਣਾ ਹੁੰਦਾ ਹੈ। ਭੋਂ ਨਾਲੋਂ ਉਸਦਾ ਰਿਸ਼ਤਾ ਕਦੇ ਵੀ ਟੁੱਟਦਾ ਨਹੀਂ। ਜੇ ਟੁੱਟ ਜਾਵੇ ਤਾਂ ਉਸਦੀ ਕਵਿਤਾ ਵਿਚ ਸਮਾਜਿਕ ਚਿੱਤਰ ਨਹੀਂ ਹੁੰਦਾ। ਅਰਸ਼ੀ ਉਡਾਰੀਆਂ ਲਾਉਣ ਵਾਲੇ ਕਵੀ, ਧਰਤੀ ਦੇ ਲੋਕਾਂ ਦੇ ਕੁਝ ਨਹੀਂ ਲੱਗਦੇ ਹੁੰਦੇ। ਲੋਕਾਂ ਦੇ ਦਰਦ ਵੱਲ ਪਿੱਠ ਕਰਕੇ ਸਾਰਥਕ ਕਵਿਤਾ ਨਹੀਂ ਲਿਖੀ ਜਾ ਸਕਦੀ। ਜੇ ਕੋਈ ਕਵੀ ਕਾਲਪਨਿਕ ਜਾਂ ਰਚਨਾਤਮਕ ਨਹੀਂ ਹੈ ਤਾਂ ਹੋਰ ਭਾਵੇਂ ਕੁਝ ਹੀ ਹੋਵੇ, ਉਹ ਕਵੀ ਨਹੀਂ ਬਣ ਸਕਦਾ। ਹਾਂ ਉਹ ਅਖ਼ਬਾਰੀ ਖ਼ਬਰਾਂ ਸ਼ਾਇਦ ਬਣਾ ਸਕਦਾ ਹੋਵੇ।

ਜੇ ਕਵੀ ਦਾ ਆਪਣਾ ਨਿਜੀ ਦਰਦ, ਜਨ-ਜੀਵਨ ਦੇ ਦਰਦ ਨਾਲ ਸਾਂਝ ਨਹੀਂ ਪਾਉਂਦਾ ਤਾਂ ਉਸਦਾ ਇਹ ਨਿਜੀ ਵਿਰਲਾਪ ਪਾਠਕਾਂ ਤੇ ਸਰੋਤਿਆਂ ਦੇ ਕਿਸ ਕੰਮ? ਆਪਣੇ ਦਿਲ ਦੀ ਤਾਰ ਲੋਕਾਂ ਦੇ ਹਿਰਦਿਆਂ ਨਾਲ ਜੋੜ ਕੇ ਹੀ ਉੱਚੀ-ਸੁੱਚੀ ਤੇ ਜਾਨਦਾਰ ਕਵਿਤਾ ਰਚਣੀ ਸੰਭਵ ਹੈ।

ਜੇ ਤੂੰ ਚਾਹੇ ਖਿੜੇ ਗੀਤਾਂ ਵਿਚ ਸੱਜਰਾ ਗੁਲਾਬ?
ਨਾਤਾ ਜੋੜ ਲੈ ਪਕੇਰਾ ਛੰਨਾਂ, ਢਾਰਿਆਂ ਦੇ ਨਾਲ।

ਮੇਰੇ ਲਈ ਅਜੇ ਖ਼ੁਦ ਵੀ ਉਪਰੋਕਤ ਭਾਂਤ ਦੀ ਕਵਿਤਾ ਲਿਖਣੀ ਬਾਕੀ ਹੈ। ਮੈਂ ਅਜਿਹੀ ਕਵਿਤਾ ਦੀ ਤਲਾਸ਼ ਵਿਚ ਹਾਂ ਜੋ ਸੁਣਕੇ ਲੋਕ ਆਖਣ, "ਆਹ ਹੋਈ ਨਾ ਗੱਲ! ਇਹ ਤਾਂ ਸਾਡੀ ਗੱਲ ਕਰਦਾ ਹੈ।"

ਪਰ ਨਿਸ਼ਾਨੇ ਤਾਂ ਸਪੱਸ਼ਟ ਹੋਣੇ ਚਾਹੀਦੇ ਹਨ ਤੇ ਕਵੀ ਦੀ ਜੁਸਤਜੂ ਕਦੇ ਖ਼ਤਮ ਨਹੀਂ ਹੁੰਦੀ।

**ਜੂਝਦੇ ਹੋਏ ਲਹੂ ਦਾ ਕਿੱਸਾ ਸੁਣਾਉਂਦੇ ਰਹੀਦਾ।**

ਪੌਣ ਦੀ ਝੋਲੀ 'ਚ ਖੁਸ਼ਬੂ, ਗੀਤ ਪਾਉਂਦੇ ਰਹੀਦਾ।

ਮੈਂ ਜਾਣ-ਬੁੱਝ ਕੇ ਉਹਨਾਂ ਕਵੀਆਂ ਦੀ ਗੱਲ ਨਹੀਂ ਕੀਤੀ, ਜੋ ਸਿਰਫ਼ ਆਪਣੇ ਲਈ ਲਿਖਦੇ ਹਨ ਅਤੇ ਉਹ ਜਨ-ਸਾਧਾਰਨ ਵੱਲ ਪਿੱਠ ਕਰਕੇ ਖਲੋਂਦੇ ਹਨ। ਉਹਨਾਂ ਨੂੰ ਆਪਣਾ ਰਾਂਝਾ ਰਾਜ਼ੀ ਕਰਨ ਦਿਓ। ਖ਼ੁਆਰ ਹੋਏ ਸਭ ਮਿਲਣਗੇ। ਨਹੀਂ ਵੀ ਮਿਲਦੇ, ਤਾਂ ਨਾ ਸਹੀ। ਆਪਾਂ ਉਹਨਾਂ ਦੀ ਗੱਲ ਕਰੀਏ, ਜੋ ਆਪਣੇ ਨਿਜੀ ਦਰਦ ਨੂੰ ਲੋਕਾਂ ਦੇ ਦਰਦ ਤੇ ਵੇਦਨਾ ਨਾਲ ਇੰਝ ਜੋੜ ਲੈਂਦੇ ਹਨ ਕਿ ਨਿਖੇੜਾ ਕਰਨਾ ਮੁਸ਼ਕਿਲ ਹੋ ਜਾਂਦਾ ਹੈ।

ਸਾਨੂੰ ਪੁੱਛੋ, ਪਾਣੀ ਦਾ ਤੇ ਲਹੂ ਦੇ ਰੰਗ ਦਾ ਕੀ ਅੰਤਰ,
ਸਾਡਾ ਰਿਸ਼ਤਾ ਬਹੁਤ ਪੁਰਾਣਾ, ਲਹੂ ਭਰੇ ਦਰਿਆਵਾਂ ਨਾਲ।

ਸਪੱਸ਼ਟ ਹੈ ਕਿ ਇਸ ਸਵੈ-ਸੰਵਾਦ ਵਿਚ ਮੇਰਾ ਸੰਕੇਤ ਉਹਨਾਂ ਕਵੀਆਂ ਲੇਖਕਾਂ ਪ੍ਰਤੀ ਹੈ, ਜੋ ਆਪਣੇ ਅਕੀਦਿਆਂ ਤੇ ਵਿਸ਼ਵਾਸਾਂ ਪ੍ਰਤੀ ਵਚਨਬੱਧ ਹਨ ਜਾਂ ਫਿਰ ਉਹ ਚੰਗੇਰੇ ਸਮਾਜਿਕ ਪਰਿਵਰਤਨ ਲਈ ਆਪਣੀ ਕਵਿਤਾ/ਕਲਾ ਨੂੰ ਸਮਰਪਿਤ ਕਰਨ ਦੇ ਇੱਛਾਵਾਨ ਹਨ। ਵਚਨਬੱਧਤਾ ਦੇ ਬਿਖੜੇ ਤੇ ਔਝਲ ਮਾਰਗ ਉੱਤੇ ਤੁਰਨ ਲਈ, ਲੋੜੀਂਦੀ ਪ੍ਰੇਰਨਾ ਤੇ ਉਤਸ਼ਾਹ ਲੈਣ ਲਈ ਸਾਡੇ ਕੋਲ ਵਿਸ਼ਵ ਭਰ ਦੇ ਲੇਖਕਾਂ ਦੇ ਪੈਂਤੜਾ ਲੈਣ ਦੀਆਂ ਅਨੇਕ ਮਿਸਾਲਾਂ ਹਨ। ਮਨ-ਪਰਚਾਵੇ ਲਈ ਜਾਂ ਸਵੈ-ਪ੍ਰਗਟਾਵੇ ਲਈ ਲਿਖਿਆ, ਅਤਿ ਦਾ ਨਿਜੀਵਾਦੀ ਕਾਵਿ ਸਾਡੇ ਇਸ ਘੇਰੇ ਵਿਚ ਨਹੀਂ ਆਉਂਦਾ। ਪਰ ਸੰਵੇਦਨਸ਼ੀਲ ਲੇਖਕਾਂ/ਕਲਾਕਾਰਾਂ ਵਿਚੋਂ ਕਈ ਵਿਅਕਤੀ ਹੌਲੀ-ਹੌਲੀ ਇਹਨਾਂ ਬਿਖੜੇ ਰਾਹਾਂ ਉੱਤੇ ਤੁਰਨ ਲਈ ਪ੍ਰੇਰਿਤ ਹੋ ਜਾਂਦੇ ਹਨ। ਬਹੁਤ ਕੁਝ ਇਸ ਗੱਲ ਉੱਤੇ ਵੀ ਨਿਰਭਰ ਕਰਦਾ ਹੁੰਦਾ ਹੈ ਕਿ ਸਮਕਾਲੀ ਹਾਲਾਤ ਕਿਸੇ ਭਾਂਤ ਦੇ ਹਨ, ਕਿਹੜੀਆਂ ਧਿਰਾਂ ਕਿਹੜੇ ਮੁੱਦਿਆਂ ਲਈ ਜੂਝ ਰਹੀਆਂ ਹਨ। ਲੜਾਈ ਦਾ ਪੱਧਰ, ਪ੍ਰਭਾਵ ਤੇ ਸੇਧ ਕੈਸੀ ਹੈ। ਇਹਨਾਂ ਘਟਨਾਵਾਂ ਦਾ ਪ੍ਰਭਾਵ ਸੁਚੇਤ ਜਾਂ ਅਚੇਤ ਪ੍ਰਤਿਭਾਸ਼ੀਲ ਕਵੀਆਂ, ਲੇਖਕਾਂ ਤੇ ਕਲਾਕਾਰਾਂ ਉੱਤੇ ਪੈਂਦਾ ਰਹਿੰਦਾ ਹੈ। ਤੇ ਮੈਕਸਿਮ ਗੋਰਕੀ ਦਾ ਇਤਿਹਾਸਕ ਪ੍ਰਸ਼ਨ ਸਾਨੂੰ ਬਾਰ ਬਾਰ ਪੁੱਛਦਾ ਰਹਿੰਦਾ ਹੈ ਕਿ "ਸਭਿਆਚਾਰ ਦੇ ਵਾਰਸੋ, ਤੁਸੀਂ ਕਿਸ ਧਿਰ ਵੱਲ ਖਲੋਤੇ ਹੋ?" ਹਰ ਯੁੱਗ, ਹਰ ਸਥਿਤੀ ਵਿਚ ਕਦੇ ਨਾ ਕਦੇ ਅਸੀਂ ਸਾਰੇ ਹੀ ਲੇਖਕ ਇਸ ਪ੍ਰਸ਼ਨ ਦੇ ਸਨਮੁੱਖ ਹੁੰਦੇ ਹਾਂ। ਬਹੁਤ ਕੁਝ ਸਾਡੀ ਸੰਵੇਦਨਸ਼ੀਲਤਾ ਅਤੇ ਸੁਹਿਰਦਤਾ ਉੱਤੇ ਨਿਰਭਰ ਕਰਦਾ ਹੈ। ਸਮਕਾਲੀ ਹਾਲਾਤ ਹਰ ਸੋਚਣ ਵਾਲੇ ਮਨੁੱਖ ਤੇ ਕਲਾਕਾਰ ਨੂੰ ਪ੍ਰਭਾਵਿਤ ਕਰਦੇ ਹਨ। ਪ੍ਰਸ਼ਨ ਇਹ ਹੁੰਦਾ ਹੈ ਕਿ ਉਹ ਕਿੰਨਾ ਕੁ Receptive (ਹੁੰਗਾਰਾਭਰੂ) ਹੈ। ਉਸਦਾ ਐਨਟੀਨਾ ਕਿੰਨਾ ਕੁ ਸੰਵੇਦਨਾਤਮਿਕ ਹੈ ਅਤੇ ਉਹ ਆਪਣੇ ਦਿਲ ਦੀ ਆਵਾਜ਼ ਸੁਣਨ ਲਈ ਕਿੰਨਾ ਕੁ ਸੁਹਿਰਦ ਹੈ। ਰੂਸੀ ਕ੍ਰਾਂਤੀ ਤੋਂ ਬਾਅਦ ਕਈ ਲੇਖਕ ਬਾਹਰ ਭੱਜ ਗਏ ਸਨ ਤੇ ਉਹਨਾਂ ਵਿਚੋਂ ਕਈ ਕੁਝ ਸਾਲਾਂ ਬਾਅਦ ਵਾਪਸ ਵੀ ਆ ਗਏ ਸਨ, ਕਈ ਫੇਰ ਵੀ ਦੁਬਿਧਾ ਵਿਚ ਪਏ, ਸੋਚਦੇ ਹੀ ਰਹਿ ਗਏ। ਤੇ ਪ੍ਰਵਾਸ ਦੀਆਂ ਦੁਸ਼ਵਾਰੀਆਂ ਝੱਲਦੇ ਰੁਲ-ਖੁਲ ਗਏ। ਮਾਰੀਨਾ ਤਸਵੀਤਾਵੀਆ ਦੀ ਮਿਸਾਲ ਬਹੁਤ ਹੀ ਉਘੜਵੀਂ ਹੈ। ਉਹ ਇਕ ਸੰਵੇਦਨਸ਼ੀਲ ਕਵਿੱਤਰੀ ਸੀ, ਜਿਸਦਾ ਪਤੀ ਚਿੱਟੀਆਂ ਫੌਜਾਂ ਦੇ ਹੱਕ ਵਿਚ ਲੜਦਾ ਅਖ਼ੀਰ ਯੂਰਪ ਭੱਜ ਗਿਆ ਤੇ ਮਾਰੀਨਾ ਉਸਨੂੰ ਲੱਭਦੀ-ਲੱਭਦੀ



ਭੁੱਖ ਤੇ ਤੰਗੀਆਂ ਨਾਲ ਜੂਝਦੀ ਅਖ਼ੀਰ ਦੂਸਰੀ ਜੰਗ ਵੇਲੇ ਵਾਪਸ ਰੂਸ ਪਰਤ ਆਈ। ਇਥੇ ਜੰਗੀ ਹਾਲਾਤ ਵਿਚ ਪ੍ਰੇਸ਼ਾਨੀਆਂ ਤੇ ਆਰਥਿਕ ਤੰਗੀਆਂ ਝੱਲਦੀ ਉਹ ਅਖ਼ੀਰ ਆਤਮਘਾਤ ਕਰਨ ਦੇ ਰਾਹ ਪੈ ਗਈ। ਉਹ ਦੇਸ਼ੋਂ ਬਾਹਰ ਤੇ ਫਿਰ ਦੇਸ਼ ਅੰਦਰ ਕਿਤੇ ਵੀ Adjust ਨਾ ਹੋ ਸਕੀ। ਬਦਲਦੇ ਸਮਾਜਿਕ ਯਥਾਰਥ ਦੇ ਸਨਮੁੱਖ ਉਸ ਨੂੰ ਕਿਤੇ ਵੀ ਮਾਨਸਿਕ ਚੈਨ ਨਸੀਬ ਨਾ ਹੋਇਆ।

ਇੰਝ ਕਈ ਪ੍ਰਤਿਭਾਵਾਂ ਬਦਲਦੇ ਸਮਾਜਿਕ ਹਾਲਾਤ ਨਾਲ ਮਾਨਸਿਕ ਤੌਰ ਤੇ Adjust ਨਾ ਹੋਣ ਕਾਰਨ, ਹਮੇਸ਼ਾ ਤੜਪਦੀਆਂ ਰਹਿੰਦੀਆਂ ਹਨ। ਇਸ ਤੜਪ ਵਿਚੋਂ ਵੀ ਕਈ ਵਾਰ ਚਿਰਸਥਾਈ ਤੇ ਮਹਾਨ ਸਾਹਿਤ ਦੀ ਸਿਰਜਣਾ ਸੰਭਵ ਹੈ। ਪ੍ਰਸ਼ਨ ਇਹ ਹੁੰਦਾ ਹੈ ਕਿ ਭੋਗਿਆ ਜਾਂ ਕਲਪਤ ਅਨੁਭਵ ਲੇਖਕ ਆਪਣੀ ਪ੍ਰਤਿਭਾ ਸਦਕਾ ਕਿਸ ਢੰਗ ਨਾਲ ਪ੍ਰਗਟ ਕਰਦਾ ਹੈ। ਇਥੇ ਹੀ ਕਵੀ ਦੀ ਕਲਾਕਾਰੀ ਪ੍ਰਗਟ ਹੋਣੀ ਹੁੰਦੀ ਹੈ।

ਪ੍ਰਤਿਭਾ ਦੇ ਜਲਵੇ ਬਿਆਨ ਕਰਨੇ ਔਖੇ ਹਨ। ਉਹ ਜਿਸ ਚੀਜ਼, ਜਿਸ ਵਿਸ਼ੇ ਨੂੰ ਛੂੰਹਦੇ ਹਨ, ਉਸਨੂੰ ਸਾਹਿਤਕ ਸੋਨਾ ਬਣਾ ਦਿੰਦੇ ਹਨ। ਅਰਥਾਤ ਉਚਤਮ ਦੀ ਕਲਾਤਮਿਕ ਸੰਪੂਰਨਤਾ ਤੀਕ ਲੈ ਜਾਂਦੇ ਹਨ। ਪਰ ਪ੍ਰਤਿਭਾ ਵੀ ਸਮਾਜੀ ਹਾਲਾਤ ਦੀ ਪੈਦਾਵਾਰ ਹੁੰਦੀ ਹੈ। ਮੈਕਸਿਮ ਗੋਰਕੀ ਕਿਹੜੀਆਂ ਯੂਨੀਵਰਸਿਟੀਆਂ ਵਿਚ ਪੜ੍ਹਿਆ ਸੀ। ਉਸਨੇ ਸਾਰਾ ਰੂਸ ਘੁੰਮ ਕੇ ਰੂਸੀ ਸਮਾਜ ਦਾ ਡੂੰਘਾ ਤੇ ਵਿਸ਼ਾਲ ਅਨੁਭਵ ਪ੍ਰਾਪਤ ਕੀਤਾ ਸੀ। ਸਾਡੇ ਕੋਲ ਸਭ ਤੋਂ ਉੱਤਮ ਤੇ ਤਗੜੀ ਮਿਸਾਲ ਬਾਬੇ ਨਾਨਕ ਦੀ ਹੈ। ਉਸ ਦੀਆਂ ਉਦਾਸੀਆਂ ਹੀ ਉਸ ਲਈ ਯੂਨੀਵਰਸਿਟੀਆਂ ਸਨ। ਤਾਂ ਹੀ ਤਾਂ ਉਹ ਧਰਤੀ ਨੂੰ 'ਥਾਲ' ਅਤੇ 'ਚੰਦ' ਤੇ 'ਸੂਰਜ' ਨੂੰ ਦੀਵੇ ਕਹਿ ਸਕਿਆ ਹੈ।

ਉੱਤਮ ਤੇ ਲੋਕ-ਸਮਰਪਿਤ ਸਾਹਿਤ ਇਨਸਾਨੀ ਸਭਿਅਤਾ ਦੀ ਸਭ ਤੋਂ ਮਹਾਨ ਪ੍ਰਾਪਤੀ ਹੈ। ਸਾਹਿਤ ਤੇ ਕਲਾ ਸਾਡੀ ਦ੍ਰਿਸ਼ਟੀ ਨੂੰ ਤੀਖਣ ਤੇ ਸੁਹਜਮਈ ਬਣਾਉਂਦੇ ਹਨ। ਸਾਡੇ ਹਿਰਦਿਆਂ ਵਿਚ ਉੱਚੇ ਮਨੁੱਖੀ ਗੁਣਾਂ ਦੀ ਪਿਉਂਦ ਲਾਉਂਦੇ ਹਨ, ਆਲੇ-ਦੁਆਲੇ ਪ੍ਰਤੀ ਸਾਡੀ ਦ੍ਰਿਸ਼ਟੀ ਨੂੰ ਡੂੰਘਾ, ਕੋਮਲ ਤੇ ਵਿਸ਼ਾਲ ਕਰਦੇ ਹਨ। ਉਚੇਰੇ ਮਨੁੱਖੀ ਆਦਰਸ਼ਾਂ ਦੇ ਸੁਹਜਮਈ ਸੁਪਨੇ ਸਿਰਜਦੇ ਹਨ। ਸਾਡੇ ਵਿਚ ਕੋਮਲ ਮਨੁੱਖੀ ਗੁਣਾਂ ਦਾ ਸੰਚਾਰ ਕਰਦੇ ਹਨ। ਜੀਵਨ ਨੂੰ ਜਿਊਣ-ਯੋਗ ਬਣਾਉਣ ਦੀ ਤਾਂਘ ਉਤਪੰਨ ਕਰਦੇ ਹਨ ਤੇ ਆਜ਼ਾਦੀ ਇਨਸਾਫ ਲਈ ਜੂਝਣਾ ਸਿਖਾਉਂਦੇ ਹਨ।

ਵਿਸ਼ਵ ਦੇ ਸਾਹਿਤਕ ਤੇ ਕਲਾਤਮਿਕ ਸ਼ਾਹਕਾਰਾਂ ਦੀ ਅਣਹੋਂਦ ਵਿਚ ਅਸੀਂ ਕਿੰਨੇ ਅਧੂਰੇ, ਊਣੇ ਤੇ ਅਸਭਿਅਕ ਰਹਿ ਜਾਣਾ ਸੀ, ਇਸਦਾ ਕਿਆਸ ਮਾਤਰ ਹੀ ਕੀਤਾ ਜਾ ਸਕਦਾ ਹੈ। ਕਲਾ ਦੇ ਮਨੁੱਖੀ ਖਜ਼ਾਨਿਆਂ ਤੋਂ ਬਿਨਾਂ ਅਸੀਂ ਬਹੁਤ ਹੀ ਗਰੀਬ ਹੋਣਾ ਸੀ। ਜਾਂ ਫਿਰ ਬੌਧਿਕ ਤੇ ਕਲਾਤਮਕ ਤੌਰ ਤੇ ਨਿਰਧਨ। ਪੰਜਾਬੀ ਲੋਕਾਂ ਕੋਲ ਮਹਾਨ ਕਵੀਆਂ ਦਾ ਦਿੱਤਾ ਬਹੁਤ ਕੁਝ ਹੈ, ਜਿਸ ਉੱਤੇ ਮਾਣ ਕੀਤਾ ਜਾ ਸਕਦਾ ਹੈ। ਆਓ ਉਸ ਖਜ਼ਾਨੇ ਨੂੰ ਫਰੋਲ ਕੇ ਵੇਖੀਏ ਤੇ ਅੱਗੇ ਤੁਰੀਏ!! •

-21-11-09

# ਲੇਖਕ ਦੀ ਸ਼ਕਤੀ

**- ਯੂਰੀ ਕਾਜ਼ਾਕੋਵ**

ਇੱਕ ਲੇਖਕ ਨੂੰ, ਮੇਰੇ ਖ਼ਿਆਲ ਅਨੁਸਾਰ ਸ਼ਕਤੀਸ਼ਾਲੀ ਹੋਣਾ ਚਾਹੀਦਾ ਹੈ, ਕਿਉਂਕਿ ਉਸਦਾ ਕਾਰਜ ਵੀ ਔਖਾ ਹੈ। ਜਦ ਉਹ ਇਕੱਲਾਕਾਰਾ, ਕਾਗਜ਼ਾਂ ਦੇ ਦੱਥੇ ਨਾਲ ਜੂਝ ਰਿਹਾ ਹੁੰਦ ਹੈ ਤਾਂ ਹਰ ਚੀਜ਼ ਉਸਦੇ ਵਿਰੁੱਧ ਪ੍ਰਤੀਤ ਹੁੰਦੀ ਹੈ। ਉਸਨੇ ਆਪਣੇ ਤੋਂ ਪਹਿਲਾਂ ਲਿਖੀਆਂ ਲੱਖਾਂ ਹੀ ਕਿਤਾਬਾਂ ਨਾਲ, ਮੁਕਾਬਲਾ ਕਰਨਾ ਹੁੰਦਾ ਹੈ। ਜ਼ਰਾ ਕਲਪਨਾ ਕਰੋ, ਇਹ ਕੰਮ ਕਿੰਨਾ ਭਿਆਨਕ ਹੈ। ਉਸਨੂੰ ਇਸ ਖ਼ਿਆਲ ਨਾਲ ਟਾਕਰਾ ਕਰਨਾ ਪੈਂਦਾ ਹੈ ਕਿ ਹੋਰ ਕਿਉਂ ਲਿਖਿਆ ਜਾਵੇ, ਜਦੋਂ ਕਿ ਜੋ ਕੁਝ ਉਹ ਲਿਖਣਾ ਚਾਹੁੰਦਾ ਹੈ, ਉਹ ਪਹਿਲਾਂ ਹੀ ਲਿਖਿਆ ਜਾ ਚੁੱਕਾ ਹੈ। ਕੁਝ ਦਿਨ ਉਸਨੂੰ ਸਿਰ ਦਰਦ ਤੇ ਸਵੈ-ਸ਼ੱਕ ਨਾਲ ਜੂਝਣਾ ਪੈਂਦਾ ਹੈ। ਉਸਨੂੰ ਉਹਨਾਂ ਲੋਕਾਂ ਨਾਲ ਵੀ ਵਾਹ ਪੈਂਦਾ ਹੈ, ਜੋ ਹਰ ਤਰ੍ਹਾਂ ਦੇ ਵਿਘਨ ਪਾਉਣ ਆਉਂਦੇ ਹਨ, ਜਾਂ ਫੋਨ ਕਰਦੇ ਹਨ ਜਾਂ ਗ਼ਲਤ ਵੇਲੇ ਅੰਦਰ ਆ ਵੜਦੇ ਹਨ। ਉਸਦੇ ਸਾਹਮਣੇ ਔਕੜਾਂ ਹਨ, ਤੇ ਮਹੱਤਵਪੂਰਨ ਕੰਮਾਂ ਦੀਆਂ ਚਿੰਤਾਵਾਂ ਹਨ। ਭਾਵੇਂ ਕਿ ਉਸ ਵੇਲੇ, ਉਸਦੇ ਸਾਹਮਣੇ ਅੜੇ ਖਲੋਤੇ ਕੰਮ ਨਾਲੋਂ ਹੋਰ ਕੋਈ ਵੀ ਕੰਮ ਜ਼ਰੂਰੀ ਨਹੀਂ ਹੈ। ਬਾਹਰ ਚੜ੍ਹੀ ਹੋਈ ਧੁੱਪ ਉਸਨੂੰ ਕਿਤੇ ਜਾਣ ਲਈ ਉਕਸਾਉਂਦੀ ਹੈ, ਕਿਸੇ ਥਾਂ ਜਾਣ ਲਈ, ਕੋਈ ਚੀਜ਼ ਤੱਕਣ ਲਈ ਖ਼ੁਸ਼ ਹੋਣ ਲਈ। ਉਸਦੇ ਵਿਰੁੱਧ ਹੈ, ਮੀਂਹ ਵੀ, ਉਸਦੇ ਵਿਰੁੱਧ ਹੈ, ਉਸਦੇ ਰੌਂਅ ਨੂੰ ਖ਼ਰਾਬ ਕਰਦੀ, ਕੰਮ ਤੋਂ ਹਟਕਦੀ, ਹੋੜਦੀ।

ਉਸਦੇ ਆਲੇ-ਦੁਆਲੇ ਸਾਰਾ ਸੰਸਾਰ ਜਿਊਂਦਾ ਜਾਗਦਾ, ਧੜਕਦਾ, ਤੁਰਿਆ ਫਿਰਦਾ, ਕਿਤੇ ਜਾ ਆ ਰਿਹਾ ਹੈ। ਪਰ ਉਹ ਜਨਮ ਤੋਂ ਇਸ ਸੰਸਾਰ ਨਾਲ ਜੁੜਿਆ, ਇਸਦਾ ਹਿੱਸਾ ਬਣਿਆ, ਐਸ ਵੇਲੇ ਇਕੱਲਾ ਕਾਰਾ ਹੈ। ਇਹ ਉਸਦੀ ਮਜਬੂਰੀ ਹੈ। All Alone ਇਸ ਘੜੀ ਨੂੰ ਆਪਣੇ ਪਿਆਰੇ ਤਿਆਗਣੇ ਪੈਣਗੇ, ਆਪਣੀ ਪ੍ਰੇਰਨਾ ਆਪਣੀ ਮਾਂ, ਪਤਨੀ, ਬੱਚੇ। ਉਹ ਇਕੱਲਾ ਹੀ ਹੋਵੇਗਾ, ਆਪਣੇ ਪਾਤਰਾਂ ਨਾਲ, ਆਪਣੇ ਸ਼ਬਦਾਂ ਨਾਲ, ਆਪਣੇ ਇਕੋ-ਇਕ ਕਾਰਜ ਨਾਲ, ਜਿਸ ਪ੍ਰਤੀ ਉਹ ਪ੍ਰਤੀਬੱਧ ਹੈ।

ਜਦ ਅੰਤ ਤੇ, ਆਪਣੇ ਸਾਹਮਣੇ ਖਾਲੀ ਕਾਗਜ਼ਾਂ ਨੂੰ ਪਏ ਵੇਖਦਾ ਤੇ ਲਈ ਬੈਠਾ ਹੁੰਦਾ ਹੈ ਤਾਂ ਹਰ ਕਲਪਿਤ ਚੀਜ਼ਾਂ ਅਚਾਨਕ ਉਸਦੇ ਵਿਰੁੱਧ ਖਲੋਤੀ ਨਜ਼ਰੀਂ ਆਉਂਦੀ ਹੈ। ਹਰ ਚੀਜ਼ ਉਸਨੂੰ ਬੁਲਾਵਾ ਦਿੰਦੀ, ਉਸਦੀ ਹੋਂਦ ਦਾ ਚੇਤਾ ਕਰਾਉਂਦੀ ਹੈ, ਪਰ ਉਸਨੂੰ ਆਪਣੇ ਸੁਪਨਿਆਂ ਦੀ ਸਾਜੀ ਦੁਨੀਆਂ ਵਿਚ ਵਿਚਰਨ ਦੀ ਕੋਸ਼ਿਸ਼ ਕਰਨੀ ਹੈ। ਉਹਨਾਂ ਲੋਕਾਂ ਨਾਲ, ਜਿਹਨਾਂ ਨੂੰ ਕਦੇ ਕਿਸੇ ਨੇ ਵੇਖਿਆ ਨਹੀਂ ਹੁੰਦਾ, ਪਰ ਜੋ ਫਿਰ ਵੀ ਜਿਊਂਦੇ-ਜਾਗਦੇ ਪ੍ਰਤੀਤ ਹੁੰਦੇ ਹਨ ਤੇ ਜਿਹਨਾਂ ਨੂੰ ਉਸਨੂੰ ਆਪਣੇ ਪਿਆਰੇ ਸਮਝਣੇ ਚਾਹੀਦੇ ਹਨ। ਇਸ ਲਈ ਉਹ ਬੈਠਾ ਰਹਿੰਦਾ ਹੈ ਤੇ ਬਾਰੀ ਤੋਂ ਬਾਹਰ ਵੇਖਦਾ ਹੈ, ਕੰਧ ਤੇ ਨਜ਼ਰ ਮਾਰਦਾ ਹੈ, ਪਰ ਉਸਨੂੰ ਕੁਝ



ਦਿਸਦਾ ਨਹੀਂ। ਬਸ ਅੰਤਹੀਣ ਦਿਨ ਤੇ ਆਪਣੇ ਪਿੱਛੇ ਪਿਆ ਕਾਗਜ਼ਾਂ ਦਾ ਢੇਰ ਤੇ ਜਿਹਨਾਂ ਕੋਰੇ ਵਰਕਿਆਂ ਉੱਤੇ ਉਸਨੂੰ ਕੁਝ ਲਿਖਣਾ ਚਾਹੀਦਾ ਹੈ। ਉਸਦੇ ਕੋਲ ਉਸਦੀਆਂ ਬੀਤ ਗਈਆਂ ਗ਼ਲਤੀਆਂ ਹਨ ਤੇ ਉਹਨਾਂ ਦੇ ਖ਼ਿਆਲ, ਜੋ ਅਜੇ ਉਸ ਕਰਨੀਆਂ ਹਨ। ਉਹ ਉਦਾਸੀ ਅਨੁਭਵ ਕਰਦਾ ਹੈ, ਗੁੱਸਾ ਕਰਦਾ ਹੈ, ਪਰ ਕੋਈ ਉਸਦੀ ਸਹਾਇਤਾ ਨਹੀਂ ਕਰ ਸਕਦਾ, ਉਹ ਸੱਚਮੁੱਚ ਇਕੱਲਾ ਹੈ।

ਇਹ ਵੀ ਸੱਚ ਹੈ ਕਿ ਕੋਈ ਵੀ ਕਦੇ ਉਸਦੀ ਸਹਾਇਤਾ ਨਹੀਂ ਕਰੇਗਾ, ਨਾ ਉਸਦਾ ਪੈੱਨ ਲਵੇਗਾ, ਨਾ ਟਾਈਪ ਰਾਈਟਰ, ਨਾ ਹੀ ਕੋਈ ਇਹ ਵਿਖਾਵੇਗਾ ਕਿ ਕਿੰਝ ਕੰਮ ਕਰਨਾ ਹੈ, ਉਸਨੂੰ ਖ਼ੁਦ ਹੀ ਕੰਮ ਕਰਨਾ ਪਵੇਗਾ। ਜੇ ਉਹ ਨਹੀਂ ਕਰੇਗਾ ਤਾਂ ਸਭ ਕੁਝ ਗੰਵਾ ਬੈਠੇਗਾ, ਉਹ ਲੇਖਕ ਨਹੀਂ ਕਹਾ ਸਕੇਗਾ।

ਕਿਸੇ ਨੂੰ ਚਿੰਤਾ ਨਹੀਂ ਕਿ ਤੁਸੀਂ ਬੀਮਾਰ ਹੋ ਜਾਂ ਤੰਦਰੁਸਤ? ਕੀ ਤੁਸੀਂ ਆਪਣਾ ਕੰਮ ਖ਼ੁਦ ਕਰ ਰਹੇ ਹੋ। ਕਿਸੇ ਨੂੰ ਪ੍ਰਵਾਹ ਨਹੀਂ ਕਿ ਤੁਹਾਡੇ ਵਿਚ ਲਿਖਣ ਦਾ ਠਰ੍ਹੰਮਾ ਹੈ ਕਿ ਨਹੀਂ। ਅਜਿਹੀਆਂ ਘਾਟਾਂ ਉੱਤੇ ਕਾਬੂ ਪਾਉਣ ਲਈ ਉੱਚੇ ਪੱਧਰ ਦੇ ਹੌਂਸਲੇ ਦੀ ਲੋੜ ਹੈ। ਜੇ ਤੁਸੀਂ ਕੋਈ ਰਚਨਾ ਘਟੀਆ ਢੰਗ ਨਾਲ ਲਿਖੀ ਹੈ ਤਾਂ ਕੋਈ ਵੀ ਤੁਹਾਨੂੰ ਬਚਾ ਨਹੀਂ ਸਕਦਾ। ਨਾ ਹੀ ਤੁਹਾਡੀ ਪ੍ਰਸਿੱਧਤਾ, ਨਾ ਪੁਰਸਕਾਰ, ਨਾ ਪਿਛਲੀ ਸਫਲਤਾ। ਕਈ ਵਾਰ ਤੁਹਾਡੀ ਪ੍ਰਸਿੱਧੀ ਤੁਹਾਡੀ ਕਮਜ਼ੋਰ ਰਚਨਾ ਛਪਵਾਉਣ ਵਿਚ ਮਦਦ ਕਰ ਸਕਦੀ ਹੈ। ਮਿੱਤਰ ਕਾਹਲੀ-ਕਾਹਲੀ ਤੁਹਾਡੀ ਮਹਿਮਾ ਗਾਉਣਗੇ, ਤੁਹਾਨੂੰ ਅਜਿਹੀ ਰਚਨਾ ਦੇ ਪੈਸੇ ਵੀ ਮਿਲ ਸਕਦੇ ਹਨ। ਫਿਰ ਵੀ ਤੁਸੀਂ ਲੇਖਕ ਨਹੀਂ ਹੋ।

ਤੁਹਾਨੂੰ ਡਟੇ ਰਹਿਣਾ ਚਾਹੀਦਾ, ਏਨੇ ਤਕੜੇ ਹੋਵੋ ਕਿ ਤੁਸੀਂ ਮੁੱਢ ਤੋਂ ਦੁਬਾਰਾ ਸ਼ੁਰੂ ਕਰ ਸਕੋ। ਤੁਹਾਨੂੰ ਬਰਦਾਸ਼ਤ ਕਰਨ ਤੇ ਉਡੀਕਣ ਦੀ ਤਾਕਤ ਚਾਹੀਦੀ ਹੈ। ਜੇ ਅਚਾਨਕ ਹੀ ਤੁਹਾਡੀ ਯੋਗਤਾ ਤੁਹਾਡਾ ਸਾਥ ਛੱਡ ਜਾਂਦੀ ਹੈ ਤੇ ਤੁਸੀਂ ਬੈਠਣ ਤੇ ਲਿਖਣ ਦਾ ਖ਼ਿਆਲ ਆਉਂਦੇ ਹੀ ਘ੍ਰਿਣਾ ਦਾ ਸ਼ਿਕਾਰ ਹੋ ਗਏ ਅਨੁਭਵ ਕਰਦੇ ਹੋ। ਕਈ ਵਾਰ ਦੇਰ ਤੀਕ ਤੁਹਾਨੂੰ ਇਹ ਘਾਟ ਰੜਕਦੀ ਰਹਿੰਦੀ ਹੈ, ਪਰ ਜੇ ਤੁਹਾਡੇ ਵਿਚ ਸ਼ਕਤੀ ਹੈ ਤਾਂ ਬੁੱਧੀ ਵੀ ਅਵੱਸ਼ ਹੀ ਪਰਤ ਆਵੇਗੀ।

ਸੰਭਵ ਹੈ ਕਿ ਅਸਲੀ ਲੇਖਕ ਦਸ ਘੰਟੇ ਵੀ ਕੰਮ ਕਰ ਸਕਦਾ ਹੈ। ਆਮ ਤੌਰ ਤੇ ਹਰ ਚੀਜ਼ ਸਰਾਪੀ ਜਾਂਦੀ ਹੈ ਤੇ ਇੱਕ ਦਿਨ ਜਾਂ ਕਈ ਦਿਨ ਲੰਘ ਜਾਣਗੇ। ਪਰ ਉਹ ਲਿਖਣਾ ਨਾ ਤੇ ਛੱਡ ਸਕਦਾ ਹੈ ਤੇ ਨਾ ਹੀ ਜਾਰੀ ਰੱਖ ਸਕਦਾ ਹੈ। ਉਹ ਪਾਗ਼ਲ ਹੋਇਆ ਅਨੁਭਵ ਕਰਦਾ ਹੈ ਕਿ ਹੁਣ ਹੋਰ ਨਹੀਂ ਲਿਖ ਸਕਦਾ। ਉਸ ਦੀਆਂ ਅੱਖਾਂ ਅੱਥਰੂਆਂ ਨਾਲ ਭਰ ਜਾਂਦੀਆਂ ਹਨ, ਜਦ ਉਹ ਗਵਾਚ ਗਏ ਦਿਨਾਂ ਦਾ ਵਿਰਲਾਪ ਕਰਦਾ ਹੈ। ਉਸਦਾ ਸਮਾਂ ਥੋੜ੍ਹਾ ਹੀ ਰਹਿ ਗਿਆ ਹੈ ਤੇ ਬਾਕੀ ਦਾ ਰਹਿੰਦਾ ਸਮਾਂ ਅਜਾਈਂ ਹੀ ਲੰਘੀ ਜਾ ਰਿਹਾ ਹੈ।

ਆਖ਼ੀਰ ਉੱਤੇ ਆਖ਼ਰੀ ਵਿਸ਼ਰਾਮ ਚਿੰਨ ..... ਹੁਣ ਉਹ ਖਾਲੀ ਅਨੁਭਵ ਕਰਦਾ ਹੈ,

ਏਨਾ ਖਾਲੀ ਕਿ ਜਿਵੇਂ ਹੁਣ ਉਹ ਕੋਈ ਹੋਰ ਸ਼ਬਦ ਨਹੀਂ ਲਿਖ ਸਕੇਗਾ। ਜਾਂ ਸ਼ਾਇਦ ਉਸਨੂੰ ਹੀ ਇੰਝ ਮਹਿਸੂਸ ਹੁੰਦਾ ਹੈ। ਯਕੀਨ ਵਜੋਂ, ਉਹ ਕਹਿ ਸਕਦਾ ਹੈ ਮੈਂ ਆਪਣਾ ਕੰਮ ਮੁਕਾ ਲਿਆ ਹੈ। ਆਹ ਪਿਆ ਹੈ ਇਹ ਸਾਰਾ ਕੁਝ ਬੈਂਚ ਉੱਤੇ। ਭਾਵੇਂ ਇਹ ਸਾਰਾ ਕੁਝ ਖ਼ਰਾਬ ਕੀਤੇ ਕਾਗਜ਼ਾਂ ਦਾ ਹੀ ਢੇਰ ਹੋਵੇ। ਫਿਰ ਵੀ ਅਜਿਹਾ ਕਿਸੇ ਨਹੀਂ ਲਿਖਿਆ ਹੋਣਾ। ਕੀ ਫ਼ਰਕ ਪੈਂਦਾ ਕਿ ਚੈਖੋਵ ਤੇ ਟਾਲਸਟਾਏ ਨੇ ਕੀ ਕੀਤਾ ਸੀ। ਇਹ ਜੋ ਮੈਂ ਲਿਖਿਆ ਹੈ ਇਹ ਅਦੁੱਤੀ ਹੈ, ਭਾਵੇਂ ਮੇਰਾ ਕੰਮ ਮਾੜਾ ਹੀ ਹੋਵੇ, ਫਿਰ ਵੀ ਇਹ ਸੁੰਦਰ ਹੈ। ਤੇ ਕੌਣ ਕਹਿ ਸਕਦਾ ਹੈ ਕਿ ਇਹ ਕੰਮ ਦੂਸਰਿਆਂ ਦੇ ਟਾਕਰੇ ਉੱਤੇ ਏਨਾ ਚੰਗਾ ਜਾਂ ਮੰਦਾ ਹੈ। ਕਿਸੇ ਹੋਰਸ ਨੂੰ ਮੇਰੇ ਵਾਂਗ ਲਿਖਣ ਦੀ ਕੋਸ਼ਿਸ਼ ਕਰਨ ਦਿਓ।

ਇੱਕ ਲੇਖਕ ਆਪਣੇ ਆਪ ਨੂੰ ਇਸ ਤਰ੍ਹਾਂ ਅਨੁਭਵ ਕਰਨ ਦੀ ਆਗਿਆ ਤਾਂ ਹੀ ਦੇ ਸਕਦਾ ਹੈ, ਜਦ ਉਹ ਖ਼ਤਮ ਹੋ ਚੁੱਕਾ ਹੋਵੇ। ਆਖ਼ਰੀ ਵਿਸ਼ਰਾਮ-ਚਿੰਨ੍ਹ ਦਾ ਅਰਥ ਹੈ ਕਿ ਉਸਨੇ ਆਪਣੇ ਆਪ ਉੱਤੇ ਜਿੱਤ ਪ੍ਰਾਪਤ ਕਰ ਲਈ ਹੋਵੇ। ਆਹ! ਕਿੰਨਾ ਉੱਡਦਾ ਹੋਇਆ ਤੇ ਖ਼ੁਸ਼ੀ ਭਰਿਆ ਦਿਨ! ਵਾਧਾ ਇਹ ਕਿ ਉਹ ਛੇਤੀ ਹੀ ਕੋਈ ਹੋਰ ਲਿਖਤ ਆਰੰਭ ਕਰੇਗਾ। ਉਸਨੂੰ ਇਸ ਖ਼ੁਸ਼ੀ ਭਰੇ ਛਿਣ ਦੀ ਹੁਣ ਲੋੜ ਹੈ ਤੇ ਇਹ ਏਨਾ ਸੰਖੇਪ ਹੈ।

ਅਚਾਨਕ ਹੀ ਉਹ ਅਨੁਭਵ ਕਰਦਾ ਹੈ ਕਿ ਬਹਾਰ ਦੀ ਰੁੱਤ ਪਹਿਲਾਂ ਹੀ ਲੰਘ ਚੁੱਕੀ ਹੈ ਕਿ ਅਪ੍ਰੈਲ ਦੀ ਘੜੀ ਨੂੰ ਪਹਿਲਾਂ ਹੀ ਬੜਾ ਵਕਤ ਲੰਘ ਚੁੱਕਾ ਹੈ। ਜਦ ਕਿ ਰਾਤ ਸਮੇਂ ਪੱਛਮ ਵਿਚ, ਕਾਲੇ ਬੱਦਲ ਇਕੱਠੇ ਹੋ ਚੁੱਕੇ ਸਨ। ਫਿਰ ਉਹ ਪੱਕੀ ਤਰ੍ਹਾਂ ਨਾਲ ਤਗੜੀ ਗਰਮ ਹਵਾ ਨਾਲ ਖਿੰਡਾ ਦਿੱਤੇ ਗਏ, ਜਿਸਦੀ ਗਰਮੀ ਨਾਲ ਪੱਸਰੀ ਸਿਆਲੀ ਬਰਫ ਦਾ ਕੰਬਲ ਪਾਟ ਗਿਆ। ਬਰਫ਼ ਰੁੜ ਕੇ ਦਰਿਆ ਵਿਚ ਜਾ ਡਿੱਗੀ ਤੇ ਤਾਜ਼ਾ ਪੰਘਰੀ ਬਰਫ ਦੀ ਆਵਾਜ਼ ਆਈ ਤੇ ਅਲੋਪ ਵੀ ਹੋ ਗਈ ਸੀ। ਬਸੰਤ ਰੁੱਤ ਦੀ ਹਰਿਆਵਲ ਦੀ ਸੁਗੰਧ ਵੀ ਜਾ ਚੁੱਕੀ ਸੀ। ਖੇਤਾਂ ਵਿਚ ਕਣਕ ਨੂੰ ਦਾਣਾ ਪੈ ਗਿਆ ਸੀ ਤੇ ਉਹ ਪੀਲੀ ਪੈਣ ਲੱਗੀ ਸੀ। ਪੂਰਾ ਯੁੱਗ ਉਡਾਰੀ ਮਾਰ ਗਿਆ ਸੀ। ਉਹ ਵੇਲਾ ਗਵਾ ਚੁੱਕਾ ਸੀ ਤੇ ਕੁਝ ਵੀ ਤੱਕਣ ਵਿਚ ਅਸਫਲ ਰਿਹਾ ਸੀ। ਵਿਸ਼ਵ ਵਿਚ ਏਨਾ ਕੁਝ ਵਾਪਰ ਚੁੱਕਾ ਸੀ। ਸਭਨਾਂ ਲੋਕਾਂ ਦੀਆਂ ਜ਼ਿੰਦਗੀਆਂ ਵਿਚ ਉਹਨੇ ਸਿਰਫ਼ ਕੰਮ ਏਨਾ ਹੀ ਕੀਤਾ ਸੀ ਤੇ ਆਪਣੇ ਅੱਗੇ ਕੋਰੇ ਕਾਗਜ਼ ਹੀ ਰੱਖ ਛੱਡੇ ਸਨ। ਉਸਨੇ ਕੇਵਲ ਆਪਣੇ ਪਾਤਰਾਂ ਦੀ ਜ਼ਿੰਦਗੀ ਵਿਚਲੀ ਚਮਕੀਲੀ ਰੌਸ਼ਨੀ ਹੀ ਤੱਕ ਸਕੀ ਸੀ। ਕੋਈ ਵੀ ਉਸ ਲਈ ਲੰਘਿਆ ਵੇਲਾ ਵਾਪਸ ਨਹੀਂ ਸੀ ਮੋੜ ਸਕਦਾ। ਇਹ ਸਦਾ ਲਈ ਜਾ ਚੁੱਕਾ ਸੀ।

ਅਖ਼ੀਰ ਲੇਖਕ ਇੱਕ ਪੱਤ੍ਰਿਕਾ ਨੂੰ ਆਪਣਾ ਕੀਤਾ ਕੰਮ ਭੇਜ ਦਿੰਦਾ ਹੈ। ਬਹੁਤ ਹੀ ਮੁਆਫ਼ਕ ਹਾਲਤਾਂ ਵਿਚ, ਇਹ ਜਾਂਦਿਆਂ ਹੀ ਪ੍ਰਵਾਨ ਹੋ ਜਾਂਦਾ ਹੈ। ਉਸਨੂੰ ਚਾਅ ਚੜ੍ਹ ਜਾਂਦਾ ਹੈ, ਉਸਨੂੰ ਵਧਾਈ ਦਾ ਬੁਲਾਵਾ ਜਾਂ ਤਾਰ ਮਿਲਦੀ ਹੈ। ਰਸਾਲੇ ਵਾਲੇ ਦੂਜੇ ਰਸਾਲਿਆਂ ਕੋਲ ਫੜ੍ਹਾਂ ਮਾਰਦੇ ਹਨ। ਉਹ ਸੰਪਾਦਕੀ-ਮੰਡਲ ਦੇ ਦਫ਼ਤਰ ਪਹੁੰਚਦਾ ਹੈ। ਬੜੇ ਟੌਹਰ ਨਾਲ



ਤੁਰਦਾ ਉਹ ਬੜੀ ਬੇਪ੍ਰਵਾਹੀ ਨਾਲ ਅੰਦਰ ਦਾਖ਼ਲ ਹੁੰਦਾ ਹੈ। ਹਰ ਕੋਈ ਉਸਨੂੰ ਵੇਖਕੇ ਖ਼ੁਸ਼ ਹੁੰਦਾ ਹੈ। ਉਹ ਵੀ ਅਨੁਭਵ ਕਰਦਾ ਹੈ ਕਿ ਉਹ ਕਿੰਨੇ ਚੰਗੇ ਲੋਕ ਹਨ। ਉਹ ਕਹਿੰਦੇ ਹਨ, "ਸਾਡੇ ਪਿਆਰੇ ਮਿੱਤਰ! ਅਸੀਂ ਇਹ ਛਾਪਾਂਗੇ, ਅਵੱਸ਼ ਹੀ।" ਅਸੀਂ ਇਹ ਬਾਹਰਵੇਂ ਅੰਕ ਵਿਚ ਛਾਪਾਂਗੇ।" ਪਰ ਬਾਹਰਵਾਂ ਅੰਕ ਤਾਂ ਦਸੰਬਰ ਵਿਚ ਜਾ ਕੇ ਨਿਕਲੇਗਾ, ਤੇ ਹੁਣ ਤਾਂ ਗਰਮੀ ਦੀ ਰੁੱਤ ਹੈ।

ਹਰ ਕੋਈ ਉਸ ਵੱਲ ਉਚੇਚਾ ਧਿਆਨ ਦੇ ਰਿਹਾ ਹੈ, ਉਸ ਉੱਤੇ ਮੁਸਕਰਾਉਂਦਾ, ਉਸ ਨਾਲ ਹੱਥ ਮਿਲਾਉਣ ਦੀ ਤਮੰਨਾ ਕਰਦਾ, ਉਸਨੂੰ ਪਿੱਠ ਉੱਤੇ ਥਾਪੀ ਦੇ ਰਿਹਾ ਹੈ। ਹਰ ਕਿਸੇ ਨੂੰ ਵਿਸ਼ਵਾਸ ਹੈ ਕਿ ਉਹ ਅਗਲੇ ਕਈ ਸਾਲ ਲਿਖਦਾ ਰਹੇਗਾ। ਕੀ ਫਿਰ ਉਹ ਅੱਧਾ ਸਾਲ ਹੋਰ ਨਹੀਂ ਉਡੀਕ ਸਕਦਾ। ਉਸ ਲਈ ਤਾਂ ਇਹ ਛੇ ਦਿਨਾਂ ਵਰਗੀ ਹੈ।

ਪਰ ਇਸ ਸਮੇਂ ਦੌਰਾਨ ਲੇਖਕ ਇੱਕ ਅਸਾਧਾਰਨ ਦੁਖਦਾਈ ਦੌਰ ਵਿਚੋਂ ਲੰਘਦਾ ਹੈ। ਉਹ ਅਨੁਭਵ ਕਰਦਾ ਹੈ ਕਿ ਸਮਾਂ ਜਿਵੇਂ ਖਲੋ ਗਿਆ ਹੋਵੇ, ਪਰ ਉਹ ਇਸਦੀ ਰਫ਼ਤਾਰ ਨੂੰ ਤੇਜ਼ ਕਰਨਾ ਚਾਹੁੰਦਾ ਹੈ, ਤੇਜ਼, ਹੋਰ ਤੇਜ਼। ਉਹ ਸੋਚਦਾ ਹੈ ਕਿ ਅਜੇ ਤੀਕ ਗਰਮੀ ਦੀ ਰੁੱਤ ਖ਼ਤਮ ਕਿਉਂ ਨਹੀਂ ਹੋਈ? ਜਿਥੋਂ ਤੀਕ ਪੱਤਝੜ ਦੀ ਗੱਲ ਹੈ ਉਸ ਨਰਕ ਦੀ ਕਿਸਨੂੰ ਜ਼ਰੂਰਤ ਹੈ। ਦਸੰਬਰ - ਹਾਂ ਇਸ ਦੀ ਹੀ ਮੈਨੂੰ ਲੋੜ ਹੈ। ਸ਼ੁਰੂ ਵਿਚ ਉਹ ਥੱਕਿਆ ਅਨੁਭਵ ਕਰਦਾ ਹੈ - ਦਸੰਬਰ ਨੂੰ ਉਡੀਕਦਾ।

ਪਰ ਛੇਤੀ ਹੀ, ਉਹ ਦੁਬਾਰਾ ਕੰਮ ਕਰਨ ਲੱਗਦਾ ਹੈ ਤੇ ਪਹਿਲਾਂ ਵਾਂਗ ਹੀ, ਕੁਝ ਗੱਲਾਂ ਸੂਤ ਬੈਠਦੀਆਂ ਹਨ ਤੇ ਕੁਝ ਨਹੀਂ। ਸਾਲ ਲੰਘ ਗਿਆ ਹੈ। ਮੌਸਮ ਬਦਲ ਗਏ ਹਨ ਤੇ ਇੱਕ ਵਾਰ ਫਿਰ ਅਪ੍ਰੈਲ ਆ ਗਿਆ ਹੈ। ਪਰ ਹੁਣ ਇਸ ਦ੍ਰਿਸ਼ ਵਿਚ ਆਲੋਚਕ ਆ ਪ੍ਰਵੇਸ਼ ਕਰਦੇ ਹਨ - ਐਨ ਵਕਤ ਸਿਰ ਕਿ ਉਸਦੇ ਬੀਤੇ ਕੰਮ ਦਾ ਇਵਜ਼ਾਨਾ ਦੇ ਸਕਣ।

ਉਹ ਰੀਵਿਊ ਪੜ੍ਹਦਾ ਹੈ। ਇਹ ਗੱਲ ਨਹੀਂ ਕਿ ਕੁਝ ਲੇਖਕਾਂ ਨੂੰ, ਜੋ ਕੁਝ ਉਸ ਬਾਰੇ ਲਿਖਿਆ ਗਿਆ ਹੈ, ਵਿਚ ਕੋਈ ਦਿਲਚਸਪੀ ਨਹੀਂ। ਤੇ ਜਦੋਂ ਉਸਦੀ ਚੀਰ-ਫਾੜ ਹੁੰਦੀ ਹੈ ਜਾਂ ਉਸ ਨਾਲ ਆਲੋਚਕਾਂ ਵਲੋਂ ਗ਼ਲਤ ਵਿਹਾਰ ਹੁੰਦਾ ਹੈ, ਉਸ ਵੇਲੇ ਉਸਨੂੰ ਕੁੜੱਤਣ ਤੋਂ ਬਚਣ ਲਈ ਆਪਣੀ ਸਾਰੀ ਸ਼ਕਤੀ ਦੀ ਲੋੜ ਹੁੰਦੀ ਹੈ, ਸ਼ਕਤੀ ਕਿ ਹਾਰ ਨਾ ਮੰਨੇ।

ਪ੍ਰਸ਼ੰਸਾ ਵੀ ਲੇਖਕ ਲਈ ਖ਼ਤਰਨਾਕ ਹੁੰਦੀ ਹੈ ਤੇ ਉਸਨੂੰ ਇਸ ਉੱਤੇ ਵਿਸ਼ਵਾਸ ਨਹੀਂ ਕਰਨਾ ਚਾਹੀਦਾ। ਜਦੋਂ ਕਿਸੇ ਲੇਖਕ ਦੀ ਪ੍ਰਸ਼ੰਸਾ ਹੁੰਦੀ ਹੈ, ਉਸ ਨੂੰ ਇਹ ਵਿਸ਼ਵਾਸ ਕਰਨ ਦੀ ਆਦਤ ਬਣ ਜਾਂਦੀ ਹੈ ਕਿ ਉਹ ਜੋ ਕੁਝ ਹੈ, ਉਸ ਨਾਲੋਂ ਚੰਗੇਰਾ ਹੈ। ਭਾਵੇਂ ਲੇਖਕ ਨੇ ਆਖ਼ਰੀ ਟੁਕੜਾ ਕਿੰਨਾ ਵੀ ਵਧੀਆ ਲਿਖਿਆ ਹੋਵੇ, ਇਕ ਲੇਖਕ ਸਦਾ ਹੀ ਉਸ ਨਾਲੋਂ ਵਧੀਆ ਲਿਖ ਸਕਦਾ ਹੈ, ਐਪਰ ਤਾਂ ਹੀ ਜੇ ਉਸ ਵਿਚ ਸਿੱਖਣ ਲਈ ਤਿਆਰ ਰਹਿਣ ਦੀ ਤਾਕਤ ਹੋਵੇ।

ਪਰ ਲੇਖਕ ਲਈ ਸਭ ਤੋਂ ਦੁਖਦਾਈ ਗੱਲ, ਨਾ ਨਿੰਦਿਆ ਹੈ ਤੇ ਨਾ ਵਡਿਆਈ। ਇਹ

ਚੁੱਪ ਹੁੰਦੀ ਹੈ। ਜਦ ਤੁਹਾਡੀਆਂ ਕਿਤਾਬਾਂ ਛਪਦੀਆਂ ਹਨ ਤੇ ਤੁਸੀਂ ਜਾਣਦੇ ਹੋ ਕਿ ਉਹਨਾਂ ਦਾ ਕੋਈ ਮਹੱਤਵ ਹੈ ਤੇ ਫਿਰ ਵੀ ਕੋਈ ਉਹਨਾਂ ਬਾਰੇ ਇੱਕ ਸ਼ਬਦ ਵੀ ਨਹੀਂ ਕਹਿੰਦਾ। ਇਹ ਮੌਕਾ ਹੁੰਦਾ ਹੈ ਜਦੋਂ ਤੁਹਾਨੂੰ ਸ਼ਕਤੀ ਦੀ ਲੋੜ ਹੁੰਦੀ ਹੈ।

ਸਾਹਿਤਕ ਸੱਚ ਹਮੇਸ਼ਾਂ ਹੀ ਜੀਵਨ ਦੇ ਸੱਚ ਵਿਚੋਂ ਪ੍ਰਾਪਤ ਕਰਨਾ ਚਾਹੀਦਾ ਹੈ। ਇੱਕ ਲੇਖਕ ਨੂੰ ਆਪਣੇ ਵਿਚ ਹਵਾਈ ਜਹਾਜ਼ ਚਾਲਕਾਂ, ਜਹਾਜ਼ੀਆਂ, ਮਜ਼ਦੂਰਾਂ ਤੇ ਉਹਨਾਂ ਸਾਰੇ ਲੋਕਾਂ ਦੀ ਤਾਕਤ ਮਿਲਾ ਲੈਣੀ ਚਾਹੀਦੀ ਹੈ, ਜਿਹਨਾਂ ਨੇ ਆਪਣੇ ਮੁੜ੍ਹਕੇ ਨਾਲ ਧਰਤੀ ਉੱਤੇ ਜੀਵਨ ਨੂੰ ਬਦਲਿਆ ਹੈ। ਆਖ਼ਰਕਾਰ ਉਹ ਵੱਖ-ਵੱਖ ਕਿਸਮਾਂ ਦੇ ਲੋਕਾਂ ਬਾਰੇ ਲਿਖਣ ਦੀ ਕੋਸ਼ਿਸ਼ ਕਰਦਾ ਹੈ, ਇੱਕ ਢੰਗ ਨਾਲ ਸਾਰੇ ਹੀ ਲੋਕਾਂ ਬਾਰੇ। ਇਸ ਲਈ ਉਸਨੂੰ ਉਹ ਲੋਕ ਲੱਭਣੇ ਚਾਹੀਦੇ ਹਨ, ਜਿਨ੍ਹਾਂ ਬਾਰੇ ਉਹ ਲਿਖ ਰਿਹਾ ਹੈ ਤੇ ਉਹਨਾਂ ਦੇ ਜੀਵਨ ਢੰਗ ਦਾ ਤਜਰਬਾ ਪ੍ਰਾਪਤ ਕਰਨਾ ਚਾਹੀਦਾ ਹੈ। ਕੁਝ ਸਮੇਂ ਲਈ ਲੇਖਕ ਨੂੰ ਭੂ-ਵਿਗਿਆਨੀ ਬਣਨਾ ਚਾਹੀਦਾ ਹੈ, ਇੱਕ ਲੱਕੜਹਾਰਾ ਫੈਕਟਰੀ ਕਾਮਾ, ਇੱਕ ਸ਼ਿਕਾਰੀ ਜਾਂ ਇੱਕ ਕਿਸਾਨ ਉਹ ਜਹਾਜ਼ੀਆਂ ਨਾਲ ਮੱਛੀਆਂ ਫੜਨ ਵਾਲੇ ਟਰਾਲੇ ਨਾਲ ਜਾ ਸਕਦਾ ਹੈ, ਤਾਂ ਇਸਦੇ ਪਾਰ ਕਿਸੇ ਮੁਹਿੰਮ ਉੱਤੇ, ਪੋਲਰ ਉੱਤੇ ਪਾਇਲਟਾਂ ਨਾਲ ਕਿਸੇ ਉਡਾਨ ਲਈ ਜਾਂ ਮਹਾਨ ਉੱਤਰੀ ਰੂਟ ਉੱਤੇ ਬਰਫ-ਤੋੜ ਸਮੁੰਦਰੀ ਜਹਾਜ਼ਾਂ ਨਾਲ ਜਾ ਸਕਦਾ ਹੈ।

ਇੱਕ ਲੇਖਕ ਨੂੰ ਚੇਤੇ ਰੱਖਣਾ ਚਾਹੀਦਾ ਹੈ ਕਿ ਇਸ ਸੰਸਾਰ ਵਿਚ ਬੁਰਾਈ ਦੀ ਅਜੇ ਵੀ ਹੋਂਦ ਹੈ। ਉਸਨੂੰ ਪਛਾਨਣਾ ਚਾਹੀਦਾ ਹੈ ਕਿ ਕਤਲ, ਮਨੁੱਖੀ ਅਧਿਕਾਰਾਂ ਦੀ ਉਲੰਘਣਾ, ਹਿੰਸਾ, ਤਬਾਹੀ, ਭੁੱਖ, ਕੱਟੜਪੁਣਾ, ਅਗਿਆਨਤਾ, ਫਾਸ਼ੀਵਾਦ ਅਤੇ ਜੰਗਾਂ ਇਸ ਸੰਸਾਰ ਦਾ ਹਿੱਸਾ ਹਨ। ਉਸਨੂੰ ਇਸ ਬੁਰਾਈ ਦੇ ਵਿਰੁੱਧ ਰੋਸ ਪ੍ਰਗਟ ਕਰਨ ਲਈ, ਆਪਣੀ ਤਾਕਤ ਅਨੁਸਾਰ ਹਰ ਕੰਮ ਕਰਨਾ ਚਾਹੀਦਾ ਹੈ। ਝੂਠਾਂ, ਕੁਫ਼ਰਾਂ, ਪਾਖੰਡਾਂ ਤੇ ਜੁਰਮ ਦੇ ਵਿਰੁੱਧ ਬੋਲਣਾ। ਇਹ ਕੁਝ ਕਰਨ ਦੇ ਕਾਬਿਲ ਹੋਣ ਲਈ ਉਸ ਕੋਲ ਵਿਸ਼ੇਸ਼ ਭਾਂਤ ਦੀ ਤਾਕਤ ਦੀ ਲੋੜ ਹੈ।

ਆਖ਼ਰੀ ਪਰ ਘੱਟ ਮਹੱਤਵ ਵਾਲੀ ਨਹੀਂ, ਕਿ ਲੇਖਕ ਕੋਲ ਲੋੜ ਵੇਲੇ, ਇੱਕ ਸੈਨਿਕ ਬਣਨ ਲਈ ਕਾਫ਼ੀ ਤਾਕਤ ਹੋਣੀ ਚਾਹੀਦੀ ਹੈ। ਇਸ ਲਈ ਜੇ ਉਹ ਜਿਊਂਦਾ ਰਿਹਾ ਤਾਂ ਉਹ ਉਹਨਾਂ ਕੋਰੇ ਵਰਕਿਆਂ ਦੇ ਵਿਰੁੱਧ ਲੜਾਈ ਵਿੱਢਣ ਲਈ ਦੁਬਾਰਾ ਯੋਗ ਹੋ ਜਾਵੇਗਾ।

ਇੱਕ ਲੇਖਕ ਦੀ ਤਾਕਤ ਬੜੀ ਉੱਚੀ ਭਾਂਤ ਦੀ ਹੋਣੀ ਚਾਹੀਦੀ ਹੈ। ਇਹ ਸਦਾ ਹੀ ਉਸਦੇ ਕੋਲ ਹੋਣੀ ਚਾਹੀਦੀ ਹੈ, ਜੋ ਉਸਨੂੰ ਨਿਰੰਤਰ ਯਾਦ ਕਰਵਾਉਂਦੀ ਰਹੇ ਕਿ ਜੋ ਕੁਝ ਉਹ ਕਰ ਰਿਹਾ ਹੈ, ਉਹ ਇੱਕ ਜਾਂ ਦੋ ਦਿਨਾਂ ਲਈ ਹੀ ਜ਼ਰੂਰੀ ਨਹੀਂ ਸਗੋਂ ਪੂਰੇ ਜੀਵਨ ਲਈ ਮਹੱਤਵਪੂਰਨ ਹੈ। ਉਸਨੂੰ ਸਭ ਕੁਝ ਪਤਾ ਹੈ, ਜਿਸਦਾ ਉਹ ਤਜਰਬਾ ਕਰ ਚੁੱਕਾ ਹੈ ਤੇ ਜੋ ਫਿਰ ਦੁਬਾਰਾ ਆਰੰਭ ਹੋ ਜਾਵੇਗਾ। ਪਰ ਹਰ ਵਾਰ ਪਹਿਲਾਂ ਨਾਲੋਂ ਉਸ ਦਾ ਕਾਰਜ ਵਧੇਰੇ



ਔਖਾ ਹੋਵੇਗਾ।

ਜੇ ਲੇਖਕ ਵਿਚ ਸ਼ਕਤੀ ਦੀ ਘਾਟ ਹੈ ਤਾਂ ਉਹ ਖ਼ਤਮ ਹੋ ਜਾਵੇਗਾ। ਭਾਵੇਂ ਉਸ ਵਿਚ ਕਿੰਨੀ ਯੋਗਤਾ ਹੋਵੇ। ਉਹ ਈਰਖਾਲੂ ਹੋ ਜਾਵੇਗਾ ਤੇ ਆਪਣੇ ਸਹਿਕਰਮੀਆਂ ਨੂੰ ਬਦਨਾਮ ਕਰੇਗਾ। ਆਪਣੀ ਕੁੜੱਤਣ ਵਿਚ, ਉਹ ਬੱਸ ਏਨਾ ਹੀ ਗਿਲਾ ਕਰ ਸਕੇਗਾ ਕਿ ਉਸਦੇ ਕੰਮ ਦਾ ਨੋਟਿਸ ਨਹੀਂ ਲਿਆ ਗਿਆ ਜਾਂ ਕਿ ਉਸਨੂੰ ਪੁਰਸਕਾਰ ਨਹੀਂ ਮਿਲਿਆ। ਮਾੜੀ ਕਿਸਮਤ ਨੂੰ ਉਹ ਫਿਰ ਕਦੇ ਵੀ ਸੱਚਾ ਲੇਖਕ ਹੋਣ ਦੀ ਖੁਸ਼ੀ ਦਾ ਆਨੰਦ ਮਾਨਣ ਦੇ ਯੋਗ ਨਹੀਂ ਹੋਵੇਗਾ। ਕਿਉਂਕਿ ਲੇਖਕ ਤਾਂ ਖੁਸ਼ਕਿਸਮਤ ਸ਼ਖ਼ਸ ਹੁੰਦਾ ਹੈ।

ਫਿਰ ਵੀ, ਕਦੇ-ਕਦੇ ਅਜਿਹੇ ਛਿਣ ਵੀ ਹੁੰਦੇ ਨੇ, ਜਦੋਂ ਹਰ ਕੰਮ ਠੀਕ ਚੱਲ ਰਿਹਾ ਵਿਖਾਲੀ ਦਿੰਦਾ ਹੈ। ਜਿਹੜੀ ਗੱਲ ਕੱਲ੍ਹ ਕੰਮ ਨਹੀਂ ਦਿੰਦੀ, ਉਹ ਅੱਜ ਬਿਨਾਂ ਕਿਸੇ ਮੁਸ਼ਕਿਲ ਤੋਂ ਕੰਮ ਦੇਣ ਲੱਗਦੀ ਹੈ। ਜਦੋਂ ਉਹ ਸ਼ਕਤੀਸ਼ਾਲੀ ਤੇ ਸੁਹਿਰਦ ਅਨੁਭਵ ਕਰਦਾ ਹੈ, ਉਸਦਾ ਟਾਈਪ-ਰਾਈਟਰ ਮਸ਼ੀਨਗੰਨ ਵਾਂਗ ਤੜ-ਤੜ ਕਰਦਾ ਹੈ ਤੇ ਹਰ ਸਫ਼ਾ ਕੰਧ-ਕਾਗਜ਼ ਵਾਂਗ ਬਾਹਰ ਨਿਕਲਦਾ ਆਉਂਦਾ ਹੈ।

ਜਦੋਂ ਅਚਾਨਕ ਹੀ, ਇੱਕ ਕਮਾਲ ਦਾ ਜਜ਼ਬੇ ਭਰਿਆ ਸਫ਼ਾ ਲਿਖ ਲੈਂਦਾ ਹੈ, ਤਾਂ ਉਹ ਦੈਵੀ ਅਨੁਭਵ ਕਰਦਾ ਹੈ, ਜਿਵੇਂ ਇਹ ਗੱਲ ਯਾਦ ਕਰ ਰਿਹਾ ਹੋਵੇ, "ਆਰੰਭ ਵਿਚ ਸ਼ਬਦ ਸੀ ਤੇ ਸ਼ਬਦ ਖ਼ੁਦਾ ਕੋਲ ਸੀ।" ਭਾਵੇਂ ਇਹ ਗੱਲ ਆਮ ਨਹੀਂ ਵਾਪਰਦੀ, ਅਦਭੁੱਤ ਗੁਣਾਂ ਵਾਲੇ ਨਾਲ ਵੀ ਨਹੀਂ, ਪਰ ਇਹ ਦੈਵੀ ਸ਼ਬਦ ਜੋ ਅਚਾਨਕ ਹੀ ਉਦੋਂ ਹੀ ਪ੍ਰਗਟ ਹੁੰਦੇ ਹਨ, ਜਦੋਂ ਕੋਈ ਲੇਖਕ ਏਨਾ ਸ਼ਕਤੀਸ਼ਾਲੀ ਹੋ ਜਾਂਦਾ ਹੈ ਕਿ ਉਸਨੂੰ ਸਾਰੀ ਨਿਰਾਸਤਾ, ਅਸੰਤੁਸ਼ਟਤਾ ਤੇ ਮੁਸ਼ੱਕਤ ਭਰੇ ਦਿਨਾਂ ਦਾ ਇਨਾਮ ਮਿਲ ਰਿਹਾ ਹੁੰਦਾ ਹੈ। ਤੇ ਜਦੋਂ ਉਸ ਨੇ ਇਹ ਸਫ਼ਾ ਲਿਖ ਲਿਆ ਹੁੰਦਾ ਹੈ, ਉਸਨੂੰ ਗਿਆਨ ਹੋ ਜਾਂਦਾ ਹੈ ਕਿ ਉਹ ਜਿਊਂਦਾ ਰਹੇਗਾ। ਉਸ ਦੀਆਂ ਦੂਜੀਆਂ ਲਿਖਤਾਂ ਭਾਵੇਂ ਆਉਂਦੀਆਂ ਜਾਂਦੀਆਂ ਰਹਿਣ, ਪਰ ਇਹ ਟੁਕੜਾ ਕਾਇਮ ਰਹੇਗਾ।

ਇੱਕ ਲੇਖਕ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਉਸਨੂੰ ਕੇਵਲ ਸੱਚ ਹੀ ਲਿਖਣਾ ਚਾਹੀਦਾ ਹੈ ਤੇ ਸਿਰਫ਼ ਸੱਚ ਵਿਚ ਹੀ ਉਸਦੀ ਮੁਕਤੀ ਹੈ। ਪਰ ਉਸਨੂੰ ਇਹ ਨਹੀਂ ਸੋਚਣਾ ਚਾਹੀਦਾ ਕਿ ਉਸਦਾ ਸੱਚ, ਹਰ ਕਿਸੇ ਵਲੋਂ ਬਿਨਾਂ ਸ਼ਰਤ ਪ੍ਰਵਾਨ ਕਰ ਲਿਆ ਜਾਵੇਗਾ। ਪਰ ਉਹ ਆਪਣੇ ਅਣਗਿਣਤ ਪਾਠਕਾਂ ਦਾ ਦੇਣਦਾਰ ਹੈ, ਕਿਉਂਕਿ ਆਖ਼ਰਕਾਰ ਉਹ ਉਹਨਾਂ ਖ਼ਾਤਰ ਹੀ ਲਿਖ ਰਿਹਾ ਹੈ।

ਅੰਤਮ ਨਿਰਣੇ ਵਿਚ ਉਹ ਸੰਪਾਦਕ ਲਈ ਆਪਣੇ ਆਲੋਚਕਾਂ ਅਤੇ ਪੈਸੇ ਖ਼ਾਤਰ ਨਹੀਂ ਲਿਖ ਰਿਹਾ ਹੁੰਦਾ। ਯਕੀਨੀ ਗੱਲ ਹੈ ਕਿ ਉਸਨੂੰ ਹੋਰਨਾਂ ਲੋਕਾਂ ਵਾਂਗ ਪੈਸੇ ਦੀ ਲੋੜ ਹੈ ਤੇ ਉਹ ਕਈ ਵੱਖਰੇ-ਵੱਖਰੇ ਢੰਗਾਂ ਨਾਲ ਆਪਣਾ ਗੁਜ਼ਾਰਾ ਕਰ ਸਕਦਾ ਹੈ, ਤੇ ਸਿਰਫ਼ ਲਿਖਣ ਦੀ ਹੀ ਗੱਲ ਨਹੀਂ। ਐਪਰ ਉਹ ਇਸ ਕਾਰਨ ਲਿਖਦਾ ਹੈ, ਕਿਉਂਕਿ ਉਸਨੂੰ ਸ਼ਬਦਾਂ ਦੀ ਦੈਵੀ

ਸ਼ਕਤੀ ਤੇ ਸੱਚੇ ਦਾ ਪਤਾ ਹੈ। ਉਸਦਾ ਵਿਸ਼ਵਾਸ ਹੈ ਕਿ ਸਾਹਿਤ ਮਨੁੱਖਤਾ ਦੀ ਸਵੈ-ਚੇਤਨਾ ਹੈ, ਇਕ ਤਰ੍ਹਾਂ ਦਾ ਮਨੁੱਖੀ ਪ੍ਰਗਟਾਵਾ ਜਿਸਦਾ ਉਹ ਆਪਣੀ ਲਿਖਤ ਰਾਹੀਂ ਹਿੱਸਾ ਹੈ। ਉਸਨੂੰ ਹਮੇਸ਼ਾ ਇਹ ਗੱਲ ਚੇਤੇ ਰੱਖਣੀ ਚਾਹੀਦੀ ਹੈ ਅਤੇ ਆਪਣੇ ਆਪ ਨੂੰ ਖੁਸ਼ਕਿਸਮਤ ਤੇ ਮਾਣ ਅਨੁਭਵ ਕਰਨਾ ਚਾਹੀਦਾ ਹੈ ਕਿ ਇਹ ਮਾਣ ਉਸਨੂੰ ਹੀ ਦਿੱਤਾ ਗਿਆ ਹੈ।

ਜਦੋਂ ਅਚਾਨਕ ਹੀ ਸਵੇਰ ਦੇ ਦੋ ਜਾਂ ਤਿੰਨ ਵਜੇ ਤੁਸੀਂ ਤੱਕਦੇ ਹੋ ਤੇ ਅਨੁਭਵ ਕਰਦੇ ਹੋ ਕਿ ਇਸ ਵੇਲੇ ਇਹ ਵਿਸ਼ਵ ਕਿੰਨਾ ਵਿਸ਼ਾਲ ਹੈ। ਸਾਰੇ ਸੰਸਾਰ ਵਿਚ ਲੋਕ ਜਾਂ ਸੁੱਤੇ ਪਏ ਹਨ ਜਾਂ ਪਿਆਰ ਕਰ ਰਹੇ ਹਨ ਤੇ ਉਹਨਾਂ ਨੂੰ ਆਪਣੇ ਜਜ਼ਬੇ ਤੋਂ ਬਿਨਾਂ ਹੋਰ ਕੋਈ ਗੱਲ ਜਾਨਣ ਦੀ ਲੋੜ ਅਨੁਭਵ ਨਹੀਂ ਹੁੰਦੀ। ਪਰ ਨਾਲ ਹੀ ਲੋਕ ਇੱਕ-ਦੂਜੇ ਨੂੰ ਮਾਰ ਰਹੇ ਹੁੰਦੇ ਹਨ, ਬੰਬਾਂ ਨਾਲ ਭਰੇ ਹਵਾਈ ਜਹਾਜ਼ ਕਿਤੇ ਆਕਾਸ਼ ਵਿਚ ਨੱਚ ਰਹੇ ਹਨ ਤੇ ਰੇਡੀਓ ਸਟੇਸ਼ਨ ਆਪਣੀ ਸ਼ਕਤੀ ਨੂੰ ਝੂਠ, ਸੁੱਖ, ਰੌਲੇ, ਖੁਸ਼ੀ, ਨਿਰਾਸਤਾਵਾਂ ਅਤੇ ਆਸ-ਉਮੀਦ ਲਈ ਵਰਤ ਰਹੇ ਹਨ। ਉਸ ਵੇਲੇ ਤੁਸੀਂ ਐਨੇ ਨਿਰਾਸ਼ ਤੇ ਇਕੱਲੇ ਅਨੁਭਵ ਕਰਦੇ ਹੋ। ਤੁਹਾਨੂੰ ਸੰਸਾਰ ਦੀਆਂ ਸਮੱਸਿਆਵਾਂ ਬਾਰੇ ਸੋਚ ਕੇ ਨੀਂਦ ਨਹੀਂ ਆ ਰਹੀ। ਤੁਸੀਂ ਐਨੇ ਦੁੱਖ ਨਾਲ ਸੋਚਦੇ ਹੋ ਕਿ ਧਰਤੀ ਦੇ ਸਾਰੇ ਲੋਕ ਆਖ਼ਰ ਖੁਸ਼ ਤੇ ਆਜ਼ਾਦ ਹੋਣ। ਤੁਸੀਂ ਚਾਹੁੰਦੇ ਹੋ ਕਿ ਨਾ ਬਰਾਬਰੀ, ਨਸਲਵਾਦ, ਜੰਗਾਂ ਤੇ ਬਿਪਤਾਵਾਂ ਦਾ ਖ਼ਾਤਮਾ ਹੋ ਜਾਵੇ। ਤੁਸੀਂ ਈਮਾਨਦਾਰ ਕਿਰਤ ਨੂੰ ਐਨਾ ਜ਼ਰੂਰੀ ਸਮਝਦੇ ਹੋ ਜਿੰਨਾ ਸਾਹ ਲੈਣ ਲਈ ਹਵਾ।

ਪਰ ਸਭ ਤੋਂ ਵੱਡੀ ਖੁਸ਼ੀ ਤਾਂ ਇਹ ਹੈ ਕਿ ਤੁਸੀਂ ਇਸ ਨਿਰਾਸਤਾ ਭਰੀ ਰਾਤ ਵਿਚ ਇਕੱਲੇ ਨਹੀਂ ਹੋ, ਜਿਸਨੂੰ ਨੀਂਦ ਨਹੀਂ ਆ ਰਹੀ। ਤੁਹਾਡੇ ਸਾਥ ਵਿਚ ਹੋਰ ਲੇਖਕ ਤੇ ਤੁਹਾਡੇ ਭਰਾ ਵੀ ਹਨ, ਜੋ ਇਹੀ ਚਾਹੁੰਦੇ ਹਨ ਕਿ ਇਹ ਸੰਸਾਰ ਹੋਰ ਚੰਗੇਰੀ ਥਾਂ ਬਣ ਜਾਵੇ ਤੇ ਲੋਕ ਹੋਰ ਮਨੁੱਖੀ ਗੁਣਾਂ ਵਾਲੇ ਬਣ ਜਾਣ।

ਮੰਨਿਆ ਕਿ ਤੁਹਾਡੇ ਕੋਲ, ਜਿਵੇਂ ਤੁਸੀਂ ਤਾਂਘਦੇ ਹੋ, ਉਸ ਤਰ੍ਹਾਂ ਸੰਸਾਰ ਨੂੰ ਬਦਲਣ ਦੀ ਤਾਕਤ ਨਹੀਂ, ਪਰ ਤੁਹਾਡੇ ਕੋਲ ਸੱਚ ਹੈ ਤੇ ਤੁਹਾਡੀ ਲਿਖਣ ਦੀ ਸ਼ਕਤੀ ਹੈ। ਕੋਈ ਗੱਲ ਨਹੀਂ ਕਿ ਤੁਸੀਂ ਕਿੰਨੇ ਬਦਕਿਸਮਤ, ਅਸਫਲ ਜਾਂ ਨਿਰਾਸ ਅਨੁਭਵ ਕਰੋ। ਤੁਹਾਨੂੰ ਮੁਸੀਬਤ ਉੱਤੇ ਤਿੰਨ ਗੁਣਾਂ ਤਾਕਤ ਵਾਲੇ ਹੋਣਾ ਚਾਹੀਦਾ ਹੈ ਤੇ ਲੋਕਾਂ ਲਈ ਖੁਸ਼ੀ ਲਿਆਉਣੀ ਚਾਹੀਦੀ ਹੈ, ਬਾਰ-ਬਾਰ ਇਹ ਆਖਦੇ ਹੋਏ ਕਿ ਜ਼ਿੰਦਗੀ ਹੋਰ ਬਿਹਤਰ ਬਣਨੀ ਚਾਹੀਦੀ ਹੈ।

ਨੋਟ :- ਲੇਖਕਾਂ ਨੂੰ ਸੰਬੋਧਨ ਇਹ ਲੇਖ ਰੂਸ ਲੇਖਕ ਯੂਰੀ ਕਾਜਾਕੋਵ (1927-1982) ਦਾ ਲਿਖਿਆ ਹੋਇਆ ਹੈ। ਅਜਿਹੇ ਹੀ ਸਾਹਿਤਕ ਵਿਸ਼ਿਆਂ ਉੱਤੇ ਲਿਖਣ ਦੇ ਉਹ ਮਾਹਰ ਸਮਝੇ ਜਾਂਦੇ ਹਨ। • **(ਅੰਗਰੇਜ਼ੀ ਚੋਂ ਅਨੁਵਾਦ)**



## ਗ਼ਜ਼ਲ

**- ਭੁਪਿੰਦਰ ਸੰਧੂ**

ਸੀ ਮਾਣ ਜਿਨ੍ਹਾਂ 'ਤੇ ਕਿ ਡਿੱਗਦੇ ਨੂੰ ਸਹਾਰਾ ਦੇਣਗੇ।
ਇਹ ਸੋਚਿਆ ਨਾ ਸੀ ਕਿ ਉਹ ਧੱਕਾ ਦੁਬਾਰਾ ਦੇਣਗੇ।

ਦੁੱਖਾਂ 'ਚ ਵੀ ਹੱਸਣਾ ਮੇਰੀ ਆਦਤ ਦੀ ਮਜਬੂਰੀ ਬਣੀ,
ਦਿਲ ਡੇਗਿਆਂ ਵੀ ਕਰਨ ਨਾ ਦੁਸ਼ਮਣ ਗੁਜ਼ਾਰਾ ਦੇਣਗੇ।

ਇਸ ਸ਼ੂਕਦੇ ਤੂਫ਼ਾਨ ਵਿਚ ਘਿਰ ਕੇ ਨਾ ਹੀ ਚਿੱਤ ਡੋਲ੍ਹਿਆ,
ਦਿਨ ਇਹ ਵੀ ਜੀਵਣ ਵਿਚ ਅਨੁਭਵ ਇਕ ਨਿਆਰਾ ਦੇਣਗੇ।

ਜਦ ਨਿਰਧਨਾਂ ਦੇ ਸਬਰ ਦਾ ਭਰਿਆ ਪਿਆਲਾ ਟੁੱਟਿਆ,
ਫਿਰ ਝੂਠ ਦਾ ਰਹਿਣ ਨਾ ਖੜ੍ਹਾ ਕੋਈ ਮੁਨਾਰਾ ਦੇਣਗੇ।

ਮੈਨੂੰ ਮੇਰੇ ਵਿਹੜੇ 'ਚ ਸੂਰਜ ਦੀ ਮਿਲੀ ਜੋ ਰੌਸ਼ਨੀ,
ਇਸ ਤੋਂ ਜ਼ਿਆਦਾ ਹੋਰ ਕੀ ਤੋਹਫ਼ਾ ਪਿਆਰਾ ਦੇਣਗੇ।

ਵੇਲਾ ਅਜੇ ਵੀ ਸਭ ਮਸੀਹੇ ਆਪਣੇ ਪਹਿਚਾਣ ਲਉ,
ਨ੍ਹੇਰੇ ਦਿਲਾਂ 'ਚ ਇਹੀ ਤਾਂ ਚਾਨਣ ਦਾ ਖਿਲਾਰਾ ਦੇਣਗੇ।

ਖ਼ੁਦ ਝੂਠ ਦੀ ਦਲਦਲ 'ਚ ਐਨੇ ਧਸ ਗਏ ਉਹ,
ਕਹਿੰਦੇ ਸੀ ਜੋ ਕਰ ਦੁੱਧ ਪਾਣੀ ਦਾ ਨਤਾਰਾ ਦੇਣਗੇ।

ਬਾਗ਼ੀ ਕਹਾਉਂਦੇ ਬੋਲ ਜਿਹੜੇ ਅੱਜ ਦੇ ਇਸ ਦੌਰ ਵਿਚ,
ਉਹ ਬੋਲ ਸੁੱਤੀ ਰੂਹ ਨੂੰ ਸੱਜਣਾ ਹੁਲਾਰਾ ਦੇਣਗੇ।

ਰਾਖੀ ਕਰੋ ਸੰਧੂ! ਲਹੂ ਦੇ ਨਾਲ ਸਿੰਜੇ ਖੇਤ ਜੋ,
ਹਿੱਸੇ 'ਚ ਤੇਰੇ ਰਹਿਣ ਨਾ ਇਕ ਵੀ ਕਿਆਰਾ ਦੇਣਗੇ।

**26118, ਗਲੀ ਨੰ. 2½, ਅਮਰਪੁਰਾ ਬਸਤੀ, ਬਠਿੰਡਾ**

# ਪੰਜ ਵਿਸ਼ਵ ਕਵੀ

- ਪ੍ਰੋ. ਦਲਬੀਰ ਕੌਰ
- ਪਰੇਮ ਸਿੰਘ (ਡਾ.)

ਹਰਭਜਨ ਸਿੰਘ ਹੁੰਦਲ ਵਲੋਂ ਪੰਜ ਸੰਸਾਰ ਪ੍ਰਸਿੱਧ ਕਵੀਆਂ ਦੀ ਚੋਣਵੀਂ ਕਵਿਤਾ ਦਾ ਅਨੁਵਾਦ ਇਕ ਸੰਗ੍ਰਹਿ ਵਿਚ ਇਕੱਤਰ ਕਰਕੇ ਪ੍ਰਕਾਸ਼ਿਤ ਕਰਵਾਇਆ ਗਿਆ ਹੈ। ਇਹ ਉੱਦਮ ਉਚੇਚੀ ਮਹੱਤਤਾ ਇਸ ਲਈ ਰੱਖਦਾ ਹੈ ਕਿਉਂਕਿ ਨਾ ਕੇਵਲ ਇਹ ਉੱਚ-ਦੁਮਾਲੜੇ ਕਵੀ ਸੰਸਾਰ ਦੇ ਵੱਖ-ਵੱਖ ਖੇਤਰਾਂ ਦੇ ਪ੍ਰਤੀਨਿਧ ਹਨ, ਸਗੋਂ ਇਸ ਲਈ ਵੀ ਕਿ ਇਹ ਵੀਹਵੀਂ ਸਦੀ ਦੇ ਮਾਨਵਤਾ ਦੇ ਮੁੱਖ ਸੰਘਰਸ਼ ਆਜ਼ਾਦੀ ਅਤੇ ਜਮਹੂਰੀਅਤ ਦੇ ਸੰਘਰਸ਼ ਦੇ ਮੋਹਰੀ ਅਲੰਬਰਦਾਰ ਵੀ ਹਨ। ਇਸ ਤੋਂ ਪਹਿਲਾਂ ਹੁੰਦਲ ਦੁਨੀਆਂ ਦੇ ਕੁਝ ਹੋਰ ਪ੍ਰਸਿੱਧ ਸੰਗਰਾਮੀ ਕਵੀਆਂ ਜਿਵੇਂ ਪਾਬਲੋ ਨੇਰੂਦਾ, ਨਾਜ਼ਿਮ ਹਿਕਮਤ, ਮਹਿਮੂਦ ਦਰਵੇਸ਼, ਮਾਇਕੋਵਸਕੀ, ਬਰਤੋਲਤ ਬਰੈਖ਼ਤ ਅਤੇ ਲੋਰਕਾ ਦੀ ਚੋਣਵੀਂ ਕਵਿਤਾ ਦਾ ਪੰਜਾਬੀ ਅਨੁਵਾਦ ਵੀ ਛਪਵਾ ਚੁੱਕਾ ਹੈ। ਇਹ ਸਭੇ ਅਨੁਵਾਦ ਅੰਗਰੇਜ਼ੀ ਵਿਚੋਂ ਹਨ ਅਤੇ ਇਉਂ ਇਹ ਅਨੁਵਾਦ ਦੇ ਅਨੁਵਾਦ ਹਨ। ਭੂਮਿਕਾ ਵਿਚ ਹੁੰਦਲ ਨੇ ਨਿਮਰਤਾ ਸਹਿਤ ਲਿਖਿਆ ਹੈ ਕਿ ਉਸਦਾ ਇਹ ਦਾਅਵਾ ਨਹੀਂ ਕਿ ਇਹ ਅਨੁਵਾਦ "ਆਖ਼ਰੀ ਅਤੇ ਉੱਚ-ਪਾਏ ਦੇ ਹਨ। ਉਹ ਮੰਨਦਾ ਹੈ ਕਿ ਅਨੁਵਾਦ ਸੌਖਾ ਕੰਮ ਨਹੀ, ਕਿਉਂਕਿ ਹਰ ਭਾਸ਼ਾ ਦਾ ਆਪਣਾ ਮੁਹਾਵਰਾ, ਛੰਦ, ਤਾਲ ਅਤੇ ਪ੍ਰਤੀਕ ਹੁੰਦੇ ਹਨ।" ਜੇ ਉਸ ਦੀਆਂ ਇਹ ਦੋ ਗੱਲਾਂ ਸਾਹਮਣੇ ਰੱਖੀਆਂ ਜਾਣ ਤਾਂ ਇਹ ਕਹਿਣਾ ਪਵੇਗਾ ਕਿ ਇਹ ਅਨੁਵਾਦ ਜੇ ਨਿਪੁੰਨ ਨਹੀਂ ਤਾਂ ਬਹੁਤ ਉੱਚੇ ਦਰਜੇ ਦੇ ਜ਼ਰੂਰ ਹਨ।

ਹੁੰਦਲ ਵਲੋਂ ਇਸ ਸੰਗ੍ਰਹਿ ਨੂੰ ਦਿੱਤੀ ਗਈ ਤਰਤੀਬ ਵਿਚ ਪਹਿਲਾ ਕਵੀ, ਫ਼ਲਸਤੀਨ ਦਾ ਮੁਈਨ ਬਸੀਸੋ ਹੈ ਜਿਸਦਾ ਜੀਵਨ ਕਾਲ 1930 ਤੋਂ 1984 ਤੱਕ ਸੀ। ਉਸ ਨੇ ਫ਼ਲਸਤੀਨੀ ਲੋਕਾਂ ਦੇ ਉਜਾੜੇ ਬਾਰੇ ਸਾਹਿਤ ਰਚਨਾ ਕੀਤੀ ਅਤੇ ਇਸ ਕੰਮ ਵਿਚ ਵੱਖ-ਵੱਖ ਵਿਧਾਵਾਂ, ਕਵਿਤਾ, ਨਾਟਕ, ਪੱਤਰਕਾਰਤਾ ਅਤੇ ਰੇਡੀਓ, ਟੀ. ਵੀ. ਫੀਚਰ ਲਿਖੇ। ਅਗਾਂਹਵਧੂ ਸਾਹਿਤ ਦੇ ਖੇਤਰ ਵਿਚ ਸੰਸਾਰ ਪੱਧਰ ਉੱਤੇ ਉਸ ਦੇ ਸਥਾਨ ਦਾ ਅਨੁਮਾਨ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਉਹ ਐਫ਼ਰੋ-ਏਸ਼ੀਅਨ ਲੇਖਕ ਫੈਡਰੇਸ਼ਨ ਦਾ ਅਹੁਦੇਦਾਰ ਸੀ ਅਤੇ ਇਸ ਵਲੋਂ ਪ੍ਰਕਾਸ਼ਿਤ ਕੀਤੀ ਜਾਂਦੀ ਪੱਤ੍ਰਿਕਾ 'ਲੋਟਸ' ਦੀ ਅਰਬੀ ਐਡੀਸ਼ਨ ਦਾ ਸਹਾਇਕ ਸੰਪਾਦਕ ਵੀ ਸੀ। ਆਪਣੀ ਕਵਿਤਾ 'ਪਛਾਣ ਪੱਤਰ 1968' ਵਿਚ ਉਹ ਫਲਸਤੀਨੀ ਲੋਕਾਂ ਦੇ ਸੰਘਰਸ਼ ਦਾ ਉਲੇਖ ਕਰਦਿਆਂ, ਜਿਸ ਵਿਚ ਉਹ ਖ਼ੁਦ ਮੂਹਰੇ ਸੀ, ਕਹਿੰਦਾ ਹੈ -

ਮੈਂ ਤੇਰਾ ਸਿਰ ਕੱਟਿਆ ਕਵੀ ਤੇ
ਸੰਗੀਤਕਾਰ ਹਾਂ,



ਮੈਂ ਬਿਨ ਬਾਹਾਂ ਦੇ ਦੁਨੀਆਂ ਦੇ ਸਾਰੇ
ਪਹਾੜ ਚੜ੍ਹੇ,
ਮੇਰੀ ਛਾਤੀ ਤੇ ਸਭ ਜੇਲ੍ਹਾਂ ਦੇ ਠੱਪਿਆਂ
ਦੇ ਨਿਸ਼ਾਨ ਹਨ।"

ਸੰਘਰਸ਼ ਦੇ ਗੁੰਝਲਦਾਰ ਸੁਭਾਅ ਦੀ ਗੱਲ ਕਰਦਿਆਂ ਉਹ ਇਕ ਸੰਤ ਵਲੋਂ ਉਸ ਨਾਲ ਕੀਤੇ ਗਏ ਦਗ਼ੇ ਦੀ ਗੱਲ ਕਰਦਾ ਹੈ ਅਤੇ ਨਾਲ ਹੀ ਇਕ ਵੇਸਵਾ ਵਲੋਂ ਦਿੱਤੀ ਗਈ ਮਦਦ ਦੀ। ਆਪਣੇ ਉੱਤੇ ਹੋਏ ਅੱਤਿਆਚਾਰਾਂ ਦਾ ਜ਼ਿਕਰ ਕਰਦਿਆਂ ਉਹ ਕਹਿੰਦਾ ਹੈ -

"ਮੇਰੇ ਦਿਲ ਦੀ ਕਈ ਵਾਰ ਪੜਤਾਲ ਕੀਤੀ ਗਈ
ਤੇ ਉਨ੍ਹਾਂ ਪੁੱਛ-ਪੜਤਾਲ ਦਾ ਸਾਮਾਨ,
ਰੱਬ ਦੇ ਦਿਲ ਤੇ ਵੀ ਫਿੱਟ ਕਰ ਦਿੱਤਾ।"

ਇਸ ਕਵਿਤਾ ਵਿਚ ਇਸ ਜ਼ੁਲਮ ਦੇ ਵੱਖ-ਵੱਖ ਰੂਪਾਂ ਦਾ ਅਤੇ ਇਨ੍ਹਾਂ ਦਾ ਟਾਕਰਾ ਕਰਨ ਦੇ ਕਵੀ ਦੇ ਅਹਿਦ ਦਾ ਵਿਸਥਾਰ ਹੈ। ਜਿਸ ਦਾ ਸਿਖ਼ਰ ਇਨ੍ਹਾਂ ਪੰਗਤੀਆਂ ਰਾਹੀਂ ਪੇਸ਼ ਹੁੰਦਾ ਹੈ -

"ਮੈਨੂੰ ਪਤਾ ਹੈ ਮੈਂ ਮਰ ਜਾਵਾਂਗਾ,
ਪਰ ਮੈਂ ਆਹਮੋ-ਸਾਹਮਣੇ ਲੜਾਈ
ਦਾ ਸੱਦਾ ਦਿੱਤਾ,
ਤੇ ਲੜਾਂਗਾ
ਭਾਵੇਂ ਮੈਨੂੰ ਪਤਾ ਕਿ ਮੈਂ ਮਰ ਜਾਵਾਂਗਾ।"

ਉਸਦੀ ਕਵਿਤਾ 'ਰਿੰਮਬਾਦ ਦੇ ਨਾਂਅ' ਸਾਦਗੀ ਅਤੇ ਸਪੱਸ਼ਟਤਾ ਦੀ ਉਦਾਹਰਣ ਹੈ। ਕਵੀ ਰਿੰਮਬਾਦ ਨਾਮੀ ਗੁਲਾਮਾਂ ਦੇ ਵਪਾਰੀ ਦੀ ਇਸ ਗੱਲੋਂ ਸ਼ਲਾਘਾ ਕਰਦਾ ਹੈ ਕਿ ਉਸ ਨੇ ਇਹ ਕਿੱਤਾ ਅਪਨਾਉਣ ਤੋਂ ਬਾਅਦ ਕਵਿਤਾ ਲਿਖਣੀ  ਬੰਦ ਕਰ ਦਿੱਤੀ ਜਦ ਕਿ ਹੋਰ ਅਨੇਕਾਂ ਅਜਿਹੇ ਲੋਕ ਹੋਏ ਹਨ ਜਿਹੜੇ ਵਪਾਰੀ ਬਣੇ ਪਰ ਕਵਿਤਾ ਲਿਖਣੀ ਉਨ੍ਹਾਂ ਨਾ ਤਿਆਗੀ। ਉਨ੍ਹਾਂ ਦੀ ਕਵਿਤਾ ਜਰਵਾਣੇ ਹਾਕਮਾਂ ਦੇ ਕੰਮ ਆਈ। ਉਨ੍ਹਾਂ ਨੂੰ ਬਦਲੇ ਵਿਚ ਤਮਗੇ ਤੇ ਖ਼ਿਤਾਬ ਮਿਲੇ, ਪਰ ਉਹ ਕਵਿਤਾ ਵੀ ਲਿਖਦੇ ਰਹੇ, ਭਾਵ ਉਹ ਲੋਕ ਡਾਢੇ ਭੇਖੀ ਸਨ।

ਹੁੰਦਲ ਦੀ ਚੋਣ ਦਾ ਦੂਜਾ ਕਵੀ ਐਡੀਨੋਸ ਹੈ। ਜਿਸਦਾ ਅਸਲ ਨਾਂ ਅਲੀ ਅਹਿਮਦ ਸਈਦ ਸੀ। ਉਹ ਸੀਰੀਆ ਦੇ ਇੱਕ ਪਿੰਡ ਵਿਚ 1930 ਵਿਚ ਜੰਮਿਆ ਸੀ। ਪਰ ਸਮੇਂ ਦੀ ਸਰਕਾਰ ਦੇ ਤਸ਼ੱਦਦ ਕਾਰਨ ਉਸਨੂੰ ਲੈਬਨਾਨ ਦਾ ਨਾਗਰਿਕ ਬਣਨਾ ਪਿਆ। ਅਰਬੀ ਜ਼ੁਬਾਨ ਦਾ ਇਹ ਵਿਦਵਾਨ ਅਤੇ ਆਲੋਚਕ ਕਈ ਪੁਸਤਕਾਂ ਦਾ ਲੇਖਕ ਹੈ। ਜਿਨ੍ਹਾਂ ਵਿਚ

ਅਨੁਵਾਦ ਦੀਆਂ ਪੁਸਤਕਾਂ ਵੀ ਸ਼ਾਮਿਲ ਹਨ। ਮੁਈਨ ਬਸੀਸੋ ਦੀ ਤਰ੍ਹਾਂ ਉਸਨੇ ਵੀ 'ਘੇਰੇ ਵਿਚ ਆਏ ਬੈਰੂਤ ਦੀ ਡਾਇਰੀ-1982' ਇਕ ਲੰਮੀ ਕਵਿਤਾ ਦੇ ਰੂਪ ਵਿਚ ਲਿਖੀ ਹੈ। ਸ਼ਹਿਰ ਦੇ ਦਹਿਸ਼ਤ ਦੇ ਮਾਹੌਲ ਨੂੰ ਬਿਆਨ ਕਰਦਿਆਂ ਐਡੀਨੋਸ ਨੇ ਕਮਾਲ ਦੀ ਸਾਦਗੀ ਤੋਂ ਕੰਮ ਲਿਆ ਹੈ ਅਤੇ ਨਾਲ ਹੀ ਤੇਜ਼ ਕਟਾਖਸ਼ ਵੀ ਕੀਤੇ ਹਨ। ਜਿਹੜੇ ਜਜ਼ਬਿਆਂ ਦੀ ਗਹਿਰਾਈ ਦਾ ਪ੍ਰਭਾਵ ਦਿੰਦੇ ਹਨ। ਉਹ ਲਿਖਦਾ ਹੈ -

"ਮੈਂ ਆਖਿਆ ਇਹ ਗਲੀ ਸਾਡੇ ਘਰ ਨੂੰ ਜਾਂਦੀ ਹੈ
ਉਸ ਕਿਹਾ, ਨਹੀਂ
ਤੂੰ ਲੰਘ ਨਹੀਂ ਸਕਦਾ
ਤੇ ਆਪਣੀਆਂ ਗੋਲੀਆਂ ਮੇਰੇ ਵੱਲ
ਸਿੱਧੀਆਂ ਕਰ ਦਿੱਤੀਆਂ
ਵਾਹ ਖ਼ੂਬ! ਹਰ ਗਲੀ ਵਿਚ ਮੇਰੇ ਘਰ ਦੇ ਮਿੱਤਰ ਹਨ।"

ਕਵੀ ਹਾਰਦਾ ਹੋਇਆ ਵੀ ਹਾਰਦਾ ਨਹੀਂ ਅਤੇ ਫਿਰ ਇੱਕ ਵਾਰ ਸੰਘਰਸ਼ ਦੀ ਦ੍ਰਿੜਤਾ ਦਾ ਪ੍ਰਗਟਾਵਾ ਕਰਦਾ ਹੈ। ਉਹ ਲਿਖਦਾ ਹੈ-

"ਜਿਸ ਭਰੋਸੇ ਨਾਲ ਮੈਂ ਜਿਊਂਦਾ ਰਿਹਾ
ਉਹ ਸਭ ਖ਼ਤਮ ਹੋ ਗਿਆ ਹੈ
ਮੇਰੀ ਖਾਹਿਸ਼ ਦੀਆਂ ਬੈਟਰੀਆਂ ਬੁਝ ਗਈਆਂ ਨੇ
ਜੋ ਕੁਝ ਚਿਹਰਿਆਂ ਦੇ ਦਰਮਿਆਨ ਸੀ
ਜਿਸ ਨੇ ਮੇਰੀ ਜਲਾਵਤਨੀ ਰੌਸ਼ਨ ਕੀਤੀ ਰੱਖੀ
ਸਭ ਕੁਝ ਖਿਸਕ ਗਿਆ ਹੈ
ਮੈਨੂੰ ਨਵੇਂ ਸਿਰਿਓਂ ਆਰੰਭ ਕਰਨਾ ਪਵੇਗਾ
ਆਪਣੇ ਅੰਗਾਂ ਨੂੰ ਭਵਿੱਖ ਤੀਕ ਪਹੁੰਚਣ ਲਈ
ਸਿੱਖਿਅਤ ਕਰਨਾ ਪਵੇਗਾ।"

ਸਰਗੇਈ ਯੇਸੇਨਿਨ ਉਹ ਤੀਜਾ ਕਵੀ ਹੈ ਜਿਸ ਨੂੰ ਹੁੰਦਲ ਨੇ ਇਸ ਸੰਗ੍ਰਹਿ ਵਿਚ ਰੂਸ ਦੇ ਪ੍ਰਤੀਨਿਧ ਕਵੀ ਵਜੋਂ ਸ਼ਾਮਿਲ ਕੀਤਾ ਹੈ। ਹੁੰਦਲ ਅਨੁਸਾਰ ਉਸ ਨੂੰ ਸਮਾਜਵਾਦੀ ਕਵਿਦਾ ਦੇ ਦੋ ਮੋਢੀ ਕਵੀਆਂ ਵਿਚ ਗਿਣਿਆ ਜਾਂਦਾ ਹੈ। ਅਕਤੂਬਰ ਇਨਕਲਾਬ ਤੋਂ ਕੇਵਲ ਅੱਠ ਸਾਲ ਬਾਅਦ ਹੀ ਉਸਦੀ ਮੌਤ ਹੋ ਗਈ, ਜਿਹੜੀ ਆਤਮਘਾਤ ਦਾ ਨਤੀਜਾ ਸੀ। ਉਸਨੇ ਕਿਉਂ ਅਜਿਹਾ ਕਦਮ ਚੁੱਕਿਆ ਇਹ ਸਪੱਸ਼ਟ ਨਹੀਂ। ਪਰ ਕਿਉਂਕਿ ਉਸ ਦੀ ਕਵਿਤਾ ਵਿਚੋਂ ਸਮਾਜਵਾਦ ਦੀ ਇਕ ਹਾਂ-ਪੱਖੀ ਤਸਵੀਰ ਉੱਭਰਦੀ ਹੈ ਅਤੇ ਇਸ ਮਾਮਲੇ ਵਿਚ ਉਸਦੀ ਕੋਈ ਦੁਚਿੱਤੀ ਨਹੀਂ ਝਲਕਦੀ, ਇਹ ਕਹਿਣਾ ਪਵੇਗਾ ਕਿ ਉਸ ਵਲੋਂ ਆਪਣੇ



ਜੀਵਨ ਦਾ ਇਉਂ ਅੰਤ ਕਰ ਲੈਣਾ, ਸਮਾਜਵਾਦੀ ਰਾਜ-ਪ੍ਰਬੰਧ ਨਾਲ ਆਏ ਕਿਸੇ ਟਕਰਾਅ ਦਾ ਨਤੀਜਾ ਨਹੀਂ ਸੀ, ਸਗੋਂ ਕਿਸੇ ਨਿਰੋਲ ਜ਼ਾਤੀ ਪਰੇਸ਼ਾਨੀ ਦਾ ਸਿੱਟਾ ਸੀ।

ਲੈਨਿਨ ਦੀ ਮੌਤ ਸਮੇਂ ਲਿਖੀ ਕਵਿਤਾ ਵਿਚ ਉਸਨੇ ਇਨਕਲਾਬ ਦੇ ਇਸ ਆਗੂ ਦੀ ਤਸਵੀਰ ਇਉਂ ਖਿੱਚੀ ਹੈ -

"ਉਹ ਸਿਰੋਂ ਗੰਜਾ ਸੀ
ਟਹੋਅ ਵਾਂਗ ਨੰਗਾ
ਤੇ ਉਹਦੇ ਵਾਂਗ ਹੋਰ ਕੋਈ ਐਨਾ ਸਾਦਾ
ਸ਼ਰਮੀਲਾ, ਦਇਆਵਾਨ ਤੇ ਨਿਰਮਾਣ ਨਹੀਂ ਸੀ
ਉਹ ਐਸਾ ਆਦਮੀ ਹੈ
ਜਿਹੜਾ ਮੈਨੂੰ ਇਹ ਪੁੱਛਣ ਲਈ ਮਜਬੂਰ ਕਰਦਾ ਹੈ,
ਉਹਨੇ ਆਪਣੀ ਪਕੜ ਨਾਲ
ਸਾਰੀ ਦੁਨੀਆਂ ਨੂੰ ਹਿਲਾ ਦੇਣ ਦੀ ਸ਼ਕਤੀ
ਕਿਥੋਂ ਪ੍ਰਾਪਤ ਕੀਤੀ ਸੀ?

ਲੈਨਿਨ ਦੇ ਉਸ ਸਮੇਂ ਦੇ ਪੈਰੋਕਾਰਾਂ ਦੀ ਗੱਲ ਕਰਦਿਆਂ ਯੇਸੇਨਿਨ ਨੇ ਲਿਖਿਆ-

"ਉਨ੍ਹਾਂ ਲਈ ਉਹ ਮਰਿਆ ਨਹੀਂ ਹੈ
ਕੀ ਲੈਨਿਨ ਮਰ ਗਿਆ ਹੈ
ਮੌਤ ਦੀ ਵੇਦਨਾ ਉਨ੍ਹਾਂ ਦੇ ਵਿਚਾਰਾਂ ਨੂੰ
ਧੁੰਦਲਾ ਨਹੀਂ ਕਰਦੀ
ਆਪਣੇ ਕਾਰਜ ਪ੍ਰਤੀ ਹੋਰ ਦ੍ਰਿੜ ਹੋ ਕੇ ਜੁਟੇ ਹੋਏ
ਉਹ ਸਭ ਕੁਝ ਕਰਦੇ ਨੇ
ਜਿਸ ਦੀ ਲੈਨਿਨ ਉਨ੍ਹਾਂ ਤੋਂ ਆਸ ਕਰਦਾ ਸੀ।"

ਯੂਨਾਨੀ ਕਵੀ ਯਾਨੀਸ ਰਿਤਸੋਸ ਉਹ ਚੌਥਾ ਕਵੀ ਹੈ ਜਿਸ ਦੀ ਕਵਿਤਾ ਦਾ ਅਨੁਵਾਦ ਕਰਕੇ ਹੁੰਦਲ ਨੇ ਇਸ ਸੰਗ੍ਰਹਿ ਵਿਚ ਸ਼ਾਮਿਲ ਕੀਤਾ ਹੈ। ਉਸ ਦੀਆਂ 90 ਤੋਂ ਵੱਧ ਕਾਵਿ-ਪੁਸਤਕਾਂ ਛਪ ਚੁੱਕੀਆਂ ਹਨ। ਉਸਦੇ ਕਈ ਨਾਵਲ, ਨਾਟਕ ਅਤੇ ਵਾਰਤਕ ਸੰਗ੍ਰਹਿ ਵੀ ਛਪੇ ਹਨ। ਆਪਣੇ ਵਿਚਾਰਾਂ ਕਾਰਨ ਉਹ ਯੂਨਾਨ ਦੇ ਹਾਕਮਾਂ ਵਲੋਂ ਕਈ ਵਾਰ ਜੇਲ੍ਹ ਵਿਚ ਬੰਦ ਕੀਤਾ ਗਿਆ। 'ਅਮਨ' ਦੇ ਸਿਰਲੇਖ ਹੇਠ ਲਿਖੀ ਉਸਦੀ ਕਵਿਤਾ ਯੂਨਾਨ ਦੇ ਲੋਕਾਂ ਦੀ ਤੀਬਰ ਤਾਂਘ ਨੂੰ ਪੇਸ਼ ਕਰਦੀ ਹੈ। ਇਸ ਕਵਿਤਾ ਦੇ ਕੁਝ ਬੰਦ ਇਉਂ ਹਨ -

"ਬੱਚੇ ਦੇ ਸੁਪਨੇ ਅਮਨ ਹਨ
ਮਾਂ ਦੇ ਸੁਪਨੇ ਅਮਨ ਹਨ

ਬਿਰਖ ਦੀ ਛਾਂ ਹੇਠ
ਪਿਆਰ ਦੇ ਬੋਲ ਅਮਨ ਹਨ।"
"ਜਦ ਧਰਤੀ ਦੇ ਚਿਹਰੇ ਉਤਲੇ
ਜ਼ਖ਼ਮ ਠੀਕ ਹੁੰਦੇ ਹਨ
ਤੇ ਅਸੀਂ ਗੋਲੀਆਂ ਦੀ ਅੱਗ ਨਾਲ ਪੁੱਟੇ ਟੋਇਆਂ ਵਿਚ
ਦਰੱਖਤ ਲਾ ਦਿੰਦੇ ਹਾਂ2
ਤੇ ਲਾਟਾਂ ਦੇ ਸੇਕ ਨਾਲ ਭੁੱਜੇ ਹਿਰਦਿਆਂ ਵਿਚ
ਆਸ ਦੀਆਂ ਪਹਿਲੀਆਂ ਡੋਡੀਆਂ
ਫੁੱਟ ਨਿਕਲਦੀਆਂ ਹਨ
ਤੇ ਮੁਰਦੇ ਬਿਨਾਂ ਪਾਸਾ ਪਰਤਿਆਂ
ਬਿਨਾਂ ਸ਼ਿਕਾਇਤ ਕਰੇ ਸੌਂ ਜਾਂਦੇ ਹਨ
ਇਹ ਜਾਣਦੇ ਹੋਏ ਕਿ ਉਹਨਾਂ ਦਾ ਲਹੂ
ਅਜਾਈਂ ਨਹੀਂ ਸੀ ਡੁੱਲ੍ਹਾ
ਇਹ ਅਮਨ ਹੈ।"

ਉਹ ਸੰਧਿਆ ਵੇਲੇ ਖ਼ੁਰਾਕ ਵਿਚੋਂ ਆਉਂਦੀ ਮਹਿਕ ਨੂੰ, ਜਾਗਦੇ ਬੱਚੇ ਲਈ ਕਿਤਾਬ ਤੇ ਗਰਮ ਦੁੱਧ ਦੇ ਗਿਲਾਸ ਨੂੰ, ਜੇਲ੍ਹਾਂ ਦੇ ਲਾਇਬ੍ਰੇਰੀਆਂ ਬਣਾ ਦਿੱਤੇ ਜਾਣ ਨੂੰ ਅਮਨ ਕਹਿੰਦਾ ਹੈ। ਭਾਵ, ਇਸ ਅਮਨ ਦੀ ਸਥਾਪਤੀ ਨਾਲ ਹੋਣ ਵਾਲੀਆਂ ਸਮਾਜ ਲਈ ਸੁਖਦ ਤਬਦੀਲੀਆਂ ਦੀ ਨਿਸ਼ਾਨਦੇਹੀ ਕਰਦਾ ਹੈ। ਇਵੇਂ ਹੀ ਉਸਾਰੀ ਲਈ ਕੀਤੀ ਜਾਂਦੀ ਸਮੇਂ ਦੀ ਵਰਤੋਂ ਤੇ ਇਉਂ ਕਰਦਿਆਂ ਗੀਤ ਗਾਉਣੇ, ਇਹ ਸਭ ਕੁਝ ਇਸ ਇੱਛਿਤ ਅਮਨ ਦੀ ਬਦੌਲਤ ਸੰਭਵ ਹੋਵਗਾ। ਜ਼ਾਹਿਰ ਹੈ ਜਦੋਂ ਦੇਸ਼ ਦੇ ਹਾਕਮ ਸਾਮਰਾਜੀ ਹਕੂਮਤ ਦੇ ਭਾਈਵਾਲ ਬਣੇ ਹੋਣ ਉਹ ਅਜਿਹੇ ਕਵੀ ਦੀ ਜ਼ੁਬਾਨਬੰਦੀ ਲਈ ਉਸਨੂੰ ਜੇਲ੍ਹ ਵਿਚ ਹੀ ਰੱਖਣਾ ਚਾਹੁਣਗੇ।

ਇਸ ਸੰਗ੍ਰਹਿ ਦਾ ਪੰਜਵਾਂ ਕਵੀ ਸਾਅਦੀ ਯੂਸਿਫ ਹੈ ਜੋ 1934 ਵਿਚ ਇਰਾਕ ਵਿਚ ਪੈਦਾ ਹੋਇਆ ਪਰ ਜਿਸਦਾ ਵਧੇਰੇ ਜੀਵਨ ਜਲਾਵਤਨੀ ਵਿਚ ਹੀ ਬੀਤਿਆ। ਉਹ ਸੀਰੀਆ, ਲੈਬਨਾਨ, ਟਿਊਨੇਸ਼ੀਆ, ਯਮਨ, ਸਾਈਪਰਸ, ਯੋਗੋਸਲਾਵੀਆ, ਫਰਾਂਸ ਅਤੇ ਜਾਰਡਨ ਵਿਚ ਜਲਾਵਤਨੀ ਕੱਟਣ ਤੋਂ ਬਾਅਦ ਅੱਜਕੱਲ ਇੰਗਲੈਂਡ ਵਿਚ ਰਹਿ ਰਿਹਾ ਹੈ। ਉਹ ਅਰਬ ਦੁਨੀਆਂ ਵਿਚ ਇਕ ਸਿਰਕੱਢ ਕਵੀ ਅਤੇ ਵਾਰਤਾਕਾਰ ਵਜੋਂ ਜਾਣਿਆ ਜਾਂਦਾ ਹੈ। ਇਥੇ ਉਸ ਦੀਆਂ ਕੁਝ ਚੋਣਵੀਆਂ ਕਵਿਤਾਵਾਂ ਪੇਸ਼ ਹਨ ਜੋ ਪੰਜਾਬੀ ਰੂਪ ਵਿਚ ਪਹਿਲੀ ਵਾਰ ਆਈਆਂ ਹਨ। 'ਅਮਰੀਕਾ', 'ਅਮਰੀਕਾ' ਨਾਮੀ ਕਵਿਤਾ ਵਿਚ ਉਹ ਹਮਲਾਵਰ ਪਾਇਲਟ ਨੂੰ ਕਹਿੰਦਾ ਹੈ-

"ਪਾਇਲਟ



ਮੇਰਾ ਖਹਿੜਾ ਛੱਡ
ਮੇਰੇ ਖਜੂਰ ਦੇ ਪੱਤਿਆਂ ਦੀ ਛੱਤ ਵਾਲਾ ਘਰ
ਤੇ ਲੱਕੜੀ ਦੇ ਪੁਲ ਨੂੰ ਬਣਿਆ ਰਹਿਣ ਦੇ
ਨਾ ਮੈਨੂੰ 'ਗੋਲਡ ਗੇਟ' ਚਾਹੀਦਾ
ਤੇ ਨਾ ਤੇਰੀਆਂ ਉੱਚੀਆਂ ਇਮਾਰਤਾਂ
ਮੈਨੂੰ ਨਿਊਯਾਰਕ ਨਹੀ
ਆਪਣਾ ਪਿੰਡ ਚਾਹੀਦੈ।"

ਅਤੇ ਸੈਨਿਕ ਨੂੰ ਸੰਬੋਧਨ ਹੋ ਕੇ ਕਹਿੰਦਾ ਹੈ -

"ਸੈਨਿਕ! ਮੈਨੂੰ ਇਕੱਲਾ ਛੱਡ ਦੇ
ਮੇਰੇ ਕੋਲ ਤਰਦੀ ਬੈਂਤ ਦੀ ਝੁੱਗੀ
ਤੇ ਮੱਛੀ ਮਾਰਨ ਵਾਲੀ ਮੇਰੀ ਬਰਛੀ ਰਹਿਣ ਦੇ
ਮੇਰੇ ਕੋਲ ਮੇਰਾ ਪਰਵਾਸੀ ਪੰਛੀ,
ਤੇ ਹਰੀਆਂ ਕਲਗੀਆਂ ਰਹਿਣ ਦੇ,
ਤੂੰ ਆਪਣੇ ਗੂੰਜ ਪਾਉਂਦੇ ਲੋਹੇ ਦੇ ਪੰਛੀ
ਤੇ ਆਪਣੇ 'ਟੋਮਾਹਾਕ' ਮਿਜ਼ਾਇਲ ਲੈ ਜਾ
ਮੈ ਤੇਰਾ ਵੈਰੀ ਨਹੀਂ,
ਮੈਂ ਉਹ ਬੰਦਾ ਹਾਂ
ਜੋ ਝੋਨੇ ਦੇ ਖੇਤਾਂ ਵਿਚ ਗੋਡੇ ਗੋਡੇ ਖੋਭੇ ਵਿਚ
ਤੁਰਦਾ ਫਿਰਦਾ ਹਾਂ
ਮੇਰੇ ਕੋਲ ਮੇਰਾ ਸਰਾਪ ਰਹਿਣ ਦੇ
ਮੈਨੂੰ ਤੇਰਾ ਪਰਲੈ ਦਾ ਦਿਨ ਨਹੀਂ ਚਾਹੀਦਾ।"

ਹੁੰਦਲ ਦੇ ਇਹ ਅਨੁਵਾਦ ਸਮਕਾਲੀ ਪੰਜਾਬੀ ਸਾਹਿਤ ਵਿਚ ਉਚੇਚਾ ਸਥਾਨ ਰੱਖਦੇ ਹਨ। ਇਸ ਗੱਲ ਬਾਰੇ ਦੋ ਰਾਵਾਂ ਨਹੀਂ ਕਿ ਪ੍ਰਮੁੱਖ ਵਿਦੇਸ਼ੀ ਕਵੀਆਂ ਦੀ ਕਵਿਤਾ ਨਾਲ ਪੰਜਾਬੀ ਸਾਹਿਤ ਜਗਤ ਦੀ ਜਾਣ-ਪਛਾਣ ਪੰਜਾਬੀ ਸਾਹਿਤ ਦੇ ਅਗਲੇਰੇ ਵਿਕਾਸ ਨੂੰ ਹਾਂ-ਪੱਖੀ ਢੰਗ ਨਾਲ ਪ੍ਰਭਾਵਿਤ ਕਰੇਗੀ ਅਤੇ ਪੰਜਾਬੀ ਸਾਹਿਤ ਨੂੰ ਸੰਸਾਰ ਦੇ ਮਾਨਵਵਾਦੀ ਸਰੋਕਾਰਾਂ ਨਾਲ ਜੋੜਨ ਵਿਚ ਵੀ ਮਦਦ ਕਰੇਗੀ। •

(1126, ਸੈਕਟਰ 71, ਮੁਹਾਲੀ, ਪੰਜਾਬ)

# ਬਾਬਾ ਬੂਝਾ ਸਿੰਘ

ਖੁਸ਼ੀ ਦੀ ਗੱਲ ਹੈ ਕਿ ਦੇਸ਼ ਭਗਤਾਂ, ਲੋਕ-ਸੇਵਕਾਂ, ਕਮਿਊਨਿਸਟ ਆਗੂਆਂ ਤੇ ਵਰਕਰਾਂ ਬਾਰੇ ਬਹੁਤ ਸਾਰਾ ਸਾਹਿਤ ਲਿਖਿਆ ਜਾ ਰਿਹਾ ਹੈ। ਮੇਰੀ ਸਮਝ ਅਨੁਸਾਰ ਕੁਝ ਨਾ ਹੋਣ ਨਾਲੋਂ ਕੁਝ ਹੋਣਾ ਚੰਗਾ ਹੈ ਪਰੰਤੂ ਹਿਸਟਰੋਗਰਾਫੀ ਦੇ ਨਜ਼ਰੀਏ ਤੋਂ ਸਾਰਾ ਕੁਝ ਪਰਖਣ 'ਤੇ ਅਕਸਰ ਇਹ ਲਿਖਤਾਂ ਇੱਕ ਪਾਸੜ ਤੇ ਇਤਿਹਾਸ ਨੂੰ ਧੁੰਦਲਾ ਕਰਨ ਵਾਲੀਆਂ ਹੁੰਦੀਆਂ ਹਨ। ਮੈਂ ਇਤਿਹਾਸ 'ਚ ਦਿਲਚਸਪੀ ਰੱਖਣ ਕਾਰਨ ਤੇ ਇੱਕ ਪਾਠਕ ਹੋਣ ਕਾਰਨ ਵੱਧ ਤੋਂ ਵੱਧ ਲਿਖਤਾਂ ਨੂੰ ਵਾਚਣ ਦਾ ਯਤਨ ਕਰਦਾ ਹਾਂ। ਪਰੰਤੂ ਇੱਕ ਗੱਲ ਹੋਰ ਜਿਸਨੂੰ ਮੈਂ ਆਪਣੀ ਖੁਸ਼ਕਿਸਮਤੀ ਸਮਝਦਾ ਹਾਂ ਤੁਸੀਂ ਚਾਹੇ ਕੁਝ ਹੋਰ ਸਮਝ ਲਵੋ। ਉਹ ਇਹ ਹੈ ਕਿ ਮੈਂ ਪਿਛਲੇ ਸੱਠ ਸਾਲ ਤੋਂ ਪੰਜਾਬ ਦੀਆਂ ਬਹੁਤੀਆਂ ਸ਼ਖ਼ਸੀਅਤਾਂ ਦ ਨੇੜੇ ਰਹਿ ਕੇ ਉਹਨਾਂ ਤੋਂ ਕਾਫ਼ੀ ਕੁਝ ਸਿੱਖ ਤੇ ਜਾਣ ਸਕਿਆ ਹਾਂ। ਇਸ ਲਈ ਲਿਖਤ 'ਚ ਮਾਰੀ ਡੰਡੀ ਮੈਨੂੰ ਚੁੱਭਣ ਲੱਗ ਜਾਂਦੀ ਹੈ।

ਹੁਣੇ ਜਿਹੇ ਅਜਮੇਰ ਸਿੱਧੂ ਨੇ ਨਕਸਲੀ ਲਹਿਰ ਦੇ ਸ਼ਹੀਦ ਬਾਬਾ ਬੂਝਾ ਸਿੰਘ ਦੀ ਜੀਵਨੀ ਦੇ ਰੂਪ ਵਿਚ ਇੱਕ ਤਕੜੀ ਪੁਸਤਕ ਲਿਖੀ ਹੈ। ਕਮਿਊਨਿਸਟ ਲਹਿਰ ਦੇ ਨੇੜਲਿਆਂ ਹਲਕਿਆਂ ਵਿਚ ਬਾਬਾ ਬੂਝਾ ਸਿੰਘ ਇੱਕ ਅਹਿਮ ਜਾਣੀ-ਪਛਾਣੀ ਸ਼ਖ਼ਸੀਅਤ ਸੀ। ਸਾਡੇ ਸਮਿਆਂ ਵਿਚ ਕਮਿਊਨਿਸਟ ਲਹਿਰ ਵਿਚ ਆਉਣ ਵਾਲਿਆਂ ਦੀ ਵੱਡੀ ਗਿਣਤੀ ਉਹਨਾਂ ਦੀ ਹੈ ਜਿਨ੍ਹਾਂ ਨੇ ਮਾਰਕਸਵਾਦ ਦੇ ੳ-ਅ ਤੋਂ ਲੈ ਕੇ ਵਿਰੋਧ ਵਿਕਾਸ-ਭੌਤਿਕਵਾਦ ਤੱਕ ਬਾਬਾ ਬੂਝਾ ਸਿੰਘ ਤੋਂ ਪੜ੍ਹਿਆ ਹੈ। ਅੱਜ ਵੀ ਮੈਨੂੰ ਵਿਰੋਧ ਵਿਕਾਸ ਦੀ ਜਿੰਨੀ ਕੁ ਸਮਝ ਹੈ ਉਹ 1950 ਵਿਚ ਜ਼ਿਲ੍ਹਾ ਮਾਨਸਾ ਦੇ ਇੱਕ ਪਿੰਡ ਵਿਚ ਤੂੜੀ ਵਾਲੇ ਅੰਦਰ ਲੱਗੇ ਸਕੂਲ ਵਿਚੋਂ ਪ੍ਰਾਪਤ ਕੀਤੀ ਹੋਈ ਹੈ। ਬਾਬਾ ਬੂਝਾ ਸਿੰਘ ਉਹ ਵਿਅਕਤੀ ਸੀ ਜਿਸਨੇ ਮਾਰਕਸੀ ਵਿੱਦਿਆ ਨੂੰ ਪੂਰਨ ਤੌਰ ਤੇ ਆਪਣੇ ਉੱਤੇ ਲਾਗੂ ਕੀਤਾ ਹੋਇਆ ਸੀ। ਉਹਨੇ ਮਾਰਕਸੀ ਵਿਦਿਆ ਆਪ ਅਨਪੜ੍ਹ ਹੁੰਦਿਆਂ ਭਾਵ ਸਕੂਲੀ ਵਿੱਦਿਆ ਤੋਂ ਕੋਰੇ ਹੁੰਦਿਆਂ ਪ੍ਰਾਪਤ ਕੀਤੀ ਸੀ। ਇਸੇ ਲਈ ਉਹ ਕੋਰੇ ਅਨਪੜ੍ਹਾਂ ਨੂੰ ਮਾਰਕਸਵਾਦ ਤੇ ਵਿਰੋਧ ਵਿਕਾਸ ਵਰਗਾ ਦਾਰਸ਼ਨਿਕ ਗਿਆਨ ਪੜ੍ਹਾ ਦਿੰਦਾ ਸੀ। ਉਹਨੇ 'ਲੋਕਾਂ ਵਿਚ ਰਹਿਣ ਲਈ ਲੋਕਾਂ ਵਰਗੇ ਹੋ ਕੇ ਰਹੋ' ਦੀ ਗੱਲ ਨੂੰ ਅਮਲੀ ਰੂਪ ਵਿਚ ਅਪਣਾਇਆ ਹੋਇਆ ਸੀ। ਪੈਪਸੂ 'ਚ ਗੁਪਤ ਸਮੇਂ ਉਹਨੂੰ ਸਾਰੇ ਅਕਾਲੀ ਭਾਈ ਕਰਕੇ ਜਾਣਦੇ ਸਨ। ਜਿਸ ਸਮੇਂ ਮੈਂ ਪਹਿਲੀ ਵਾਰ ਉਹਨੂੰ ਇੱਕ ਛੋਟੇ ਰੇਲਵੇ ਸਟੇਸ਼ਨ ਤੋਂ ਲੈਣ ਗਿਆ, ਉਹ ਉੱਥੇ ਉਤਰੇ ਬੁੱਢੇ ਮੁਸਾਫਰਾਂ ਵਰਗਾ ਹੀ ਸੀ। ਮੈਂ ਹਾਲੇ ਸੋਚ ਹੀ ਰਿਹਾ ਸਾਂ ਤੇ ਉਹਨੇ ਮੈਨੂੰ ਪਛਾਣ ਲਿਆ ਅਤੇ ਮੇਰੇ ਸਾਈਕਲ ਮਗਰ ਬਹਿ ਗਿਆ। ਪੈਪਸੂ ਦੀ ਮੁਜ਼ਾਰਾ ਲਹਿਰ ਵਿਚ ਉਹਦਾ ਮੁੱਖ ਰੋਲ ਲਹਿਰ ਵਿਚ ਆਏ ਨਵੇਂ ਲੜਾਕੂਆਂ ਨੂੰ ਮਾਰਕਸਵਾਦੀ ਵਿੱਦਿਆ ਦੇਣਾ ਸੀ। ਇੱਕ ਟੁੱਟੇ ਜਿਹੇ ਸਾਈਕਲ 'ਤੇ ਸਫਰ ਕਰਦਾ ਉਹ



ਇੱਕ ਦੋ ਵੇਰ ਪੁਲਿਸ ਦੇ ਹੱਥ ਵੀ ਆਇਆ ਸੀ। ਪੁਲਿਸ ਉਹਦੀ ਗੱਲਬਾਤ ਅਤੇ ਦਿੱਖ 'ਚੋਂ ਕੁਝ ਨਾ ਲੱਭ ਸਕੀ। ਮੈਂ ਉਹਨੂੰ ਲਾਲ ਪਾਰਟੀ ਸਮੇਂ ਮਿਲਿਆ ਸਾਂ। ਲਾਲ ਪਾਰਟੀ ਦੇ ਟੁੱਟਣ ਉਪਰੰਤ ਭਾਰਤੀ ਕਮਿਊਨਿਸਟ ਪਾਰਟੀ ਉਹਨੂੰ ਰਾਸ ਨਾ ਆਈ। ਅਸੀਂ ਸਧਾਰਨ ਤੌਰ 'ਤੇ ਮਿਲਦੇ ਤੇ ਸਲਾਮ-ਦੁਆ ਕਰਕੇ ਲੰਘ ਜਾਂਦੇ। 1964 ਵਿਚ ਮਾਰਕਸੀ ਕਮਿਊਨਿਸਟ ਪਾਰਟੀ ਖੜ੍ਹੀ ਕਰਨ ਸਮੇਂ ਉਹਨੇ ਫਿਰ ਵਿਦਿਆ ਦੇਣ ਵਾਲਾ ਆਪਣਾ ਕੰਮ ਆਰੰਭ ਕਰ ਦਿੱਤਾ। ਜ਼ਿਲ੍ਹਾ ਬਠਿੰਡਾ ਦੀਆਂ ਕਈ ਮੀਟਿੰਗਾਂ ਵਿਚ ਮੈਂ ਉਹਦੇ ਨਾਲ ਗਿਆ। ਕੁਝ ਸਮੇਂ ਬਾਅਦ ਮੈਨੂੰ ਪਤਾ ਲੱਗਾ ਕਿ ਉਹ ਮਾਰਕਸੀ ਪਾਰਟੀ ਵਿਚ ਐਡਜਸਟ ਨਹੀਂ ਹੋ ਸਕਿਆ। ਪਿੱਛੋਂ ਉਹਦੇ ਇੰਗਲੈਂਡ ਜਾਣ ਬਾਰੇ ਵੀ ਪਤਾ ਲੱਗਾ। ਕਾਮਰੇਡ ਗੁਰਚਰਨ ਸਿੰਘ ਰੰਧਾਵਾ ਜਿਹੜਾ ਉਸ ਸਮੇਂ ਮਾਰਕਸੀ ਪਾਰਟੀ ਦਾ ਸੂਬਾ ਸਕੱਤਰ ਸੀ ਨੇ ਦੱਸਿਆ ਕਿ ਬਾਬਾ ਬੂਝਾ ਸਿੰਘ ਕੁਝ ਦਿਨ ਇੰਗਲੈਂਡ ਵਿਚ ਇੱਕ ਫੈਕਟਰੀ ਵਿਚ ਕੰਮ ਕਰਨ ਜਾਂਦਾ ਰਿਹਾ ਹੈ। ਜਦੋਂ ਇਸ ਗੱਲ ਦਾ ਪਤਾ ਵੱਖ-ਵੱਖ ਵਿਚਾਰਾਂ ਵਾਲੇ ਕਮਿਊਨਿਸਟਾਂ ਨੂੰ ਲੱਗਿਆ ਤਾਂ ਉਹਨਾਂ ਨੇ ਉਸਨੂੰ ਇਸ ਕੰਮ ਤੋਂ ਰੋਕ ਦਿੱਤਾ ਅਤੇ ਕਹਿ ਦਿੱਤਾ ਕਿ ਇੰਨੇ ਪੈਸੇ ਸਾਡੇ ਕੋਲੋਂ ਬੈਠਾ ਲੈ ਲਿਆ ਕਰੇ। ਇਸ ਗੱਲ ਦਾ ਜ਼ਿਕਰ ਅਜਮੇਰ ਨੇ ਵੀ ਇਸ ਕਿਤਾਬ ਵਿਚ ਕੀਤਾ ਹੈ। ਬਾਬਾ ਬੂਝਾ ਸਿੰਘ ਮੁੜ ਉਸ ਸਮੇਂ ਸਰਗਰਮ ਹੋ ਗਿਆ ਜਦੋਂ ਨਕਸਲਬਾੜੀ ਬਾਰੇ ਚਰਚਾ ਚੱਲੀ। ਉਸ ਸਮੇਂ ਦੇਸ਼ ਭਗਤ ਹਾਲ ਦੀ ਅਜੋਕੀ ਬਿਲਡਿੰਗ ਨਹੀਂ ਬਣੀ ਸੀ। ਪੁਰਾਣੇ ਡਾਕਖਾਨੇ ਵਾਲੀ ਬਿਲਡਿੰਗ ਹਾਲੇ ਕਾਇਮ ਸੀ। ਮੈਂ ਲੋਕ ਲਹਿਰ ਵਿਚ ਕੰਮ ਕਰਦਾ ਸਾਂ ਅਤੇ ਭਾਈ ਰਤਨ ਸਿੰਘ ਟਰੱਸਟ ਵਿਚ ਰਹਿੰਦਾ ਸਾਂ। ਮੈਂ ਦੇਸ਼ ਭਗਤ ਬਿਲਡਿੰਗ ਵਿਚ ਗਿਆ। ਉਥੇ ਬਾਬਾ ਬੂਝਾ ਸਿੰਘ ਤੇ ਉਹਦਾ ਪੁਰਾਣਾ ਮਿੱਤਰ ਗੰਧਰਵ ਸੈਨ ਕਿਸੇ ਨਵੇਂ ਪਰਚੇ ਦੇ ਕੱਢੇ ਜਾਣ ਦੀ ਚਰਚਾ ਕਰ ਰਹੇ ਸਨ। ਮੈਂ ਸਮਝ ਗਿਆ ਕਿ ਇਹ ਪਰਚਾ ਨਕਸਲਬਾੜੀ ਲਹਿਰ ਬਾਰੇ ਹੋਵੇਗਾ ਤੇ ਇਹ ਦੋਨੋਂ ਪੁਰਾਣੇ ਸਾਥੀ ਹੁਣ ਨਕਸਲਬਾੜੀ ਲਹਿਰ ਉਸਾਰਨਗੇ। ਮੈਂ ਇਹ ਗੱਲ ਕਾਮਰੇਡ ਰੰਧਾਵਾ ਤੇ ਕਾਮਰੇਡ ਸੁਰਜੀਤ ਨੂੰ ਦੱਸ ਦਿੱਤੀ। ਉਹਨਾਂ ਨੇ ਸ਼ਾਇਦ ਬੂਝਾ ਸਿੰਘ ਨਾਲ ਗੱਲ ਕੀਤੀ। ਮੈਨੂੰ ਮਿਲਣ 'ਤੇ ਬੂਝਾ ਸਿੰਘ ਹੋਰਾਂ ਨੇ ਮੇਰੇ 'ਤੇ ਚੁਗਲੀ ਕਰਨ ਦਾ ਦੋਸ਼ ਲਾਇਆ। ਮੈਂ ਸਫ਼ਾਈ ਦਿੱਤੀ ਪਰ ਉਹਨਾਂ ਨੇ ਮੰਜ਼ੂਰ ਨਾ ਕੀਤੀ।

ਹੁਣ ਅਜਮੇਰ ਸਿੱਧੂ ਵਲੋਂ ਲਿਖੀ ਪੁਸਤਕ ਦੀ ਗੱਲ ਕਰੀਏ ਤਾਂ ਅਜਮੇਰ ਸਿੱਧੂ ਨੇ ਇਹ ਪੁਸਤਕ ਲਿਖਣ ਵਿਚ ਕਾਫ਼ੀ ਭੱਜ-ਨੱਠ ਤੇ ਖੋਜ ਪੜਤਾਲ ਕੀਤੀ ਹੈ। ਪਰੰਤੂ ਇਹ ਉਹਨਾਂ ਲੋਕਾਂ ਨੂੰ ਹੀ ਮਿਲਿਆ ਹੈ ਜਿਹੜੇ ਬਾਬਾ ਬੂਝਾ ਸਿੰਘ ਦੇ ਪ੍ਰਸ਼ੰਸਕ ਤੇ ਪੱਖੀ ਸਨ ਜਾਂ ਬਾਬਾ ਬੂਝਾ ਸਿੰਘ ਨੂੰ ਪਿਛਲੇ ਕੁਝ ਸਾਲਾਂ ਤੋਂ ਜਾਨਣ ਲੱਗੇ ਸਨ। ਇਸ ਕਿਤਾਬ ਵਿਚ ਬਾਬਾ ਬੂਝਾ ਸਿੰਘ ਦੀ ਜੀਵਨੀ ਤੋਂ ਬਿਨਾਂ ਕਾਫ਼ੀ ਕੁਝ ਹੋਰ ਹੈ। ਮਿਸਾਲ ਦੇ ਤੌਰ 'ਤੇ ਪੈਪਸੂ ਦੀ ਮੁਜ਼ਾਰਾ ਲਹਿਰ ਦਾ ਉਹ ਬੜੇ ਵਿਸਥਾਰ ਨਾਲ ਜ਼ਿਕਰ ਕਰਦਾ ਹੈ। ਇਹ ਉਸ ਸਮੇਂ ਦੇ ਸਰਗਰਮ ਸਾਥੀਆਂ ਦਾ

ਵੀ ਵਰਨਣ ਕਰਦਾ ਹੈ। ਮੇਰੀ ਆਪਣੀ ਸਮਝ ਅਨੁਸਾਰ ਪੈਪਸੂ ਦੀ ਇਸ ਲਹਿਰ ਬਾਰੇ ਕੋਈ ਦਸਤਾਵੇਜ਼ ਪ੍ਰਾਪਤ ਨਹੀਂ ਹਨ। ਜੋ ਕੁਝ ਵੀ ਹੈ ਉਹ ਸੀਨਾ-ਬ-ਸੀਨਾ ਹੈ। ਉਸ ਲਹਿਰ ਨਾਲ ਸੰਬੰਧਿਤ ਬਹੁਤੇ ਲੋਕ ਇਸ ਸੰਸਾਰ ਤੋਂ ਚਲੇ ਗਏ ਹਨ। ਜੇਕਰ ਕੋਈ ਟਾਵਾਂ ਟੱਲਾ ਰਹਿ ਗਿਆ ਹੈ ਤਾਂ ਉਹ ਮੇਰੀ ਜਾਣਕਾਰੀ ਵਿਚ ਨਹੀਂ। ਮੈਂ ਇਹ ਸਮਝਦਾ ਹਾਂ ਕਿ ਬਾਬਾ ਬੂਝਾ ਸਿੰਘ ਦੀ ਜੀਵਨੀ ਵਿਚ ਉਸ ਲਹਿਰ ਦੇ ਐਨੇ ਵਿਸਥਾਰ ਦੀ ਲੋੜ ਨਹੀਂ ਸੀ। ਉਹ ਸਾਰਾ ਵਿਸਥਾਰ ਉੱਘੜਾ-ਦੁੱਗੜਾ ਤੇ ਅਧੂਰਾ ਲਿਖਿਆ ਗਿਆ ਹੈ। ਉਹ ਭੁਲੇਖਾ ਪਾਊ ਹੈ। ਇਸੇ ਤਰ੍ਹਾਂ ਬਾਬਾ ਬੂਝਾ ਸਿੰਘ ਦੇ ਯੁੱਧ ਸਾਥੀਆਂ ਦੀ ਥਾਂ ਉਹਦੇ ਯੁੱਧ ਸਾਥੀਆਂ ਦੇ ਰਿਸ਼ਤੇਦਾਰਾਂ ਤੋਂ ਲਿਖਵਾਉਣਾ ਵੀ ਦਰੁੱਸਤ ਨਹੀਂ ਹੈ।

ਮੈਂ ਜਿਵੇਂ ਮੁੱਢ ਵਿਚ ਕਿਹਾ ਸੀ ਕਿ ਪੰਜਾਬ ਦੇ ਕਮਿਊਨਿਸਟਾਂ ਦੀਆਂ ਜੀਵਨੀਆਂ ਲਿਖਣੀਆਂ ਬਹੁਤ ਮੁਸ਼ਕਿਲ ਕੰਮ ਹੈ। ਮੈਂ ਕਾਮਰੇਡ ਤੇਜਾ ਸਿੰਘ ਸੁਤੰਤਰ ਬਾਰੇ ਬਹੁਤ ਕੁਝ ਜਾਣਦਾ ਹਾਂ। ਬਹੁਤੇ ਲੋਕਾਂ ਦੇ ਕਹਿਣ 'ਤੇ ਵੀ ਮੈਂ ਉਹਦੀ ਜੀਵਨੀ ਨਹੀਂ ਲਿਖ ਰਿਹਾ। ਮੈਨੂੰ ਜਿੱਥੇ ਕਮਿਊਨਿਸਟ ਲਹਿਰ ਦੀਆਂ ਪ੍ਰਾਪਤੀਆਂ 'ਤੇ ਮਾਣ ਹੈ ਉਥੇ ਪੰਜਾਬ ਦੀ ਕਮਿਊਨਿਸਟ ਲਹਿਰ ਅੰਦਰ ਧੜੇਬੰਦੀ, ਗੁੱਟਬੰਦੀ ਅਤੇ ਜਾਗੀਰੂ ਸੋਚ ਦੀ ਹੋਂਦ ਤੋਂ ਵੀ ਪੂਰੀ ਤਰ੍ਹਾਂ ਚੌਕੰਨਾ ਹਾਂ। ਪੰਜਾਬ ਦੀ ਕਮਿਊਨਿਸਟ ਲਹਿਰ ਵਿਚ ਜਿਹੜਾ ਖਰੂਦ ਧੜੇਬੰਦੀ ਨੇ ਪਾਇਆ ਉਹ ਮੈਂ ਸਾਰੀਆਂ ਧਿਰਾਂ ਤੋਂ ਸੁਣਿਆ ਹੈ। ਇਹ ਸੁਣਕੇ ਕਿਸੇ ਇੱਕ ਧਿਰ ਨੂੰ ਦੋਸ਼ੀ ਗਰਦਾਨਣਾ ਸਰਾਸਰ ਗੁਨਾਹ ਹੈ ਅਤੇ ਇਤਿਹਾਸ ਨਾਲ ਅਨਰਥ ਕਰਨਾ ਹੈ। ਮੈਂ ਕਾਮਰੇਡ ਬੂਝਾ ਸਿੰਘ ਬਾਰੇ ਤੇ ਉਹਦੇ ਪੁਰਾਣੇ ਸਾਥੀਆਂ ਗੰਧਰਵ ਸੈਨ ਤੇ ਚੈਨ ਸਿੰਘ ਆਦਿ ਬਾਰੇ ਬਹੁਤ ਵਿਸਥਾਰ ਤੇ ਡੂੰਘਾਈ ਨਾਲ ਜਾਣਦਾ ਹਾਂ। ਇਸ ਧੜੇਬੰਦੀ ਦੇ ਸਿੱਟੇ ਵਜੋਂ ਕੁਝ ਘਟਨਾਵਾਂ ਮੇਰੇ ਸਾਹਮਣੇ ਵਾਪਰੀਆਂ ਹਨ। ਉਹ ਵਰ੍ਹਿਆਂ ਬਾਅਦ ਵੀ ਮੇਰੇ ਹਜ਼ਮ ਨਹੀਂ ਹੋ ਰਹੀਆਂ ਪਰੰਤੂ ਮੈਂ ਉਹਦੇ ਬਾਰੇ ਚੁੱਪ ਹਾਂ। ਮੈਂ ਅਜਮੇਰ ਸਿੱਧੂ ਦੀ ਮਿਹਨਤ ਤੇ ਘਾਲਣਾ ਦਾ ਪ੍ਰਸ਼ੰਸਕ ਹਾਂ। ਉਸਦੀਆਂ ਕੁਝ ਸਾਹਿਤਕ ਲਿਖਤਾਂ ਦਾ ਵੀ ਕਾਇਲ ਹਾਂ। ਉਹ ਸੱਚੇ ਦਿਲੋਂ ਲੋਕ ਪੱਖੀ ਲੇਖਕ ਹੈ ਪਰੰਤੂ ਹਾਲੇ ਮੱਖਣ ਵਿਚੋਂ ਘਿਉ ਕੱਢਣ ਵਿਚ ਅਣਜਾਣ ਹੈ। ਇਸੇ ਕਾਰਨ ਉਸਤੋਂ ਸਹਿਬਨ ਹੀ ਗਲਤ ਬਿਆਨੀਆਂ ਹੋਈਆਂ ਹਨ। ਉਹ ਮੋਠਾਂ ਦੀ ਦਾਲ ਵਿਚ ਕੋਕੜੂਆਂ ਵਾਂਗ ਰੜਕਦੀਆਂ ਹਨ। ਮੈਂ ਫਿਰ ਸਿੱਧੂ ਦੀ ਮਿਹਨਤ ਦੀ ਦਾਦ ਦਿੰਦਾ ਹੋਇਆ ਤੇ ਉਹਦੀ ਸੁਹਿਰਦਤਾ ਨੂੰ ਸਵੀਕਾਰ ਕਰਦਾ ਹੋਇਆ ਉਸਨੂੰ ਸ਼ਾਬਾਸ਼ ਦਿੰਦਾ ਹਾਂ ਪਰੰਤੂ ਨਾਲ ਹੀ ਇੱਕ ਬਜ਼ੁਰਗਾਂ ਵਾਲੀ ਸਲਾਹ ਵੀ ਦਿੰਦਾ ਹਾਂ ਕਿ ਇਤਿਹਾਸ ਖ਼ਾਸ ਕਰਕੇ ਪੰਜਾਬ ਦੀ ਕਮਿਊਨਿਸਟ ਲਹਿਰ ਦਾ ਇਤਿਹਾਸ ਲਿਖਣ ਲੱਗਿਆ ਬਹੁਤ ਚੌਕਸ ਰਹਿਣ ਦੀ ਲੋੜ ਹੈ। •

- ਸੁਰਜੀਤ ਗਿੱਲ



## ਢਾਹਵਾਂ ਦਿੱਲੀ ਦੇ ਕਿੰਗਰੇ ..... ਦੀ ਪੁਣਛਾਣ

“ਢਾਹਵਾਂ ਦਿੱਲੀ ਦੇ ਕਿੰਗਰੇ” ਲੋਕ ਨਾਇਕ ਦੁੱਲਾ ਭੱਟੀ ਦੇ ਜੀਵਨ ਬਾਰੇ ਬਲਦੇਵ ਸਿੰਘ ਦਾ ਲਿਖਿਆ ਨਾਵਲ ਹੈ। ਉਹ ਇਤਿਹਾਸਕ ਨਾਵਲਾਂ ਦਾ ਚੰਗਾ ਮਾਹਰ ਲੇਖਕ ਹੈ। ਇਸਤੋਂ ਪਹਿਲਾਂ ਉਹਨੇ ਦੋ ਨਾਵਲ ਭਾਈ ਜੈਤਾ ਉਰਫ਼ ਭਾਈ ਜੀਵਨ ਸਿੰਘ ਦੇ ਜੀਵਨ ਬਾਰੇ “ਪੰਜਵਾਂ ਸਾਹਿਬਜ਼ਾਦਾ” ਅਤੇ ਸ਼ਹੀਦ ਭਗਤ ਸਿੰਘ ਬਾਰੇ “ਸਤਲੁਜ ਵਹਿੰਦਾ ਰਿਹਾ” ਨਾਵਲ ਲਿਖੇ ਹਨ ਜਿਹੜੇ ਚੰਗੇ ਚਰਚਿਤ ਹੋਏ ਹਨ। ਦੁੱਲਾ ਭੱਟੀ ਬਾਰੇ ਨਾਵਲ ਲਿਖਣਾ ਜਿੱਥੇ ਇੱਕ ਅਹਿਮ ਗੱਲ ਹੈ ਉਥੇ ਇਹ ਮੁਸ਼ਕਿਲ ਕੰਮ ਵੀ ਹੈ। ਪਹਿਲੇ ਨਾਇਕ ਇਤਿਹਾਸਕ ਸਨ ਤੇ ਉਹਨਾਂ ਬਾਰੇ ਕਾਫੀ ਸਮੱਗਰੀ ਪ੍ਰਾਪਤ ਸੀ ਪ੍ਰੰਤੂ ਦੁੱਲਾ ਭੱਟੀ ਇਤਿਹਾਸਕ ਨਾਇਕ ਨਾ ਹੋ ਕੇ ਕੇਵਲ ਇਕ ਲੋਕ ਨਾਇਕ ਸੀ। ਭਾਵ ਇਹ ਕਿ ਜਿੱਥੇ ਅੱਜ ਵੀ ਲੋਕ ਮਨਾਂ ਵਿਚ ਦੁੱਲੇ ਭੱਟੀ ਬਾਰੇ ਗੱਲਾਂ ਕਾਇਮ ਹਨ, ਉਨ੍ਹਾਂ ਨੂੰ ਖੋਜਣ 'ਤੇ ਵੀ ਇਹਦੇ ਬਾਰੇ ਕੋਈ ਇਤਿਹਾਸਕ ਸਮੱਗਰੀ ਪ੍ਰਾਪਤ ਨਹੀਂ ਹੁੰਦੀ। ਦੁੱਲੇ ਦੇ ਆਪਣੇ ਜੱਦੀ ਪਿੰਡ ਪਿੰਡੀ ਭੱਟੀਆਂ ਜਿਹੜਾ ਪਾਕਿਸਤਾਨ ਦੇ ਸਾਂਦਲ ਬਾਰ ਦੇ ਇਲਾਕੇ ਵਿਚ ਹੈ। ਉਥੋਂ ਦੇ ਕਾਲਜ ਦੇ ਪ੍ਰਿੰਸੀਪਲ ਨੇ ਕੇਵਲ ਪ੍ਰਚਲਿਤ ਜਾਣਕਾਰੀ ਦਿੱਤੀ ਹੈ ਪਰੰਤੂ ਕਿਸੇ ਵੀ ਇਤਿਹਾਸਕ ਸਮੱਗਰੀ ਦੀ ਦੱਸ ਨਹੀਂ ਪਾ ਸਕਿਆ। ਇੱਕ ਗੱਲ ਤੋਂ ਦੁੱਲੇ ਭੱਟੀ ਦੀ ਹੋਂਦ ਤੇ ਉਹਦੇ ਲਾਹੌਰ ਵਿਚ ਮਾਰੇ ਜਾਣ ਦਾ ਸਬੂਤ ਲਾਹੌਰ ਦੇ ਕਬਰਸਤਾਨ ਵਿਚ ਮੌਜੂਦ ਉਸਦੀ ਕਬਰ ਤੋਂ ਮਿਲਦਾ ਹੈ। ਇਹ ਕਬਰ ਪਿੱਛੇ ਜਿਹੇ ਪੰਜਾਬੀ ਖੋਜੀ ਹਰਨੇਕ ਸਿੰਘ ਘੜੂੰਆਂ ਨੇ ਆਪ ਜਾ ਕੇ ਕਬਰਸਤਾਨ ਵਿਚੋਂ ਲੱਭੀ ਸੀ। ਕੁਝ ਲੋਕ ਗੀਤਾਂ ਤੇ ਪ੍ਰਚਲਿਤ ਲੋਕ ਕਥਾਵਾਂ ਵਿਚ ਦੁੱਲਾ ਭੱਟੀ ਦਾ ਜ਼ਿਕਰ ਅਵੱਸ਼ ਆਉਂਦਾ ਹੈ। ਅਜਿਹੀ ਸਥਿਤੀ ਵਿਚ ਦੁੱਲੇ ਭੱਟੀ ਦੇ ਜੀਵਨ ਬਾਰੇ ਇਕ ਮੁਕੰਮਲ ਨਾਵਲ ਲਿਖਣਾ ਬਹੁਤ ਮਿਹਨਤ ਦਾ ਕੰਮ ਹੈ ਜਿਹੜਾ ਬਲਦੇਵ ਸਿੰਘ ਨੇ ਕੀਤਾ ਹੈ। ਪ੍ਰਚਲਿਤ ਕਥਾਵਾਂ ਵਿਚ ਜਿਹੜੇ ਪਾਤਰਾਂ ਦਾ ਆਮ ਜ਼ਿਕਰ ਆਉਂਦਾ ਸੀ ਬਲਦੇਵ ਸਿੰਘ ਨੇ ਉਹਨਾਂ ਨੂੰ ਸਾਬਤ ਸਬੂਤ ਚਿਤਰਿਆ ਹੈ। ਦੁੱਲੇ ਦੇ ਜੀਵਨ ਨਾਲ ਸਬੰਧਿਤ ਘਟਨਾਵਾਂ ਵਿਚ ਉਹਨਾਂ ਦੇ ਯੋਗਦਾਨ ਨੂੰ ਬਿਆਨਿਆ ਹੈ। ਆਮ ਪ੍ਰਚਲਿਤ ਕਥਾ ਅਨੁਸਾਰ ਦੁੱਲੇ ਦਾ ਪਰਿਵਾਰਕ ਪਿਛੋਕੜ ਭੱਟੀ ਰਾਜਪੂਤਾਂ ਵਿਚੋਂ ਸੀ। ਭੱਟੀ ਰਾਜਪੂਤ ਅਕਬਰ ਦੇ ਰਾਜ ਤੋਂ ਕਾਫ਼ੀ ਸਮਾਂ ਪਹਿਲਾਂ ਮੁਸਲਮਾਨ ਹੋ ਗਏ ਸਨ। ਉਹਨਾਂ ਨੇ ਮੁਸਲਿਮ ਸਭਿਆਚਾਰ ਨੂੰ ਅਪਣਾ ਲਿਆ ਸੀ ਪਰੰਤੂ ਉਹਨਾਂ ਅੰਦਰ ਰਾਜਪੂਤਾਂ ਵਾਲੇ ਵਸਬ ਉਵੇਂ ਕਾਇਮ ਸਨ। ਰਾਜਪੂਤ ਇੱਕ ਬਹਾਦਰ, ਜੰਗਜੂ ਤੇ ਆਜ਼ਾਦ ਰਹਿਣ ਵਾਲੀ ਕੌਮ ਸੀ ਜਿਨ੍ਹਾਂ ਨੂੰ ਕਿਸੇ ਦੇ ਅਧੀਨ ਰਹਿਣਾ ਗਵਾਰਾ ਨਹੀਂ ਸੀ। ਇਸੇ ਵਸਬ ਅਧੀਨ ਭੱਟੀ ਰਾਜਪੂਤਾਂ ਨੇ ਪੰਜਾਬ ਵਿਚ ਵੱਸ ਜਾਣ ਦੇ ਬਾਵਜੂਦ ਕਿਸੇ ਦੀ ਈਨ ਮੰਨਣੀ ਕਬੂਲ ਨਹੀਂ ਸੀ ਕੀਤੀ। ਪਹਿਲਾਂ ਦੁੱਲੇ ਦਾ ਪਿਤਾ ਅਕਬਰ ਦੀਆਂ ਫੌਜਾਂ ਵਿਰੁੱਧ ਲੜ ਕੇ ਮਾਰਿਆ ਗਿਆ ਤੇ ਦੁੱਲੇ ਦੀ ਮਾਂ ਲੱਧੀ ਨੇ ਅਕਬਰ ਵਲੋਂ ਦਿੱਤੇ ਖਰਚੇ

ਨਾਲ ਦੁੱਲੇ ਨੂੰ ਪਾਲਿਆ ਅਤੇ ਉਸਨੂੰ ਉਸਦੇ ਪਿਤਾ-ਦਾਦੇ ਬਾਰੇ ਕੁਝ ਨਾ ਦੱਸਿਆ। ਇਹ ਵੀ ਕਥਾ ਪ੍ਰਚਲਿਤ ਹੈ ਕਿ ਅਕਬਰ ਨੇ ਆਪਣੇ ਪੁੱਤਰ ਸ਼ੇਖੂ ਨੂੰ ਜਿਹੜਾ ਪਿੱਛੋਂ ਜਾ ਕੇ ਜਹਾਂਗੀਰ ਬਣਿਆ, ਦੁੱਲੇ ਦੀ ਮਾਂ ਲੱਧੀ ਕੋਲ ਪਾਲਣ ਲਈ ਭੇਜਿਆ ਤੇ ਲੱਧੀ ਨੇ ਦੁੱਲੇ ਨਾਲ ਉਸਨੂੰ ਆਪਣਾ ਦੁੱਧ ਚੁੰਘਾਇਆ। ਲੱਧੀ ਭੱਟੀ ਖਾਨਦਾਨ ਦੀ ਖਸਲਤ ਜਾਣਦੀ ਸੀ। ਇਸ ਲਈ ਉਹਨੇ ਦੁੱਲੇ ਦੇ ਵੱਡਾ ਹੋਣ ਤੇ ਵਿਆਹੇ ਵਰ੍ਹੇ ਜਾਣ ਦੇ ਨਾਲ ਇੱਕ ਪੁੱਤ ਤੇ ਧੀ ਦਾ ਪਿਉ ਬਣ ਜਾਣ ਤੇ ਵੀ ਉਸਦੇ ਪਿਤਾ ਨਾਲ ਵਾਪਰੀ ਘਟਨਾ ਬਾਰੇ ਨਾ ਦੱਸਿਆ। ਜਿਸ ਸਮੇਂ ਲੋਕਾਂ ਨੇ ਦੁੱਲੇ ਨੂੰ ਤਾਹਨੇ ਮਾਰੇ ਤੇ ਦੁੱਲੇ ਦੇ ਜ਼ੋਰ ਦੇਣ ਤੇ ਲੋਧੀ ਨੇ ਸਾਰਾ ਕੁਝ ਦੱਸਿਆ। ਇਸ ਉੱਤੇ ਦੁੱਲੇ ਦਾ ਲਹੂ ਉੱਬਲ ਪਿਆ ਤੇ ਉਹ ਮੁਗਲਸ਼ਾਹੀ ਦੇ ਅਕਬਰ ਬਾਦਸ਼ਾਹ ਨਾਲ ਟੱਕਰ ਲੈ ਕੇ ਆਪਣੇ ਪਿਉ-ਦਾਦੇ ਦੇ ਕਤਲਾਂ ਦਾ ਬਦਲਾ ਲੈਣ ਲਈ ਤਿਆਰ ਹੋ ਗਿਆ। ਦੁੱਲੇ ਦੇ ਆਪਣੇ ਘਰ ਵਿਚ ਇੱਕ ਕੋਠੜੀ ਬੰਦ ਪਈ ਸੀ, ਦੁੱਲੇ ਨੇ ਉਹ ਕਦੇ ਖੁੱਲੀ ਨਹੀਂ ਵੇਖੀ ਸੀ। ਉਹਦੀ ਕੁੰਜੀ ਲੋਧੀ ਲੁਕੋ ਕੇ ਰੱਖਦੀ ਸੀ। ਦੁੱਲੇ ਨੂੰ ਆਪਣੇ ਪਿਛੋਕੜ ਬਾਰੇ ਚਾਨਣ ਹੋਣ ਤੇ ਉਹਨੇ ਲੱਧੀ ਦੇ ਰੋਕਣ 'ਤੇ ਵੀ ਉਹ ਕੋਠੜੀ ਖੋਲ੍ਹ ਲਈ। ਜਿਸ ਵਿਚ ਉਸਦੇ ਪੁਰਖਿਆਂ ਦੇ ਹਥਿਆਰ ਪਏ ਸਨ। ਨਾਵਲ ਵਿਚ ਬਲਦੇਵ ਸਿੰਘ ਨੇ ਜਿੱਥੇ ਦੁੱਲੇ ਭੱਟੀ ਨੂੰ ਵਧੀਆ ਜੁਆਨ ਤੇ ਸੂਰਮੇ ਵਜੋਂ ਪੇਸ਼ ਕੀਤਾ ਹੈ ਉੱਥੇ ਉਸਨੂੰ ਅੱਖੜ, ਧੱਕੜ ਤੇ ਜ਼ਾਲਮ ਵੀ ਪੇਸ਼ ਕੀਤਾ ਹੈ। ਉਹ ਦੋ ਵਪਾਰੀ ਜਿਹੜੇ ਉਹਦੇ ਨਾਲ ਮਿੱਤਰਾਨਾ ਸੰਬੰਧ ਰੱਖਦੇ ਸਨ ਤੇ ਉਨ੍ਹਾਂ ਵਲੋਂ ਇੱਕ ਦੁੱਲੇ ਦੀ ਲੁੱਟ ਦਾ ਮਾਲ ਖਰੀਦਦਾ ਸੀ, ਦੂਜਾ ਸ਼ਾਹੀ ਦਰਬਾਰ ਲਈ ਘੋੜੇ ਲੈ ਕੇ ਆਉਂਦਾ ਸੀ, ਉਹਨਾਂ 'ਚੋਂ ਇੱਕ ਨੂੰ ਬੇਰਹਿਮੀ ਨਾਲ ਕਤਲ ਕਰ ਦਿੱਤਾ ਤੇ ਦੂਜੇ ਨੂੰ ਲੁੱਟ ਕੇ ਉਸਦੇ ਹੱਥ ਲਾਸ਼ ਦਰਬਾਰ ਵਿਚ ਭੇਜ ਦਿੱਤੀ। ਪ੍ਰਚਲਿਤ ਕਥਾਵਾਂ ਅਨੁਸਾਰ ਦੁੱਲੇ ਨੇ ਇੱਕ ਗਰੀਬ ਪੰਡਿਤ ਦੀਆਂ ਦੋ ਕੁੜੀਆਂ ਸੁੰਦਰੀ ਤੇ ਮੁੰਦਰੀ ਦਾ ਵਿਆਹ ਕੀਤਾ ਸੀ ਤੇ ਗਰੀਬੀ ਕਾਰਨ ਕੇਵਲ ਸੇਰ ਸ਼ੱਕਰ ਉਹਨਾਂ ਦੀ ਝੋਲੀ ਪਾਈ ਸੀ ਪਰੰਤੂ ਬਲਦੇਵ ਸਿੰਘ ਕੇਵਲ ਇੱਕ ਕੁੜੀ ਦਾ ਵਿਆਹ ਕਰਵਾਉਂਦਾ ਹੈ। ਬਲਦੇਵ ਸਿੰਘ ਆਪਣੇ ਨਾਵਲ ਵਿਚ ਸੂਫ਼ੀ ਫ਼ਕੀਰ ਸ਼ਾਹ ਹੁਸੈਨ ਜਿਸਨੂੰ ਮਾਧੋ ਲਾਲ ਹੁਸੈਨ ਵੀ ਕਿਹਾ ਜਾਂਦਾ ਹੈ ਦਾ ਵੀ ਜ਼ਿਕਰ ਕਰਦਾ ਹੈ। ਜਦੋਂ ਕਿ ਇਤਿਹਾਸਕ ਪੱਖੋਂ ਤੇ ਪ੍ਰਚਲਿਤ ਕਥਾਵਾਂ ਅਨੁਸਾਰ ਉਹਨਾਂ ਦੇ ਆਪਸੀ ਮੇਲ ਦਾ ਕੋਈ ਸਬੂਤ ਨਹੀਂ ਮਿਲਦਾ। ਪ੍ਰਚਲਿਤ ਕਥਾਵਾਂ ਅਨੁਸਾਰ ਸ਼ਾਹ ਹੁਸੈਨ ਕੇਵਲ ਲਾਹੌਰ ਦੇ ਗੇੜੇ ਖਾਂਦਾ ਰਿਹਾ ਹੈ। ਉਸਦੇ ਲਾਹੌਰ ਤੋਂ ਦੂਰ ਜਾਣ ਦਾ ਕੋਈ ਵਰਨਣ ਨਹੀਂ ਮਿਲਦਾ। ਬਲਦੇਵ ਸਿੰਘ ਨੇ ਅਕਬਰ ਦੇ ਪੁੱਤਰ ਸ਼ੇਖੂ ਰਾਹੀਂ ਦੁੱਲੇ ਦਾ ਅਕਬਰ ਦੇ ਦਰਬਾਰ ਵਿਚ ਜਾਣਾ, ਉਥੇ ਜਾ ਕੇ ਦੁਰਵਿਵਹਾਰ ਕਰਨ ਦਾ ਵਰਨਣ ਵੀ ਕੀਤਾ ਹੈ। ਇਸ ਗੱਲ ਦੀ ਵੀ ਪੁਸ਼ਟੀ ਨਹੀਂ ਹੁੰਦੀ। ਉਸ ਸਮੇਂ ਦੇ ਹਾਲਾਤ ਅਨੁਸਾਰ ਅਕਬਰ ਵਰਗੇ ਬਾਦਸ਼ਾਹ ਦੇ ਦਰਬਾਰ ਵਿਚ ਜਾ ਕੇ ਅਜਿਹਾ ਕਰਨਾ ਤੇ ਬਚ ਜਾਣਾ ਅਸੰਭਵ ਸੀ। ਬਲਦੇਵ ਸਿੰਘ ਨੇ ਪ੍ਰਚਲਿਤ ਕਥਾਵਾਂ ਅਨੁਸਾਰ ਦੁੱਲੇ ਦੇ ਨੂਰਾਂ ਨਾਲ ਇਸ਼ਕ ਦਾ ਬਹੁਤ ਵਿਸਥਾਰ ਸਹਿਤ ਵਰਨਣ ਕੀਤਾ ਹੈ। ਨੂਰਾਂ ਆਪਣਾ



ਪਰਿਵਾਰ ਛੱਡ ਕੇ ਉਸ ਕੋਲ ਆ ਜਾਂਦੀ ਹੈ। ਦੁੱਲਾ ਨੂਰਾਂ ਨੂੰ ਘਰੋਂ ਬਾਹਰ ਆਪਣੀ ਪਤਨੀ ਵਾਂਗ ਰੱਖਦਾ ਹੈ। ਦੁੱਲੇ ਭੱਟੀ ਦਾ ਯੁੱਧ ਨੀਤੀ ਤੋਂ ਅਨਜਾਣ ਹੋਣਾ ਵੀ ਬਲਦੇਵ ਸਿੰਘ ਨੇ ਆਪਣੇ ਨਾਵਲ ਵਿਚ ਪੇਸ਼ ਕੀਤਾ ਹੈ। ਪਹਿਲੀ ਗੱਲ ਇਹ ਕਿ ਦੁੱਲਾ ਲੜਾਈ ਛਿੜੀ ਤੋਂ ਸਹਾਇਤਾ ਲੈਣ ਲਈ ਆਪਣੇ ਨਾਨਕੀ ਜਾਂਦਾ ਹੈ। ਉਹਦੀ ਗੈਰ-ਹਾਜ਼ਰੀ ਉਹਦੇ ਪੱਖ ਨੂੰ ਕਮਜ਼ੋਰ ਕਰਨ ਦਾ ਕਾਰਨ ਬਣਦੀ ਹੈ। ਦੂਜਾ ਇਹ ਕਿ ਉਹ ਨਿਜ਼ਾਮੁਦੀਨ ਦੇ ਧੋਖੇ ਵਿਚ ਆ ਜਾਂਦਾ ਹੈ।

ਇਹ ਸਭ ਕੁਝ ਹੁੰਦਿਆਂ ਵੀ ਬਲਦੇਵ ਸਿੰਘ ਨੇ ਲੋਕਨਾਇਕ ਦੁੱਲੇ ਭੱਟੀ 'ਤੇ ਪਹਿਲੀ ਲਿਖਤ, ਚਾਹੇ ਉਹ ਨਾਵਲ ਹੀ ਹੈ, ਬਹੁਤ ਮਿਹਨਤ ਨਾਲ ਲਿਖੀ ਹੈ। ਉਹ ਪਿੰਡ ਭੱਟੀਆਂ ਆਪ ਗਿਆ ਹੈ। ਉੱਥੇ ਜਿਹੜੀ ਵੀ ਸਮੱਗਰੀ ਦੁੱਲੇ ਦੇ ਜੀਵਨ ਬਾਰੇ ਉਸਨੂੰ ਪ੍ਰਾਪਤ ਹੋਈ ਉਹ ਇਕੱਠੀ ਕੀਤੀ ਹੈ। ਸਭ ਤੋਂ ਵੱਡੀ ਗੱਲ ਕਿ ਇਹਨੇ ਬੋਲੀ ਉਸ ਖੇਤਰ ਦੇ ਲੋਕਾਂ ਵਾਲੀ ਵਰਤਣ ਦਾ ਯਤਨ ਕੀਤਾ ਹੈ। ਲੋਕ ਨਾਇਕ ਕਿਸੇ ਸਾਂਚੇ ਵਿਚ ਢਲੇ ਵਿਅਕਤੀ ਨਹੀਂ ਹੁੰਦੇ, ਉਹ ਜੰਗਲੀ ਬੂਟਿਆਂ ਵਾਂਗ ਆਪੇ ਹੀ ਉੱਸਰੇ ਹੁੰਦੇ ਹਨ। ਉਹਨਾਂ ਵਿਚ ਮਨੁੱਖੀ ਸਿਫ਼ਤਾਂ ਤੇ ਮਨੁੱਖੀ ਘਾਟਾਂ ਦੋਨੋਂ ਹੀ ਹੁੰਦੀਆਂ ਹਨ। ਦੁੱਲੇ ਭੱਟੀ ਵਿਚ ਵੀ ਇਹੋ ਕੁਝ ਸੀ ਪਰੰਤੂ ਫਿਰ ਵੀ ਉਹ ਜਬਰ ਤੇ ਤਾਕਤ ਨਾਲ ਟੱਕਰ ਲੈਣ ਵਾਲਾ ਬਹਾਦਰ ਹੋ ਕੇ ਨਿਤਰਿਆ ਹੈ। ਉਹਨੇ ਕਿਸਾਨੀ ਨੂੰ ਦਾਬੇ ਵਿਰੁੱਧ ਚੇਤੰਨ ਕੀਤਾ ਹੈ ਤੇ ਆਜ਼ਾਦੀ ਪ੍ਰਾਪਤੀ ਲਈ ਸੰਘਰਸ਼ ਕਰਨ ਦਾ ਰਾਹ ਦੱਸਿਆ। ਅੱਜ ਦੇ ਸਮੇਂ ਵਿਚ ਦੁੱਲੇ ਭੱਟੀ ਦੇ ਸਮੇਂ ਨਾਲੋਂ ਹੋਰ ਵੀ ਵੱਧ ਅਜਿਹੇ ਲੋਕ ਨਾਇਕ ਦੀ ਜ਼ਰੂਰਤ ਹੈ ਜਿਹੜਾ ਲੋਕ ਹਿੱਤਾਂ ਲਈ ਲੜਕੇ ਕੁਰਬਾਨ ਹੋ ਜਾਵੇ। ਇਹ ਕੁਝ ਬਲਦੇਵ ਸਿੰਘ ਨੇ ਆਪਣੇ ਨਾਵਲ ਵਿਚ ਭਲੀਭਾਂਤ ਪੇਸ਼ ਕੀਤਾ ਹੈ। ਇਸ ਤਰ੍ਹਾਂ ਉਹ ਸਫਲ ਨਾਵਲਕਾਰ ਹੈ। •

- ਸੁਰਜੀਤ ਗਿੱਲ

## ਟੁਕੜੇ-ਟੁਕੜੇ ਸੂਰਜ (ਗ਼ਜ਼ਲ ਸੰਗ੍ਰਹਿ)

'ਟੁਕੜੇ ਟੁਕੜੇ ਸੂਰਜ' ਪੰਜਾਬੀ ਲੇਖਕ ਸ੍ਰੀ ਅਜਾਇਬ ਕਮਲ ਦਾ ਨਵਾਂ ਗ਼ਜ਼ਲ ਸੰਗ੍ਰਹਿ ਹੈ। ਉਹ ਇਕੋ ਸਮੇਂ ਕਵੀ, ਕਾਵਿ ਨਾਟਕਕਾਰ, ਕਾਵਿ ਆਲੋਚਕ, ਨਾਵਲਕਾਰ ਤੇ ਮਹਾਂਕਾਵਿ ਰਚੇਤਾ ਹੈ। ਉਹ ਪਿਛਲੀ ਅੱਧੀ ਸਦੀ ਤੋਂ ਪੰਜਾਬੀ ਗ਼ਜ਼ਲ ਸਿਰਜ ਰਿਹਾ ਹੈ। ਭਾਵੇਂ ਉਸ ਦਾ ਸਥਾਨ ਪੰਜਾਬੀ ਦੇ ਹੋਰ ਕਈ ਸਾਹਿਤਕ ਖੇਤਰਾਂ ਵਿਚ ਸਥਾਪਿਤ ਹੈ ਪਰ ਪੰਜਾਬੀ ਗ਼ਜ਼ਲ ਦਾ ਇਤਿਹਾਸ ਉਸ ਦੇ ਨਾਮ ਬਿਨਾਂ ਅਧੂਰਾ ਲੱਗਦਾ ਜਾਪਦਾ ਹੈ। ਐਨੇ ਲੰਮੇ ਸਮੇਂ ਤੱਕ ਗ਼ਜ਼ਲਕਾਰੀ ਨਾਲ ਜੁੜਨਾ ਵੀ ਉਸ ਲਈ ਇੱਕ ਸਿਫਤ ਹੋ ਗਿਆ ਹੈ।

ਪਹਿਲਾਂ-ਪਹਿਲਾਂ ਇਹ ਗ਼ਜ਼ਲ ਦੇ ਰੂਪ ਦਾ ਵਿਰੋਧੀ ਸੀ ਪ੍ਰੰਤੂ ਵਿਡੰਵਨਾ ਇਹ ਸੀ ਕਿ ਇਹ ਗ਼ਜ਼ਲ ਲਿਖਦਾ ਵੀ ਧੜਾਧੜ ਸੀ। ਇਸੇ ਲਈ ਇਸੇ ਗ਼ਜ਼ਲ ਦਾ ਸਿਰਲੇਖ ਅਗ਼ਜ਼ਲ ਲਿਖਣਾ। ਇਸ ਦੇ ਧੁਰ ਮਨ ਮਸਤਕ ਵਿਚ ਗ਼ਜ਼ਲ ਦੇ ਬਹਿਰੀ ਤੇ ਛੰਦਕ ਤਕਨੀਕ ਦਾ

ਅਮੁਕ ਵਿਰੋਧ ਪਨਪਦਾ ਰਿਹਾ ਹੈ। ਜਿਹੜਾ ਇਸਨੂੰ ਇਸ ਦੀ ਗ਼ਜ਼ਲ ਦੇ ਛੰਦ ਪ੍ਰਬੰਧ ਤੋਂ ਉਦਾਸੀਨਤਾ ਅਖ਼ਤਿਆਰ ਕਰਵਾਉਂਦਾ ਰਿਹਾ ਹੈ। ਉਸਦੇ ਸ਼ਿਅਰਾਂ ਵਿਚਲਾ ਵਿਸ਼ਾ ਪੱਖ ਮੌਲਕ ਅਤੇ ਜ਼ਿੰਦਗੀ ਪ੍ਰਤੀ ਉਸਾਰੂ ਹੈ। ਉਸਦੇ ਸ਼ਿਅਰਾਂ ਵਿਚ ਉਸਦੀ ਸ਼ਖ਼ਸੀਅਤ ਦਾ ਜਲੌਅ ਹੈ। ਉਸਦਾ ਹਰ ਸ਼ਿਅਰ ਸਮਕਾਲਿਕ ਅਤੇ ਗਲੋਬਲੀ ਦ੍ਰਿਸ਼ਟੀ ਦਾ ਅਨੁਆਈ ਹੋਣਾ ਲੋਚਦਾ ਹੈ। ਉਸਦੀ ਵਿਚਾਰਧਾਰਾ ਦਾ ਸੰਘਣਪਨ ਉਸਦੀਆਂ ਗ਼ਜ਼ਲਾਂ ਵਿਚੋਂ ਬਾਖ਼ੂਬੀ ਬੋਲਦਾ ਹੈ।

ਅਜਾਇਬ ਕਮਲ 76 ਸਾਲ ਦੀ ਭਰ ਉਮਰ ਵਿਚ ਵੀ ਸੰਪੂਰਨ ਹੋਸ਼ਮੰਦੀ ਵਿਚ ਸ਼ਿਅਰ ਰਚਨਾ ਕਰ ਰਿਹਾ ਹੈ। ਉਸਦਾ ਜੀਵਨ ਖੇਤਰ ਵਿਸ਼ਾਲ ਅਤੇ ਸਾਹਿਤਕ ਕਦਰਾਂ ਕੀਮਤਾਂ ਵਾਲਾ ਹੈ। ਉਸਨੇ ਕੀਨੀਆ ਵਿਖੇ ਸਕੂਲ ਅਧਿਆਪਕੀ ਦੇ ਨਾਲ-ਨਾਲ ਸਾਹਿਤਕ ਤੇ ਸਮਾਜਿਕ ਸਰਗਰਮੀ ਵੀ ਜਾਰੀ ਰੱਖੀ ਪਰੰਤੂ ਪੰਜਾਬੀ ਦੀ ਗ਼ਜ਼ਲ ਨਾਲ ਵਿਸ਼ੇ ਪੱਖ ਤੋਂ ਬਰ ਵੀ ਮੇਚਦਾ ਰਿਹਾ। ਵਰਤਮਾਨ ਵਿਚ ਵੀ ਉਹ ਪੰਜਾਬ ਦੇ ਸਾਹਿਤਕ ਚਿਤਰਪਟ ਉੱਤੇ ਸਾਹਿਤਕ 'ਕੇਅਰ ਟੇਕਰ' ਵਾਂਗ ਵਿਚਰਦਾ ਹੈ। ਉਸ ਨੂੰ ਜਦੋਂ ਕੁਝ ਸੁਣਾਉਣ ਦਾ ਮਾਣ ਮਿਲੇ ਤਾਂ ਉਹ ਨਵੇਂ ਸ਼ਿਅਰ ਸੁਣਾ ਕੇ ਧੰਨ ਹੁੰਦਾ ਹੈ। ਐਸੇ ਵਿਅਕਤੀ ਵਿਸ਼ੇਸ਼ ਦੀ ਨਵੀਂ ਗ਼ਜ਼ਲ ਪੁਸਤਕ ਵਿਚ 'ਟੁਕੜੇ ਟੁਕੜੇ ਸੂਰਜ' ਵੱਲ ਵੀ ਵਿਸ਼ੇਸ਼ ਧਿਆਨ ਦੀ ਮੰਗ ਕਰਦਾ ਹੈ।

ਕਮਲ ਦੀਆਂ ਗ਼ਜ਼ਲਾਂ ਦੇ ਵਿਸ਼ਿਆਂ ਵਿਚ ਉਸਦੇ ਸਵੈ ਤੋਂ ਸਰਬ ਸੰਸਾਰ ਤੱਕ ਦਾ ਫੈਲਾਅ ਹੈ। ਉਸਨੇ ਕਦੇ ਵੀ ਹੁਣ ਜਾਂ ਵਰਤਮਾਨ ਨਾਲ ਸਮਝੌਤਾ ਨਹੀਂ ਕੀਤਾ। ਉਸਦੀ ਪ੍ਰੰਪਰਾਇਕ ਗ਼ਜ਼ਲਾਂ ਦਾ ਬੂਰ ਭਵਿੱਖ ਹੈ। ਉਸਦਾ ਹਰ ਸ਼ਿਅਰ ਪ੍ਰਕਾਸ਼ ਦਾ ਬੀਜ ਰੂਪ ਹੈ। 'ਟੁਕੜੇ ਟੁਕੜੇ ਸੂਰਜ' ਨਾਲ ਕਮਲ ਫਿਲਾਸਫੀ ਦਾ ਗ਼ਜ਼ਲਕਾਰ ਹੋ ਨਿਬੜਿਆ ਹੈ। ਮੇਰੇ ਖ਼ਿਆਲ ਵਿਚ ਉਹ ਇਸ ਗ਼ਜ਼ਲ ਸੰਗ੍ਰਹਿ ਨਾਲ ਖ਼ੁਦ-ਬ-ਖ਼ੁਦ ਹੀ ਗ਼ਜ਼ਲ ਦੇ ਕਟਹਿਰੇ ਵਿਚ ਖੜ੍ਹਾ ਹੋ ਕੇ ਸਜ਼ਾ ਕਬੂਲ ਕਰ ਚੁੱਕਾ ਹੈ। 'ਕੁਝ ਸਾਲਾਂ ਬਾਅਦ ਜਦੋਂ ਮੈਂ ਵੇਖਿਆ ਕਿ ਨਵੀਂ ਆਧੁਨਿਕ ਗ਼ਜ਼ਲ ਸਥਾਪਿਤ ਹੋ ਗਈ ਹੈ ਤਾਂ ਮੈਂ 'ਅਗ਼ਜ਼ਲ' ਸ਼ਬਦ ਤਿਆਗ ਕੇ ਮੁੜ 'ਗ਼ਜ਼ਲ' ਸ਼ਬਦ ਵਰਤਣਾ ਸ਼ੁਰੂ ਕਰ ਦਿੱਤਾ.....।'

ਦਰਅਸਲ 'ਕਮਲ' ਇਸ ਮੁਕਾਮ ਉੱਤੇ ਆ ਕੇ ਪੁਸਤਕ ਦੇ ਆਰੰਭ ਵਿਚ ਆਪਣੇ ਲਿਖੇ ਲੇਖ ਵਿਚ ਗ਼ਜ਼ਲ ਸੰਬੰਧੀ ਵਿਖਿਆਨ ਵੀ ਦੇਣ ਲੱਗ ਗਿਆ ਹੈ। ਹੁਣ ਉਸਨੂੰ ਪੰਜਾਬੀ ਗ਼ਜ਼ਲ 'ਚੋਂ 8-10 ਸਸ਼ਕਤ ਗ਼ਜ਼ਲਗੋ ਵੀ ਲੱਭ ਗਏ ਹਨ, ਜਿਸ ਨਾਲ ਪੰਜਾਬੀ ਗ਼ਜ਼ਲ ਤੇ ਕਵਿਤਾ ਦੀ ਪ੍ਰਤਿਸ਼ਠਾ ਤੇ ਮਾਣ ਵਧਿਆ ਹੈ। ਉਸ ਦੀਆਂ ਗ਼ਜ਼ਲਾਂ ਦੇ ਬਹਿਰ ਤੇ ਛੰਦ ਹੁਣ ਪਰਿਪੂਰਨ ਹਨ। ਉਸਦੇ ਕਾਫ਼ੀਏ ਅਤੇ ਰਦੀਫ ਸੁੰਦਰ ਤੇ ਸ਼ਗੁਫਤਾ ਹਨ। ਉਸ ਕੋਲ ਗ਼ਜ਼ਲ ਦਾ ਸੁਹਜ ਵੀ ਹੈ ਅਤੇ ਤਕਨੀਕ ਵੀ। ਸ਼ਾਇਰ ਦਾ ਹਥਲਾ ਗ਼ਜ਼ਲ ਸੰਗ੍ਰਹਿ ਪੰਜਾਬੀ ਦੇ ਚੁਨਿੰਦਾ ਗ਼ਜ਼ਲ ਸੰਗ੍ਰਹਿਆਂ ਵਿਚ ਸ਼ੁਮਾਰ ਹੋ ਜਾਵੇਗਾ। ਇਹ ਮੇਰੀ ਆਸਥਾ ਹੈ ਕਿਉਂਕਿ ਸ਼ਾਇਰ ਨੇ ਪੂਰਾ ਸੱਚ ਬੋਲਿਆ ਹੈ ਜੋ ਬਿਬੇਕ ਹੈ। ਉਸਦੇ ਸ਼ਿਅਰਾਂ ਵਿਚ ਕਟਾਖਸ਼ ਦਾ ਰੰਗ ਵੀ



ਹੈ ਅਤੇ ਨਿਹੋਰਿਆਂ ਦਾ ਵੀ। ਉਸਦੇ ਪਹਿਲੇ ਗ਼ਜ਼ਲ ਸੰਗ੍ਰਹਿ ਅਤੇ ਹਥਲੇ ਗ਼ਜ਼ਲ ਸੰਗ੍ਰਹਿ ਵਿਚ 28 ਸਾਲਾਂ ਦਾ ਅੰਤਰਾਲ ਹੈ। ਅਜਾਇਬ ਨੇ ਭਾਵੇਂ ਪੰਜਾਬੀ ਸਾਹਿਤ ਦੀਆਂ ਹੋਰ ਵਿਧਾਵਾਂ ਵਿਚ ਵੀ ਸਾਰਥਕ ਤੇ ਯਥਾਸ਼ਕਤ ਸਲਾਹੁਣਯੋਗ ਕਾਰਜ ਕੀਤਾ ਹੈ ਪਰੰਤੂ ਮੈਨੂੰ ਤਾਂ ਉਹ ਹਮੇਸ਼ਾ ਹੀ ਇੱਕ ਖ਼ੂਬਸੂਰਤ ਗ਼ਜ਼ਲਗੋ ਹੀ ਲੱਗਾ ਹੈ। .... ਅਤੇ ਮੈਨੂੰ ਉਸਦਾ ਦੋਹੀ ਰੰਗ ਪਸੰਦ ਆਇਆ ਹੈ। ਉਹ ਹਮੇਸ਼ਾ ਖੋਜ ਵਿਚ ਜੁਸਤਜੂ ਵਿਚ ਹੈ। ਸ਼ਾਲ੍ਹਾ! ਉਸਨੂੰ ਅਗਲੇ ਵਕਤੀ ਹੋਰ ਸੁੰਦਰ ਸ਼ਿਅਰ ਹੱਥ ਆਉਣ। ਉਸਦਾ ਇੱਕ ਸ਼ਿਅਰ ਦੇ ਕੇ 'ਟੁਕੜੇ ਟੁਕੜੇ ਸੂਰਜ' ਨੂੰ ਦਿਲੋਂ ਜੀ ਆਇਆ ਹੈ -

ਮੇਰੇ ਅਨੁਭਵ ਦੇ ਮੇਚੇ ਦੇ ਨਹੀਂ ਲੱਭਦੇ ਸ਼ਬਦ ਮੈਨੂੰ,
ਜੋ ਹਾਣੀ ਬਣ ਸਕਣ ਕਵਿਤਾ ਦੇ ਉਹ ਅਲਫਾਜ਼ ਲੱਭਦਾ ਹਾਂ।

**ਸੁਲੱਖਣ ਸਰਹੱਦੀ**

## ਧਰਤੀ ਅੰਬਰ ਤੇ ਖੁਸ਼ਬੂ

'ਧਰਤੀ ਅੰਬਰ ਤੇ ਖੁਸ਼ਬੂ' ਨੌਜਵਾਨ ਕਵੀ ਤੇ ਸ਼ਾਇਰ ਜਨਕ ਸਿੰਘ ਪ੍ਰੀਤ ਦਾ ਸੱਜਰਾ ਕਾਵਿ ਸੰਗ੍ਰਹਿ ਹੈ। ਇਸ ਸੰਗ੍ਰਹਿ ਵਿਚ ਕਵਿਤਾਵਾਂ, ਗ਼ਜ਼ਲਾਂ, ਚੌਬਰਗੇ ਅਤੇ ਕੁਝ ਵੱਖਰੇ ਸ਼ਿਅਰ ਹਨ।

ਪ੍ਰੀਤ ਬਾਬਹਿਰ ਸ਼ਾਇਰ ਹੈ, ਉਸਦੀਆਂ ਬਹੁਤੀਆਂ ਕਵਿਤਾਵਾਂ ਬਹਿਰ ਛੰਦ ਵਿਚ ਹਨ। ਇਹ ਕਵਿਤਾਵਾਂ ਸਹਿਜ ਨਾਲ ਗੰਭੀਰ ਵਿਸ਼ਿਆਂ ਨੂੰ ਕਾਵਿ ਜ਼ੁਬਾਨ ਦਿੰਦੀਆਂ ਹਨ। 'ਇਨਸਾਨ ਬੀਜਦਾ ਹਾਂ' ਕਵਿਤਾ ਉਸਨੇ ਸ਼ਾਨਦਾਰ ਛੰਦ ਵਿਚ ਸਿਰਜੀ ਹੈ। ਪ੍ਰੀਤ ਕਵਿਤਾਵਾਂ ਵਿਚ ਆਪਣੇ ਵਿਚਾਰਾਂ ਤੇ ਜਜ਼ਬਿਆਂ ਨੂੰ ਇਕ ਨਵੇਂ ਕਲਮਕਾਰ ਵਾਂਗ ਪੇਸ਼ ਕਰਦਾ ਹੈ। "ਅਸੀਂ ਭਖਦੇ ਕੋਲੇ', 'ਝੋਲੀ ਵਾਲਾ ਬੱਚਾ', 'ਰੁੱਖ ਬਣ ਜਾਵਾਂ', 'ਜੰਗ', 'ਸਾਗ ਤੋੜਨ ਵਾਲੀਆਂ', 'ਧੰਨ ਹੈ ਤੂੰ ਉਰਮਿਲਾ', ਤੇ ਕਈ ਹੋਰ ਕਵਿਤਾਵਾਂ ਗਹਿਰ ਗੰਭੀਰਤਾ ਦੀ ਦਿੱਖ ਪੇਸ਼ ਕਰਦੀਆਂ ਹਨ। ਉਹ ਇਕ ਸਫਲ ਕਵੀ ਹੈ।

ਹੱਥਲੀ ਪੁਸਤਕ ਦਾ ਦੂਜਾ ਭਾਗ ਗ਼ਜ਼ਲਾਂ ਦੇ ਲੇਖੇ ਹੈ। ਇਸ ਵਿਚ ਢਾਈ ਕੁ ਦਰਜਣ ਗ਼ਜ਼ਲਾਂ ਹਨ। ਪ੍ਰੀਤ ਨੇ ਹਰ ਗ਼ਜ਼ਲ ਦੇ ਸਿਰ ਉੱਤੇ ਗ਼ਜ਼ਲ ਦੇ ਬਹਿਰ ਦਾ ਨਾਮ ਅਤੇ ਵਜ਼ਨ ਵੀ ਲਿਖ ਦਿੱਤਾ ਹੈ। ਪਰ ਇਹ ਰਿਵਾਜ਼ ਹੁਣ ਰਿਹਾ ਨਹੀਂ। ਬਹਿਰ ਤਾਂ ਪਾਠਕ ਨੇ ਖ਼ੁਦ ਆਪਣੇ ਸੁਰ ਵਿਚ ਲਿਆਉਣਾ ਹੁੰਦਾ ਹੈ। ਫਿਰ ਵੀ ਇੰਝ ਕਰਕੇ ਪ੍ਰੀਤ ਇਹ ਗੱਲ ਦੱਸਣ ਵਿਚ ਸਫ਼ਲ ਹੈ ਕਿ ਉਹ ਬਹਿਰਾਂ ਬਾਰੇ ਕਾਫੀ ਜਾਣਦਾ ਹੈ। ਤੇ ਇਸ ਪੱਖੋਂ ਮੈਂ ਉਸਨੂੰ ਦਾਦ ਦਿੰਦਾ ਹਾਂ ਕਿਉਂਕਿ ਬਹੁਤ ਸਾਰੇ ਪੁਰਾਣੇ ਸ਼ਾਇਰ ਵੀ ਬਹਿਰ ਬਾਰੇ ਨੇ ਜਾਨਣਾ ਪਸੰਦ ਨਹੀਂ ਕਰਦੇ। ਜੇਕਰ ਸ਼ਾਇਰ ਨੂੰ ਆਪਣੇ ਬਹਿਰ ਬਾਰੇ ਪਤਾ ਹੋਵੇ ਤਾਂ ਉਹ ਆਪਣੇ ਸ਼ਿਅਰਾਂ ਦੇ ਵਲ-ਵਿੰਗ ਆਪੇ ਹੀ ਕੱਢ ਸਕਦਾ ਹੈ। ਪ੍ਰੀਤ ਮੁਤਦਾਰਿਕ ਜਿਹੇ ਲੰਬੇ ਤੇ ਔਖੇ ਬਹਿਰ ਵੀ ਸੌਖੀਆਂ ਤੇ ਸਹਿਜ ਨਾਲ ਨਿਭਾਅ ਜਾਂਦਾ ਹੈ। •

**-ਸੁਲੱਖਣ ਸਰਹੱਦੀ**

# ਪੁਸਤਕ ਪ੍ਰਾਪਤੀ

1. ਆਲ੍ਹਣੇ ਘਰ ਪਿੰਜਰੇ (ਨਜ਼ਮਾਂ-ਗ਼ਜ਼ਲਾਂ) ਡਾ. ਰਵਿੰਦਰ ਪੰਨੇ 96, ਮੁੱਲ 130/- ਚੰਡੀਗੜ੍ਹ
2. ਜੱਟਾ ਜਾਗ ਬਈ ਸੰਪਾਦਨ ਜਾਗੀਰ ਸਿੰਘ ਜਗਤਾਰ ਸਿੰਘ ਅਤੇ ਪ੍ਰੀਤਮ ਸਿੰਘ ਰਾਹੀਂ, ਪੰਨੇ 328, ਮੁੱਲ 150/- ਲਿਖਾਰੀ ਸਭਾ ਬਰਨਾਲਾ
3. ਮੇਲ-ਮੁਲਾਕਾਤਾਂ ਸ਼ੇਰ ਸਿੰਘ ਕੰਵਲ, ਪੰਨੇ 96, ਮੁੱਲ 150/-, ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ
5. ਅਜੋਕੀ ਰਾਜਨੀਤੀ ਦੀ ਦਿਸ਼ਾ (ਵਾਰਤਕ) ਕੇ. ਸੀ. ਸ਼ਰਮਾ, ਮੁੱਲ 175/-, ਪੰਨੇ 155
6. ਚੰਨ ਤੇ ਤਾਰਾ (ਸਫ਼ਰਨਾਮਾ ਪਾਕਿਸਤਾਨ) ਬਲਦੇਵ ਸਿੰਘ ਧਾਲੀਵਾਲ, ਮੁੱਲ 125/- ਪੰਨੇ 128
7. ਧੂਪ-ਛਾਓਂ (ਉਰਦੂ ਗ਼ਜ਼ਲਾਂ) ਮਨਮੋਹਨ ਆਲਮ, ਪੰਨੇ 144, ਮੁੱਲ 60/-
8. ਗੁਲਾਬੀ ਰੰਗ ਦੇ ਸੁਪਨੇ (ਗ਼ਜ਼ਲਾਂ) ਸੁਰਜੀਤ ਸਾਜਨ, ਮੁੱਲ 150/-
9. ਸੂਰਜ ਦਾ ਆਲ੍ਹਣਾ (ਗ਼ਜ਼ਲਾਂ) ਸੁਲੱਖਣ ਸਰਹੱਦੀ, ਮੁੱਲ 140/- ਪੰਨੇ 116, ਯੂਨੀਸਟਾਰ ਬੁਕਸ, ਚੰਡੀਗੜ੍ਹ
10. ਰੂਹ ਦਾ ਨਕਸ਼ (ਕਵਿਤਾਵਾਂ) ਹਰੀ ਸਿੰਘ ਮੋਹੀ, ਪੰਨੇ 160, ਮੁੱਲ 150/-
11. ਈਸ਼ਵਰ ਦਾ ਜਨਮ (ਕਹਾਣੀਆਂ) ਜਤਿੰਦਰ ਸਿੰਘ ਹਾਂਸ, ਮੁੱਲ 125/- ਪੰਨੇ 112, ਚੇਤਨਾ ਪ੍ਰਕਾਸ਼ਨ, ਲੁਧਿਆਣਾ
12. ਦੁਆਬੀਏ ਬੱਬਰ ਯੋਧੇ (ਨਾਟਕ) ਖੋਜੀ ਕਾਫ਼ਰ, ਪੰਨੇ 110, ਮੁੱਲ 100/-
13. ਕਿਵੇਂ ਭੁੱਲੀਏ 84 ਨੂੰ (ਲੇਖ ਸੰਗ੍ਰਹਿ) ਖੋਜੀ ਕਾਫ਼ਰ, ਪੰਨੇ 158, ਮੁੱਲ 150/-
14. ਪੱਤ ਕੁਮਲਾ ਗਏ (ਨਾਵਲ) ਅਵਤਾਰ ਸਿੰਘ ਬਿਲਿੰਗ ਪੰਨੇ 176, ਮੁੱਲ 180
15. ਬਾਲਮਨ ਦੀਆਂ ਕਸਕਾਂ (ਯਾਦਾਂ) ਦਲਜੀਤ ਕੌਰ ਦਾਊ ਪੰਨੇ 47, ਮੁੱਲ 60/-
16. ਲੇਖ (ਛਿਮਾਹੀ ਪੱਤ੍ਰਿਕਾ) ਵਾਰਸ ਸ਼ਾਹ ਵਿਸ਼ੇਸ਼ ਅੰਕ, ਸੰਪਾਦਕ ਨਾਸਰ ਰਾਣਾ, ਪੰਨੇ 392, ਮੁੱਲ 250/-
17. ਸ਼ੌਕ ਸਫ਼ਰ ਦਾ (ਗ਼ਜ਼ਲਾਂ) ਹਿਮਾਜੋ ਪ੍ਰਵੇਜ਼ ਸ਼ਾਹਿਦ, ਪੰਨੇ 128, ਮੁੱਲ 150/-
18. ਸੂਰਜ ਦੀ ਸੇਧ (ਗ਼ਜ਼ਲਾਂ/ਨਜ਼ਮਾਂ) ਨਾਦਰ ਜਾਜ਼ਵੀ ਲਹਿਰਾਂ ਅਦਬੀ ਬੋਰਡ ਲਾਹੌਰ
19. ਗੀਤਾਂ ਦੀ ਗੂੰਜ ਸੰਪਾਦਕ ਅਖ਼ਲਾਕ ਆਤਿਫ਼
20. ਮੌਜੂਦਾ ਵਿਕਾਸ ਬਨਾਮ ਮਿਹਨਤਕਸ਼ (ਲੇਖ ਸੰਗ੍ਰਹਿ) ਡਾ. ਅਜੀਤਪਾਲ ਸਿੰਘ ਐਮ. ਡੀ. ਪੰਨੇ 176, ਮੁੱਲ 100/- ਬਰਨਾਲਾ
21. ਵਪਾਰੀਕਰਨ ਦੇ ਦੁਰਪ੍ਰਭਾਵ (ਲੇਖ ਸੰਗ੍ਰਹਿ) ਡਾ. ਅਜੀਤ ਪਾਲ ਸਿੰਘ ਐਮ. ਡੀ. ਪੰਨੇ 176, ਮੁੱਲ 100/- ਬਰਨਾਲਾ
22. ਪਰਵੇਸ਼ (ਆਲੋਚਨਾ) ਡਾ. ਤੇਜਵੰਤ ਮਾਨ, ਪੰਨੇ 160, ਮੁੱਲ 250/- ਲਿਟਰੇਚਰ ਹਾਊਸ, ਅੰਮ੍ਰਿਤਸਰ
23. ਉਨੀਂਦਰੇ ਚਿਰਾਗ਼ (ਕਵਿਤਾ) ਕਮਲਪ੍ਰੀਤ ਸਿੱਧੂ, ਮੁੱਲ 150/-, ਪੰਨੇ 80 ਚੰਡੀਗੜ੍ਹ
24. ਬਾਲ ਚਗਰਾਵਾਂ, ਸੁਰਜੀਤ ਦੇਵਲ, ਸੰਗਮ ਪਬਲੀਕੇਸ਼ਨ, ਪਟਿਆਲਾ
26. ਪਾਕਿਸਤਾਨ ਦੀ ਯਾਤਰਾ, ਰਾਜਿੰਦਰ ਕੌਰ, ਚੋਹਕਾ, ਪੰਨੇ 46, ਮੁੱਲ 30 ਰੁਪਏ
27. ਦੂਜਾ ਪਾਸਾ (ਵਾਰਤਕ) ਡਾ. ਦਲਜੀਤ ਸਿੰਘ, ਪੰਨੇ 110, ਮੁੱਲ ਕੋਈ ਨਹੀਂ, ਦੂਜਾ ਪਾਸਾ ਪਬਲੀਕੇਸ਼ਨ, ਅੰਮ੍ਰਿਤਸਰ
28. ਮਾਰਫਤ ਲੋਟਾ ਸਿੰਘ (ਵਿਅੰਗ-ਸੰਗ੍ਰਹਿ) ਅਸ਼ੋਕ ਚਰਨ ਆਲਮ ਗੀਤ, ਮੁੱਲ 150/- ਪੰਨੇ 108
29. ਜ਼ਿੰਦਗੀ ਦੇ ਰੂਬਰੂ (ਕਵਿਤਾ) ਸੁਭਾਸ਼ ਦੀਵਾਨਾ, ਮੁੱਲ 40/- ਪੰਨੇ 80 311/13
30. ਟੁਕੜੇ ਟੁਕੜੇ ਸੂਰਜ (ਗ਼ਜ਼ਲਾਂ) ਅਜਾਇਬ ਕਮਲ, ਮੁੱਲ 150/- ਪੰਨੇ 103
31. ਪਾਣੀ ਅੰਦਰ ਲੀਕ (ਮਿਡਲ) ਡਾ. ਅਮਰਜੀਤ ਸਿੰਘ ਮੁੱਲ 250/- ਪੰਨੇ 176
32. ਆਪਣਾ ਮੂਲ ਪਛਾਣ (ਗ਼ਜ਼ਲਾਂ) ਕੁਲਵੰਤ ਜੀਰਾ, ਪੰਨੇ 80, ਮੁੱਲ 75/-
33. ਪੰਜਾਬੀ ਸਾਹਿਤ ਦੇ ਅਨਮੋਲ ਮੋਤੀ (ਕਾਵਿ ਚਿਤਰ) ਵੀਰਭਾਨ ਜੀਰਾ ਪੰਨੇ 72, ਮੁੱਲ 70/-
34. ਗੜ੍ਹੀ ਬਖਸ਼ ਸਿੰਘ (ਕਹਾਣੀਆਂ) ਲਾਲ ਸਿੰਘ, ਮੁੱਲ 150/-, ਪੰਨੇ 36
35. ਬਾਤਾਂ ਬੀਤੇ ਦੀਆਂ (ਆਪ ਬੀਤੀ) ਗਿਆਨੀ ਸੰਤੋਖ ਸਿੰਘ ਪੰਨੇ 439, ਮੁੱਲ 200/
36. ਤਾਲਾਬ, ਲੇਖਕ ਅਨੁਪਮ ਮਿਸ਼ਰ (ਪੰਜਾਬ) ਅਨੁਵਾਦ ਪੰਨੇ 116, ਮੁੱਲ 150
37. ਪੰਜਾਬ ਕਿਆਮ ਦੇ ਰਾਹ (ਲੇਖ) ਰਾਮ ਸਿੰਘ ਢੇਸੀ, ਪੰਨੇ 138, ਮੁੱਲ ਪੰਜ ਨਾਦ ਪ੍ਰਕਾਸ਼ਨ ਲਾਂਬੜਾ, ਜਲੰਧਰ
38. ਮਾਂ (ਕਵਿਤਾਵਾਂ) ਪਰਮਿੰਦਰ ਕੌਰ ਨਾਗੀ, ਮੁੱਲ 50/- ਲਾਂਬੜਾ ਜਲੰਧਰ
39. ਮਾਝੇ ਦੀ ਮੈਂ ਜੰਮੀ ਜਾਈ (ਲੋਕ ਗੀਤ) ਸਵਰਨ ਕੌਰ ਬੱਲ, ਮੁੱਲ 80/-, ਪੰਨੇ 168
40. ਸੰਤਾਲੀ ਦਾ ਸੰਤਾਪ (ਯਾਦਾਂ) ਰਾਮ ਸਿੰਘ ਢੇਸੀ ਮੁੱਲ 100/- ਪੰਨੇ 148
41. ਧੀਆਂ ਦਾਤ ਅਦੁੱਤੀ (ਨਾਰੀ ਕਵਿਤਾਵਾਂ) ਸੰਪਾਦਕ ਡਾ. ਚਰਨਜੀਤ ਸਿੰਘ, ਪੰਨੇ 220 ਲਾਂਬੜਾ ਜਲੰਧਰ
42. ਲੜੀ ਦਾ ਰਾਗ (ਖੋਜ) ਡਾ. ਹਰਨੇਕ ਸਿੰਘ ਹੇਅਰ, ਪੰਨੇ 190, ਮੁੱਲ 150/- ਲਾਂਬੜਾ, ਜਲੰਧਰ
43. ਪ੍ਰਦੂਸ਼ਣ ਦਾ ਕਹਿਰ (ਲੇਖ) ਰਾਮ ਸਿੰਘ ਢੇਸੀ, ਪੰਨੇ 177, ਲਾਂਬੜਾ ਜਲੰਧਰ
44. ਮੰਜਕੀ ਭੂਮੀ ਰੰਗਾਵਲੀ (ਖੋਜ) ਅਸ਼ੋਕ ਚਰਨ, ਆਲਮਗੀਰ ਮੁੱਲ 100/- ਪੰਨੇ 35, ਪੰਜਾਬੀ ਸੱਥ ਲਾਂਬੜਾ
45. ਮਾਝਾ ਦਰਸ਼ਨ (ਖੋਜ) ਰਘਬੀਰ ਸਿੰਘ ਤੀਰ, ਪੰਨੇ 380, ਮੁੱਲ 300/- ਲਾਂਬੜਾ
46. ਉਹ ਵੀ ਸੱਚ ਹੈ (ਗ਼ਜ਼ਲਾਂ) ਜਸਵਿੰਦਰ ਮਹਿਰਮ, ਪੰਨੇ 112, ਮੁੱਲ 150 ਲਾਂਬੜਾ
47. ਉੱਠ ਗਏ ਗੁਆਂਢੋ ਯਾਰ (ਵਾਰਤਕ) ਹਰਨੇਕ ਸਿੰਘ ਘੜੂੰਆ ਮੁੱਲ 300/- ਪੰਨੇ 270
48. ਆਪਣੇ ਬੇਗਾਨੇ (ਨਾਵਲ) ਧਰਮ ਸਿੰਘ ਕੰਮੇਆਣਾ ਮੁੱਲ 15/- ਪੰਨੇ 108
49. ਪਿਰਿਆ (ਲੰਮੀ ਕਵਿਤਾ) ਸੂਫੀ ਅਮਰਜੀਤ ਪੰਨੇ 88, ਮੁੱਲ 125/-
50. ਤੂੰਮਿਆਂ ਵਾਲੀ ਜਵੈਣ (ਕਵਿਤਾਵਾਂ) ਹਰਜੀਤ ਦੌਧਰੀਆ ਮੁੱਲ 125/- ਪੰਨੇ 88
51. ਰੋਹੀ ਦਾ ਜੰਡ (ਕਹਾਣੀਆਂ) ਮਿੱਠਾ ਸਿੰਘ ਸੇਖੋਂ, ਮੁੱਲ 150/- ਪੰਨੇ 112
52. ਪਿੰਡ ਬ੍ਰਹਿਮੰਡ (ਕਵਿਤਾਵਾਂ) ਹਰਚਰਨ ਸਿੰਘ ਗਿੱਲ
53. ਤਾਂਡਵ ਨਾਚ (ਨਾਵਲ) ਸਤਿਨਾਮ ਸਿੰਘ ਸੰਦੇਸ਼ੀ
54. ਧਾਣਦੀ ਧੁੰਦ (ਕਹਾਣੀਆਂ) ਜ਼ੋਰਾ ਸਿੰਘ ਸੰਧੂ ਚੇਤਨਾ ਪ੍ਰਕਾਸ਼ਨ, ਲੁਧਿਆਣਾ



*ਪੰਜਾਬ ਦੇ ਪੇਂਡੂ ਸੱਭਿਆਚਾਰ ਦੀ ਬਦਲਦੀ ਨੁਹਾਰ ਨੂੰ ਪੂਰੇ ਵਿਸਥਾਰ ਨਾਲ ਕਲਮਬੰਦ ਕਰਨ ਦਾ ਨਿੱਗਰ ਉਪਰਾਲਾ*

**ਉਸਤਾਦ ਗ਼ਜ਼ਲ-ਗੋ-**
**ਸ੍ਰੀ ਸੁਲੱਖਣ ਸਰਹੱਦੀ**

ਦੀ ਵਾਰਤਕ ਦਾ ਸ਼ਾਹਕਾਰ

**ਪਿੰਡਾਂ ਦਾ ਬਦਲ ਰਿਹਾ ਸੱਭਿਆਚਾਰਕ ਮੁਹਾਂਦਰਾ**

ਮੁੱਲ- 95/-    ਪੰਨੇ- 337

ਨੈਸ਼ਨਲ ਬੁੱਕ ਟਰੱਸਟ ਇੰਡੀਆ

Chirag Quarterly July-Sept. 2010
Registered with the Registrar of News-Papers of India No. PUN-PUN 0 2276/AL/TC94

ਹਾਸ਼ਮ ਫਤਿਹ ਨਸੀਬ ਉਨ੍ਹਾਂ ਨੂੰ ਜਿਨਾਂ ਹਿਮਤ ਯਾਰ ਬਣਾਈ।

ਇੱਕ ਨਾਂ ਜਿਸ ਤੇ ਤੁਸੀਂ ਭਰੋਸਾ ਕਰ ਸਕਦੇ ਹੋ ®

# ਅਮਰ ਪ੍ਰੀਤ

ਅਤੇ

# AMAR PREET

*Growth is Life*

## ਸੰਗਰਾਮ (ਗੋਲੀ ਅਤੇ ਮੈਸ਼)

## ਸੰਤੁਲਿਤ ਪਸ਼ੂ ਖੁਰਾਕ

**ਡੀਲਰਸ਼ਿਪ ਲਈ ਸੰਪਰਕ ਕਰੋ-**

**ਪ੍ਰੀਤ ਫੀਡ ਸੇਲਜ਼ ਤਰਨ ਤਾਰਨ**

ਫੋਨ :-

**01852-222927 (M) 98760-72265**

**Fax:- 01852-225327**